ਸ਼ਨੀਵਾਰ, 30 ਅਗਸਤ, 2025
15 ਭਾਦੋਂ { ਨਾਨਕਸ਼ਾਹੀ 557
ਬਿਕਰਮੀ 2082 }
ਜਿਲਦ/VOL. : 74
ਅੰਕ/NO. : 89

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 30 AUGUST, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਭਕਨਾ ਤੋਂ ਖਟਕੜ ਕਲਾਂ ਦਾ ਸਫ਼ਰ ਇਨਕਲਾਬੀ ਜਾਹੋ-ਜਲਾਲ ਨਾਲ ਤੈਅ

## ਸ਼ਹੀਦੇ ਆਜ਼ਮ ਨੂੰ ਸਿਜਦਾ; ਹੁਣ ਮੁਹਾਲੀ ਰੈਲੀ ਦੀ ਸਫਲਤਾ ਲਈ ਪੂਰਾ ਤਾਣ ਲਾ ਦਿਓ : ਬੰਤ ਬਰਾੜ • ਕਾਰਪੋਰੇਟਾਂ ਖਿਲਾਫ ਤਿੱਖੀ ਲੜਾਈ ਦੀ ਲੋੜ : ਮਾੜੀਮੇਘਾ, ਆਸਲ • ਮੁਹਾਲੀ ਰੈਲੀ 'ਚ ਮਹਿਲਾਵਾਂ ਵੱਡੀ ਗਿਣਤੀ 'ਚ ਪੁੱਜਣਗੀਆਂ : ਦੇਵੀ ਕੁਮਾਰੀ

### ਨਵਾਂਸ਼ਹਿਰ ਦੇ ਸ਼ਹੀਦਾਂ ਦੇ ਪਿੰਡਾਂ 'ਚ ਚੇਤਨਾ ਮਾਰਚ ਜਥੇ ਦਾ ਸ਼ਾਨਦਾਰ ਸਵਾਗਤ



ਖਟਕੜ ਕਲਾਂ 'ਚ ਪਹੁੰਚੇ ਜਥੇ ਦਾ ਸਵਾਗਤ।



ਬੀਕਾ 'ਚ ਪਹੁੰਚੇ ਜਥੇ ਮਾਰਚ ਦੇ ਆਗੂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।

**ਖਟਕੜ ਕਲਾਂ (ਗਿਆਨ ਸੈਦਪੁਰੀ, ਅਵਤਾਰ ਕਲੇਰ)**

ਸੀ ਪੀ ਆਈ ਦੀ ਕੌਮੀ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਦੇ ਪ੍ਰਚਾਰ ਅਤੇ ਪਸਾਰ ਵਾਸਤੇ 21 ਅਗਸਤ ਤੋਂ ਚੱਲਿਆ ਜਥਾ, ਜਿਸ ਨੂੰ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਹਰਭਜਨ ਸਿੰਘ ਨੇ ਸੋਹਣ ਸਿੰਘ ਭਕਨਾ ਦੇ ਅਸਥਾਨ ਤੋਂ ਆਸ਼ੀਰਵਾਦ ਦੇ ਕੇ ਤੋਰਿਆ ਸੀ, ਤਰਨ ਤਾਰਨ, ਅੰਮ੍ਰਿਤਸਰ ਸ਼ਹਿਰੀ ਤੇ ਦਿਹਾਤੀ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ ਤੋਂ ਹੁੰਦਾ ਹੋਇਆ ਸ਼ੁੱਕਰਵਾਰ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਖਟਕੜ ਕਲਾਂ ਪੁੱਜਾ। ਇੱਥੇ ਸ਼ਹੀਦ ਦੀ ਧਰਤੀ 'ਤੇ ਨਤਮਸਤਕ ਹੋ ਕੇ ਜਥੇ ਦੇ ਆਗੂਆਂ ਨੇ ਮੁਹਾਲੀ ਰੈਲੀ ਦੀ ਕਾਮਯਾਬੀ ਦਾ ਪ੍ਰਣ ਲਿਆ।

ਇਸ ਤੋਂ ਪਹਿਲਾਂ ਜਥੇ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਮੇਹਲੀ ਵਿਖੇ ਅੱਤਵਾਦ ਦੌਰਾਨ ਸ਼ਹੀਦ ਹੋਏ ਕਾਮਰੇਡ ਮਲਕੀਤ ਚੰਦ ਮੇਹਲੀ ਦੀ ਯਾਦਗਾਰ 'ਤੇ ਸ਼ਹੀਦ ਦੇ ਰਹਿੰਦੇ ਕਾਜ਼ ਨੂੰ ਪੂਰਾ ਕਰਨ ਦਾ ਪ੍ਰਣ ਲਿਆ। ਸੀ ਪੀ ਆਈ ਨਵਾਂ ਸ਼ਹਿਰ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ, ਪਰਮਿੰਦਰ ਮੇਨਕਾ ਅਤੇ ਜਸਵਿੰਦਰ ਸਿੰਘ ਭੰਗਲ ਦੀ ਅਗਵਾਈ ਹੇਠ ਜਥਾ ਅੱਗੇ ਤੁਰਿਆ ਤੇ ਪਿੰਡ ਬੁਰਜ ਅਤੇ ਬੀਕੇ ਪਹੁੰਚਿਆ। ਜਥੇ ਵਿੱਚ ਗੁਰਬਖਸ਼ ਕੌਰ ਰਾਹੋਂ, ਅਮਰਜੀਤ ਮੇਹਲੀ, ਹੁਸਨ ਲਾਲ ਬਰਾਂਚ ਸਕੱਤਰ, ਸ਼ੀਲਾ ਰਾਣੀ ਮੇਹਲੀ, ਗੁਰਪਾਲ ਸਿੰਘ, ਜੀਤ ਰਾਮ, ਰਮੇਸ਼ ਲਾਲ, ਗੁਰਮੀਤ ਰਾਮ, ਸੁਰਿੰਦਰ ਪਾਲ ਸਰਪੰਚ ਮੇਹਲੀ ਸਨ।ਮੇਹਲੀ ਤੋਂ ਬਾਅਦ ਜਥਾ ਪਿੰਡ ਬੁਰਜ ਕੰਧਾਰੀ ਪਹੁੰਚਿਆ ਇਸ ਪ੍ਰੋਗਰਾਮ ਨੂੰ ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਅਤੇ ਰੁਪਿੰਦਰ ਕੌਰ ਮਾੜੀਮੇਘਾ ਨੇ ਸੰਬੋਧਨ ਕੀਤਾ ਅਤੇ ਪਿੰਡ ਵਾਸੀਆਂ ਨੂੰ ਕੌਮੀ ਕਾਂਗਰਸ ਨੂੰ ਹਰ ਪੱਖ ਤੋਂ ਕਾਮਯਾਬ ਕਰਨ ਦੀ ਅਪੀਲ ਕੀਤੀ। ਜਥੇ ਦੇ ਆਗੂਆਂ ਨੇ ਪਿੰਡ ਬੀਕਾ ਪਹੁੰਚ ਕੇ ਕਾਮਰੇਡ ਲਹਿੰਬਰ ਸਿੰਘ ਬੀਕਾ ਪੁੱਤਰ ਦੇਵਾ ਨੰਦ ਬੀਕਾ ਅਤੇ ਸ਼ਹੀਦ ਹਰਬੰਸ ਸਿੰਘ ਬੀਕਾ ਦੀ ਯਾਦ ਵਿੱਚ ਸਮਾਗਮ ਕੀਤਾ। ਜਥੇ 'ਚ ਸ਼ਾਮਲ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਮਰਜੀਤ ਸਿੰਘ ਆਸਲ ਅਤੇ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਵਿੱਛੜ ਚੁੱਕੇ ਆਗੂਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਜਥੇ ਦੇ ਮਕਸਦ ਬਾਰੇ ਦੱਸਿਆ।

ਸਮਾਗਮ ਦੇ ਅਜੀਤ ਸਿੰਘ ਬੀਕਾ ਸਰਪੰਚ, ਕੁਲਦੀਪ ਸਿੰਘ ਦੀਪਾ, ਦੇਸ ਰਾਜ, ਪਰਮਜੀਤ ਸਿੰਘ ਮੁੱਖ ਪ੍ਰਬੰਧਕ ਸਨ। ਆਏ ਹੋਏ ਸਾਥੀਆਂ ਦਾ ਕਾਮਰੇਡ ਹਰਪਾਲ ਸਿੰਘ ਜਗਤਪੁਰ ਨੇ ਧੰਨਵਾਦ ਕੀਤਾ।ਇਸ ਤੋਂ ਅੱਗੇ ਜਥਾ ਖਟਕੜ ਕਲਾਂ ਪਹੁੰਚਿਆ ਅਤੇ ਇੱਥੇ ਹੋਏ ਸਮਾਗਮ ਵਿੱਚ ਬੋਲਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਕੌਮੀ ਕਾਂਗਰਸ ਦੀ ਕਾਮਯਾਬੀ ਲਈ ਪੰਜਾਬ ਵਿੱਚ ਤਿੰਨ ਜਥੇ ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਯਾਦਗਾਰ ਭਕਨਾ, ਸ਼ਹੀਦਾਂ ਦੀ ਧਰਤੀ ਹੁਸੈਨੀਵਾਲਾ ਅਤੇ ਸ਼ਹੀਦ ਊਧਮ ਸਿੰਘ ਦੇ ਜਨਮ ਸਥਾਨ ਸੁਨਾਮ ਤੋਂ ਚੱਲੇ ਸਨ। ਭਕਨੇ ਵਾਲਾ ਜਥਾ ਆਪਣਾ ਪੰਧ ਪੂਰਾ ਕਰਕੇ ਖਟਕੜ ਕਲਾਂ ਪਹੁੰਚਿਆ ਹੈ।ਜਥੇ ਦੀ ਸਮਾਪਤੀ ਤੋਂ ਬਾਅਦ ਸਾਡੀ ਆਗੂ ਟੀਮ ਦਾ ਫਰਜ਼ ਹੈ ਕਿ ਉਹ ਦਿਨ-ਰਾਤ ਚੰਡੀਗੜ੍ਹ ਕਾਂਗਰਸ ਅਤੇ 21 ਸਤੰਬਰ ਮੁਹਾਲੀ ਰੈਲੀ ਦੀਆਂ ਤਿਆਰੀਆਂ ਵਿੱਚ ਜੁਟ ਜਾਏ। ਉਨ੍ਹਾ ਕਿਹਾ ਕਿ ਇਹ ਕਾਂਗਰਸ ਉਸ ਸਮੇਂ ਹੋ ਰਹੀ ਹੈ, ਜਦੋਂ ਬੀ ਜੇ ਪੀ ਦੀ ਕੇਂਦਰੀ ਹਕੂਮਤ ਨੇ ਫਾਸ਼ੀਵਾਦ ਦਾ ਰਾਹ ਫੜਿਆ ਹੋਇਆ ਹੈ।ਸਰਕਾਰ ਖ਼ਿਲਾਫ਼ ਬੋਲਣ ਵਾਲਿਆਂ ਦੀ ਆਵਾਜ਼ ਨੂੰ ਦੱਬਿਆ ਜਾ ਰਿਹਾ ਹੈ।ਆਗੂ, ਲੇਖਕ ਅਤੇ ਚੈਨਲਾਂ 'ਤੇ ਬੀ ਜੇ ਪੀ ਖਿਲਾਫ ਬੋਲਣ ਵਾਲੇ ਜੇਲ੍ਹਾਂ ਅੰਦਰ ਡੱਕੇ ਹੋਏ ਹਨ।ਕੇਂਦਰ ਸਰਕਾਰ ਵੱਲੋਂ ਹਿੰਦੁਸਤਾਨ ਦੇ ਜਲ, ਜੰਗਲ ਅਤੇ ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਧੜਾਧੜ ਵੇਚੇ ਜਾ ਰਹੇ ਹਨ। ਆਦਿਵਾਸੀਆਂ ਦੇ 250 ਤੋਂ ਉੱਪਰ ਪਿੰਡ ਢਾਹ ਕੇ ਥੇਹ ਬਣਾ ਦਿੱਤੇ ਗਏ ਹਨ। ਉਨ੍ਹਾਂ ਨੂੰ ਆਰਜ਼ੀ ਕੈਂਪਾਂ ਵਿੱਚ ਫੋਰਸ ਨੇ ਘੇਰ ਕੇ ਰੱਖਿਆ ਹੋਇਆ ਹੈ। ਅਜਿਹੇ ਮੌਕੇ ਸੀ ਪੀ ਆਈ ਦੀ ਕੌਮੀ ਕਾਂਗਰਸ ਤੋਂ ਕਮਿਊਨਿਸਟ ਧਿਰਾਂ ਅਤੇ ਅਗਾਂਹਵਧੂ ਤਾਕਤਾਂ ਨੂੰ ਬਹੁਤ ਆਸਾਂ ਹਨ। ਬਰਾੜ ਨੇ ਮੰਗ ਕੀਤੀ ਕਿ ਹੜ੍ਹਾਂ ਨਾਲ ਫਸਲਾਂ ਦੇ ਹੋਏ ਨੁਕਸਾਨ ਦਾ ਪ੍ਰਤੀ ਏਕੜ ਇੱਕ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਖੇਤ ਮਜ਼ਦੂਰਾਂ ਨੂੰ ਵੀ ਘੱਟੋ-ਘੱਟ ਘਰ ਪ੍ਰਤੀ 30 ਹਜ਼ਾਰ ਰੁਪਏ ਦਿੱਤਾ ਜਾਵੇ।ਢੱਠੇ ਘਰਾਂ ਦਾ ਵੱਖਰਾ ਮੁਆਵਜ਼ਾ ਹੋਵੇ।

ਪਿਰਥੀਪਾਲ ਸਿੰਘ ਮਾੜੀਮੇਘਾ ਤੇ ਅਮਰਜੀਤ ਸਿੰਘ ਆਸਲ ਨੇ ਕਿਹਾ ਕਿ ਲੜਾਈ ਤਾਂ ਸਾਡੀ ਇਹ ਬਣਦੀ ਹੈ ਕਿ ਅਸੀਂ ਰੁਜ਼ਗਾਰ ਪ੍ਰਾਪਤੀ ਲਈ ਲੋਕਾਂ ਤੇ ਖਾਸ ਕਰਕੇ ਜੁਆਨੀ ਨੂੰ ਲਾਮਬੰਦ ਕਰੀਏ।ਕਿਸਾਨਾਂ ਦੀਆਂ ਫਸਲਾਂ ਦੀ ਵਿਕਰੀ ਲਈ ਐੱਮ ਐੱਸ ਪੀ ਲਈ ਅਤੇ ਕਾਰਪੋਰੇਟਾਂ ਦੀ ਜ਼ਮੀਨ ਹੜੱਪਣ ਵਾਲੀ • ਬਾਕੀ ਸਫਾ 2 'ਤੇ



ਕਾਮਰੇਡ ਮੇਹਲੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਾਮਰੇਡ ਮਾੜੀਮੇਘਾ, ਦੇਵੀ ਕੁਮਾਰੀ ਤੇ ਹੋਰ।



ਬੁਰਜ ਕੰਧਾਰੀ ਵਿਖੇ ਸੰਬੋਧਨ ਕਰਦੇ ਹੋਏ ਰੁਪਿੰਦਰ ਕੌਰ ਮਾੜੀਮੇਘਾ।



ਬੀਕਾ ਵਿਖੇ ਸੰਬੋਧਨ ਕਰਦੇ ਹੋਏ ਕਾਮਰੇਡ ਅਮਰਜੀਤ ਆਸਲ।

## ਕਾਮਰੇਡ ਅਰਸ਼ੀ ਦੀ ਪ੍ਰੇਰਨਾ ਨਾਲ ਕਾਮਰੇਡ ਰਣਧੀਰ ਸਿੰਘ ਮੱਤੀ ਦੇ ਸਪੁੱਤਰਾਂ ਵੱਲੋਂ ਇੱਕ ਲੱਖ ਰੁਪਏ ਦਾ ਯੋਗਦਾਨ

**ਮਾਨਸਾ (ਆਤਮਾ ਸਿੰਘ ਪਮਾਰ)**

ਸੁਰਗਵਾਸੀ ਵੈਟਰਨ ਕਮਿਊਨਿਸਟ ਆਗੂ ਕਾਮਰੇਡ ਰਣਧੀਰ ਸਿੰਘ ਚਾਹਲ ਪਿੰਡ ਮੱਤੀ ਜ਼ਿਲ੍ਹਾ ਮਾਨਸਾ ਦੇ ਹੋਣਹਾਰ ਸਪੁੱਤਰਾਂ ਰਿਟਾਇਰਡ ਆਈ.ਜੀ. ਅਮਰ ਸਿੰਘ ਚਾਹਲ ਤੇ ਗੁਰਸੇਵਕ ਸਿੰਘ ਚਾਹਲ ਵੱਲੋਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੀ ਪ੍ਰੇਰਨਾ ਸਦਕਾ ਪਾਰਟੀ ਕਾਂਗਰਸ ਲਈ ਇੱਕ ਲੱਖ ਰੁਪਏ ਦਾ ਯੋਗਦਾਨ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕਾਮਰੇਡ ਅਰਸ਼ੀ ਦੇ ਉਚੇਚੇ ਯਤਨਾਂ ਸਦਕਾ ਪਾਰਟੀ ਕਾਂਗਰਸ ਚੰਡੀਗੜ੍ਹ ਲਈ ਵੱਡਾ ਯੋਗਦਾਨ ਮਿਲ ਰਿਹਾ ਹੈ।ਕੁੱਝ ਸਾਲ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਨਸਾ ਵੱਲੋਂ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਕੇ ਤੱਤਕਾਲੀਨ ਸੂਬਾ ਸਕੱਤਰ ਦੀ ਹਾਜ਼ਰੀ ਵਿੱਚ ਬਜ਼ੁਰਗ ਕਮਿਊਨਿਸਟ ਸਾਥੀ ਰਣਧੀਰ ਸਿੰਘ ਦਾ ਉਚੇਚਾ ਸਨਮਾਨ ਵੀ ਕੀਤਾ ਗਿਆ ਸੀ।ਅਮਰ ਸਿੰਘ ਚਾਹਲ ਨੇ ਸਾਰੀ ਪੁਲਸ ਸਰਵਿਸ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਨਿਭਾਈ ਹੈ। ਉਹ ਜਿੱਥੇ ਵੀ ਜਿਸ ਅਹੁਦੇ 'ਤੇ ਰਹੇ, ਲੋਕਾਂ ਵੱਲੋਂ ਢੇਰ ਸਾਰਾ ਸਤਿਕਾਰ ਤੇ ਪਿਆਰ ਪ੍ਰਾਪਤ ਕੀਤਾ ਤੇ ਚੰਗਾ ਨਾਮਣਾ ਖੱਟਿਆ ਹੈ।ਕਾਮਰੇਡ ਅਰਸ਼ੀ ਨੇ ਪਰਵਾਰ ਵੱਲੋਂ ਕਾਮਰੇਡ ਰਣਧੀਰ ਸਿੰਘ ਮੱਤੀ ਦੀ ਵਿਰਾਸਤ 'ਤੇ ਪਹਿਰਾ ਦੇਣ ਤੇ ਇਸ ਨੂੰ ਹੋਰ ਅੱਗੇ ਤੋਰਨ ਲਈ ਅਮਰ ਸਿੰਘ ਚਾਹਲ ਤੇ ਗੁਰਸੇਵਕ ਸਿੰਘ ਚਾਹਲ ਦਾ ਤਹਿ ਦਿਲੋਂ ਧੰਨਵਾਦ ਤੇ ਭਰਪੂਰ ਸ਼ਲਾਘਾ ਕੀਤੀ ਹੈ।

ਜ਼ਿਲ੍ਹਾ ਪਾਰਟੀ ਦੇ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਸਾਥੀ ਅਰਸ਼ੀ ਦੇ ਪਾਰਟੀ ਕਾਂਗਰਸ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਾਮਰੇਡ ਅਰਸ਼ੀ ਨੇ 14 ਲੱਖ ਰੁਪਏ ਤੋਂ ਵੱਧ ਦਾ ਪਾਰਟੀ ਕਾਂਗਰਸ ਚੰਡੀਗੜ੍ਹ ਲਈ ਵੱਡਾ ਯੋਗਦਾਨ ਪਾਇਆ ਹੈ, ਜੋ ਕਿ ਅਜੇ ਵੀ ਜਾਰੀ ਹੈ।ਸਾਨੂੰ ਸਾਰਿਆਂ ਨੂੰ ਉਹਨਾਂ ਤੋਂ ਪ੍ਰੇਰਿਤ ਹੋ ਕੇ ਵੱਡਾ ਹੰਭਲਾ ਮਾਰਨ ਦੀ ਲੋੜ ਹੈ।



ਰਣਧੀਰ ਸਿੰਘ ਮੱਤੀ ਅਮਰ ਸਿੰਘ ਚਾਹਲ

## ਬਿਹਾਰ 'ਚ 947 ਵੋਟਰਾਂ ਦਾ ਪਤਾ ਇੱਕ !

**ਪਟਨਾ :** ਰਾਹੁਲ ਗਾਂਧੀ ਨੇ ਚੋਣ ਕਮਿਸ਼ਨ 'ਤੇ ਇੱਕ ਹੋਰ ਹਮਲਾ ਕਰਦਿਆਂ ਦਾਅਵਾ ਕੀਤਾ ਹੈ ਕਿ ਬਿਹਾਰ ਦੇ ਗਯਾ ਜ਼ਿਲ੍ਹੇ ਵਿੱਚ ਚੋਣ ਸੂਚੀ ਦੇ ਡਰਾਫਟ ਵਿੱਚ ਪੂਰੇ ਪਿੰਡ ਨੂੰ ਇੱਕ ਹੀ ਘਰ ਵਿੱਚ ਰਹਿੰਦੇ ਦਿਖਾਇਆ ਗਿਆ ਹੈ। ਉਨ੍ਹਾ ਸੋਸ਼ਲ ਮੀਡੀਆ 'ਤੇ ਪਾਈ ਪੋਸਟ 'ਚ ਕਿਹਾ ਹੈ, 'ਈ ਸੀ ਦਾ ਜਾਦੂ ਦੇਖੋ। ਇੱਕ ਪੂਰਾ ਪਿੰਡ ਇੱਕ ਘਰ ਵਿੱਚ ਵੱਸ ਗਿਆ ਹੈ।' ਉਨ੍ਹਾ ਕਿਹਾ ਹੈ ਕਿ ਗਯਾ ਜ਼ਿਲ੍ਹੇ ਦੇ ਬਾਰਾਚੱਟੀ ਵਿਧਾਨ ਸਭਾ ਹਲਕੇ ਦੇ ਨਿਦਾਨੀ ਪਿੰਡ ਵਿੱਚ ਇੱਕ ਬੂਥ ਦੇ ਸਾਰੇ 947 ਵੋਟਰਾਂ ਨੂੰ ਘਰ ਨੰਬਰ ਛੇ ਦੇ ਵਸਨੀਕ ਦਿਖਾਇਆ ਗਿਆ ਹੈ। ਇਹ ਸਿਰਫ ਇੱਕ ਪਿੰਡ ਬਾਰੇ ਹੈ। ਰਾਜ ਅਤੇ ਰਾਸ਼ਟਰੀ ਪੱਧਰ 'ਤੇ ਬੇਨਿਯਮੀਆਂ ਦੇ ਪੈਮਾਨੇ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਬਿਹਾਰ ਦੇ ਮੁੱਖ ਚੋਣ ਅਧਿਕਾਰੀ ਦੇ ਦਫਤਰ ਨੇ ਸਪੱਸ਼ਟੀਕਰਨ ਜਾਰੀ ਕੀਤਾ ਹੈ ਕਿ ਪਿੰਡਾਂ ਜਾਂ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਜਿੱਥੇ ਘਰਾਂ ਦੇ ਕੋਈ ਅਸਲ ਸੀਰੀਅਲ ਨੰਬਰ ਨਹੀਂ ਹਨ, ਉੱਥੇ ਇੱਕ ਅੰਦਾਜ਼ਨ ਘਰ ਨੰਬਰ ਦਿੱਤਾ ਜਾਂਦਾ ਹੈ। ਇਹ ਵੋਟਰਾਂ ਨੂੰ ਸੂਚੀਬੱਧ ਕਰਨ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਕੀਤਾ ਜਾਂਦਾ ਹੈ। ਡੀ ਸੀ ਦੇ ਐਕਸ ਹੈਂਡਲ 'ਤੇ ਵੀਡੀਓ ਕਲਿੱਪ ਵੀ ਸਾਂਝੇ ਕੀਤੇ ਗਏ ਹਨ, ਜਿਸ ਵਿੱਚ ਪਿੰਡ ਦੇ ਵਸਨੀਕ ਕਥਿਤ ਤੌਰ 'ਤੇ ਇਹ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਹ ਵੋਟਰ ਸੂਚੀ ਦੀ ਵਿਸ਼ੇਸ਼ ਸੋਧ ਤੋਂ ਸੰਤੁਸ਼ਟ ਹਨ, ਪਰ ਖੇਤਰ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਤੋਂ ਨਾਰਾਜ਼ ਹਨ।

## ਭਗਵਾਂਧਾਰੀਆਂ ਦੇ ਸਈਦਾ ਹਮੀਦ 'ਤੇ ਹਮਲੇ ਦੀ ਕਰੜੀ ਨਿੰਦਾ



**ਜਲੰਧਰ :** ਪੰਜਾਬ ਇਸਤਰੀ ਸਭਾ ਦੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ, ਪ੍ਰਧਾਨ ਰਜਿੰਦਰ ਪਾਲ ਕੌਰ, ਸੂਬਾ ਸਰਪ੍ਰਸਤ ਨਰਿੰਦਰ ਪਾਲ ਅਤੇ ਚੇਅਰਪਰਸਨ ਕੁਸ਼ਲ ਭੌਰਾ ਨੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੀ ਕੌਮੀ ਪ੍ਰਧਾਨ ਡਾ. ਸਈਦਾ ਹਮੀਦ 'ਤੇ ਭਗਵਾਂਧਾਰੀਆਂ ਵੱਲੋਂ ਕੀਤੇ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। 26 ਅਗਸਤ ਨੂੰ ਦਿੱਲੀ ਵਿੱਚ ਪਟੇਲ ਹਾਊਸ ਦੇ ਕਾਂਸਟੀਚਿਊਸ਼ਨ ਕਲੱਬ ਵਿੱਚ ਬੁੱਧੀਜੀਵੀਆਂ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਕੀਤੀ ਜਾ ਰਹੀ ਸੀ, ਜਿਸ ਵਿੱਚ ਬਹੁਤ ਵੱਡੀਆਂ ਸ਼ਖਸੀਅਤਾਂ ਸ਼ਾਮਲ ਸਨ, ਜੋ ਕਿ ਅਸਾਮ ਵਿੱਚ ਆਦਿਵਾਸੀਆਂ ਨੂੰ ਜੰਗਲਾਂ ਵਿੱਚੋਂ ਕੱਢ ਕੇ ਡਿਟੈਂਸ਼ਨ ਕੈਂਪਾਂ ਵਿੱਚ ਭੇਜਣ ਦੇ ਵਿਰੋਧ ਵਿੱਚ ਸੀ ।ਅਸਾਮ ਦੇ ਹਜ਼ਾਰਾਂ ਏਕੜ ਜੰਗਲ ਜਿਸ ਵਿੱਚ ਹਜ਼ਾਰਾਂ ਹੀ ਜੰਗਲੀ ਲੋਕ ਰਹਿੰਦੇ ਸਨ ਅਤੇ ਜੰਗਲੀ • ਬਾਕੀ ਸਫਾ 2 'ਤੇ

## ਸਬਜ਼ੀ ਉਤਪਾਦਕਾਂ ਵੱਲੋਂ 30 ਹਜ਼ਾਰ ਦੀ ਥੈਲੀ ਭੇਟ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਵੱਲੋਂ ਪਾਰਟੀ ਦੀ 25ਵੀਂ ਨੈਸ਼ਨਲ ਕਾਂਗਰਸ ਲਈ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਦੇ ਪਿੰਡ ਮੀਰਾਂਚੱਕ ਦੇ ਯੂਨਿਟ ਨੇ ਸਰਪੰਚ ਨਿਰਮਲ ਸਿੰਘ ਅਤੇ ਬਲਦੇਵ ਸਿੰਘ ਦੀ ਅਗਵਾਈ ਹੇਠ ਪਾਰਟੀ ਦੇ ਜ਼ਿਲ੍ਹਾ ਸਕੱਤਰ ਲੱਖਬੀਰ ਸਿੰਘ ਨਿਜਾਮਪੁਰ ਨੂੰ ਪਿੰਡ ਵਿੱਚੋਂ ਇਕੱਤਰ ਕੀਤੀ 30,000 ਰੁਪਏ ਦੀ ਥੈਲੀ ਭੇਟ ਕੀਤੀ। ਇਸ ਸਮੇਂ ਇਕੱਤਰ ਪਿੰਡ ਵਾਸੀਆਂ ਨੂੰ ਪਾਰਟੀ ਆਗੂਆਂ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਇਸ ਕਿਰਤ ਕਮਾਈ ਨੂੰ ਮਿਹਨਤਕਸ਼ ਜਨਤਾ ਦੀ ਅਵਾਜ਼ ਨੂੰ ਮਜ਼ਬੂਤ ਕਰਨ ਅਤੇ ਦੇਸ਼ ਅੰਦਰ ਸਹੀ ਰਾਜ ਪ੍ਰਬੰਧ ਸਥਾਪਤ ਕਰਨ ਦੇ ਕਾਜ਼ ਨੂੰ ਅੱਗੇ ਵਧਾਉਣ ਲਈ ਵਰਤਿਆ ਜਾਵੇਗਾ। ਇਸ ਸਮੇਂ ਜ਼ਿਲ੍ਹਾ ਸਹਾਇਕ ਸਕੱਤਰ ਮੰਗਲ ਸਿੰਘ ਖਜਾਲਾ, ਕਰਨੈਲ ਸਿੰਘ ਨਵਾਂ ਪਿੰਡ, ਸਤਨਾਮ ਸਿੰਘ, ਭੁਪਿੰਦਰ ਸਿੰਘ ਅਤੇ ਲੱਖਬੀਰ ਸਿੰਘ ਮੀਰਾਂਚੱਕ ਵੀ ਮੌਜੂਦ ਸਨ।



## ਸੂਰਤ ਸਿੰਘ ਧਰਮਕੋਟ ਨੇ 51 ਹਜ਼ਾਰ ਦੀ ਰਾਸ਼ੀ ਬੰਤ ਬਰਾੜ ਨੂੰ ਸੌਂਪੀ



**ਜਲੰਧਰ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ ਸੰਮੇਲਨ ਲਈ ਕੁਲ ਹਿੰਦ ਕਿਸਾਨ ਸਭਾ ਪੰਜਾਬ ਦੇ ਸਨੀਅਰ ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ ਸ਼ੁਰੂ ਕੀਤੇ ਹੋਏ ਆਰਥਿਕ ਸਹਿਯੋਗ ਨੂੰ ਅੱਗੇ ਤੋਰਦਿਆਂ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੂੰ 51 ਹਜ਼ਾਰ ਰੁਪਏ ਸੌਂਪੇ। ਇਹ ਸਹਿਯੋਗ ਰਾਸ਼ੀ ਉਨ੍ਹਾ ਖਟਕੜ ਕਲਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦਗਾਰ ਵਿਖੇ ਸਿਜਦਾ ਕਰਨ ਉਪਰੰਤ ਸੂਬਾ ਸਕੱਤਰ ਦੇ ਹਵਾਲੇ ਕੀਤੀ। ਉਨ੍ਹਾ ਨੇ ਅੱਗੋਂ ਹੋਰ ਸਹਿਯੋਗ ਦੇਣ ਦਾ ਵੀ ਵਾਅਦਾ ਕੀਤਾ। ਕਾਮਰੇਡ ਬੰਤ ਬਰਾੜ ਨੇ ਸੂਰਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਸਾਥੀਆਂ ਦੀ ਪਾਰਟੀ ਪ੍ਰਤੀ ਵਚਨਬੱਧਤਾ ਸੁਖਦ ਅਹਿਸਾਸ ਕਰਵਾਉਂਦੀ ਹੈ। ਇਸ ਮੌਕੇ ਪਿਰਥੀਪਾਲ ਮਾੜੀਮੇਘਾ, ਦੇਵੀ ਕੁਮਾਰੀ ਸਰਹਾਲੀ ਕਲਾਂ, ਅਮਰਜੀਤ ਸਿੰਘ ਆਸਲ ਤੇ ਹੋਰ ਆਗੂ ਮੌਜੂਦ ਸਨ।

## ਰਾਹਤ ਤੇ ਬਚਾਅ ਕਾਰਜਾਂ ਦੀ ਨਿਗਰਾਨੀ ਲਈ ਉੱਚ-ਤਾਕਤੀ ਕਮੇਟੀ ਦਾ ਗਠਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਤਿੰਨ ਸੀਨੀਅਰ ਅਧਿਕਾਰੀਆਂ 'ਤੇ ਅਧਾਰਿਤ ਇਕ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਹੈ ਜੋ ਸੂਬੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਚੱਲ ਰਹੇ ਰਾਹਤ ਤੇ ਬਚਾਅ ਕਾਰਜਾਂ ਦੀ ਰੋਜ਼ਾਨਾ ਅਧਾਰ 'ਤੇ ਨਿਗਰਾਨੀ ਕਰੇਗੀ।ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਉਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਾਲ ਵਿਭਾਗ, ਜਲ ਸਰੋਤ ਅਤੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਸੀਨੀਅਰ ਅਧਿਕਾਰੀਆਂ 'ਤੇ ਅਧਾਰਿਤ ਕਮੇਟੀ ਅੰਮ੍ਰਿਤਸਰ ਅਤੇ ਹੋਰ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਪੱਕੇ ਤੌਰ 'ਤੇ ਤਾਇਨਾਤ ਰਹੇਗੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਅਤੇ ਹੋਰ ਅਫਸਰਾਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਇਸ ਉਚ-ਤਾਕਤੀ ਕਮੇਟੀ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਤਾਂ ਕਿ ਹੜ੍ਹ ਪੀੜਤਾਂ ਨੂੰ ਅਤਿ ਲੋੜੀਂਦੀ ਰਾਹਤ ਦਿੱਤੀ ਜਾ ਸਕੇ। ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਪੂਰਨ ਤੌਰ 'ਤੇ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਨੂੰ ਹੜ੍ਹਾਂ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਦਾ ਦੌਰਾ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਸਹਾਇਤਾ ਲਈ ਸਰਕਾਰੀ ਮਸ਼ੀਨਰੀ ਨੂੰ ਪੂਰੀ ਤਰ੍ਹਾਂ ਝੋਕ ਦਿੱਤਾ ਜਾਵੇ। ਮਾਨ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦਰਿਆਵਾਂ ਦੇ ਨਾਲ ਲੱਗਦੇ ਪਾੜਾਂ ਨੂੰ ਪੂਰਨ ਦੇ ਨਾਲ-ਨਾਲ ਮੈਡੀਕਲ ਟੀਮਾਂ ਨੂੰ ਬਿਮਾਰੀਆਂ ਤੋਂ ਬਚਾਅ ਲਈ ਹਰੇਕ ਪਿੰਡ ਵਿੱਚ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਰਾਹਤ • ਬਾਕੀ ਸਫਾ 2 'ਤੇ

## ਅੱਜ-ਨਾਮਾ

ਭਾਗਵਤ ਬੋਲਿਆ ਮੁਖੀ ਆ ਸੰਘੀਆਂ ਦਾ,
ਸੇਵਾ ਮੁਕਤੀ ਦੀ ਗੱਲ ਗਿਆ ਛੋੜ ਭਾਈ।
ਕਹਿੰਦਾ ਕਦੀ ਵੀ ਇਹ ਨਹੀਂ ਗੱਲ ਆਖੀ,
ਕਹਿ ਕੇ ਗੱਲ ਸੀ ਮੂੰਹ ਗਿਆ ਮੋੜ ਭਾਈ।
ਤਰੀਕਾ ਕਹਿਣ ਦਾ ਝਲਕਦਾ ਸਾਫ ਦਿੱਸੇ,
ਜਿਵੇਂ ਹੈ ਕਹੀਦਾ, ਕਿਸੇ ਲਈ ਜੋੜ ਭਾਈ।
ਛੱਡਣਾ ਅਹੁਦਾ ਨਾ ਕੋਈ ਹੈ ਭਾਗਵਤ ਨੇ,
ਨਾ ਕੋਈ ਮੋਦੀ ਨੂੰ ਛੱਡਣ ਦੀ ਲੋੜ ਭਾਈ।
ਕਹੀ ਜ਼ਬਾਨ ਤੋਂ ਜਾਂਦੇ ਆ ਪਲਟ ਜਿਹੜੇ,
ਇਨ੍ਹਾਂ ਦੇ ਹੱਥ ਦੇ ਵਿੱਚ ਇਹ ਦੇਸ਼ ਭਾਈ।
ਜਿਵੇਂ ਦੀ ਮਰਜ਼ੀ ਚਲਾਉਂਦੇ ਨੇ ਪੌਂ ਬਾਰਾਂ,
ਕਦੀ ਨਹੀਂ ਕਿਸੇ ਦੀ ਚੱਲਦੀ ਪੇਸ਼ ਭਾਈ।

-ਤੀਸ ਮਾਰ ਖਾਂ

# ਟਰੰਪ ਦਾ ਸਲਾਹਕਾਰ ਮੋਦੀ ਦੇ ਮਗਰ ਪਿਆ



**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਪਾਰ ਸਲਾਹਕਾਰ ਪੀਟਰ ਨਵਾਰੋ, ਜਿਸਨੇ ਬੁੱਧਵਾਰ ਰੂਸ-ਯੂਕਰੇਨ ਟਕਰਾਅ ਨੂੰ 'ਮੋਦੀ ਦੀ ਜੰਗ' ਕਰਾਰ ਦਿੱਤਾ ਸੀ, ਨੇ ਵੀਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਗਵੀਂ ਪੋਸ਼ਾਕ ਵਾਲੀ ਫੋਟੋ ਨਾਲ ਇੱਕ ਲੰਬੀ ਪੋਸਟ ਪਾ ਕੇ ਕਿਹਾ ਕਿ ਯੂਕਰੇਨ ਵਿੱਚ ਅਮਨ ਦਾ ਰਾਹ ਦਿੱਲੀ ਵਿੱਚੋਂ ਹੋ ਕੇ ਲੰਘਦਾ ਹੈ।

ਨਵਾਰੋ ਨੇ ਕਿਹਾ ਹੈ ਕਿ ਭਾਰਤੀ ਵਸਤਾਂ 'ਤੇ ਟਰੰਪ ਦੇ 50 ਫੀਸਦੀ ਟੈਰਿਫ ਲਾਗੂ ਹੋ ਗਏ ਹਨ। ਇਹ ਟੈਰਿਫ ਸਿਰਫ ਭਾਰਤ ਦੇ ਨਾਵਾਜਬ ਵਪਾਰ 'ਤੇ ਨਹੀਂ ਲਾਏ ਗਏ, ਸਗੋਂ ਭਾਰਤ ਵੱਲੋਂ ਪੂਤਿਨ ਦੀ ਜੰਗੀ ਮਸ਼ੀਨ ਨੂੰ ਦਿੱਤੀ ਜਾ ਰਹੀ ਮਾਲੀ ਮਦਦ ਨੂੰ ਬੰਦ ਕਰਾਉਣ ਲਈ ਲਾਏ ਗਏ ਹਨ। ਅਮਰੀਕੀ ਖਪਤਕਾਰ ਭਾਰਤੀ ਵਸਤਾਂ ਖਰੀਦਦੇ ਹਨ ਜਦਕਿ ਭਾਰਤ ਉੱਚੇ ਟੈਰਿਫ ਲਾ ਕੇ ਅਮਰੀਕੀ ਮਾਲ ਨੂੰ ਆਪਣੇ ਦੇਸ਼ ਵਿੱਚ ਵੜਨ ਨਹੀਂ ਦਿੰਦਾ। ਅਮਰੀਕਾ ਤੋਂ ਕਮਾਏ ਡਾਲਰਾਂ ਨਾਲ ਭਾਰਤ ਰੂਸ ਤੋਂ ਡਿਸਕਾਊਂਟ 'ਤੇ ਕੱਚਾ ਤੇਲ ਖਰੀਦਦਾ ਹੈ। ਭਾਰਤੀ ਰਿਫਾਇਨਰੀਆਂ ਰੂਸ ਦੇ ਲੁਕਵੇਂ ਭਾਈਵਾਲਾਂ ਨਾਲ ਮਿਲ ਕੇ ਕੱਚੇ ਤੇਲ ਨੂੰ ਸਾਫ ਕਰਕੇ ਕੌਮਾਂਤਰੀ ਮੰਡੀ ਵਿੱਚ ਵੇਚ ਕੇ ਮੋਟਾ ਮੁਨਾਫਾ ਕਮਾਉਂਦੀਆਂ ਹਨ। ਰੂਸ ਕੱਚਾ ਤੇਲ ਵੇਚ ਕੇ ਕਮਾਏ ਡਾਲਰਾਂ ਨਾਲ ਫੌਜੀ ਤਾਕਤ ਮਜ਼ਬੂਤ ਕਰਕੇ ਯੂਕਰੇਨ ਵਿਰੁੱਧ ਜੰਗ ਲੜਦਾ ਹੈ। ਰੂਸ ਦੇ ਯੂਕਰੇਨ 'ਤੇ ਹਮਲਾ ਕਰਨ ਤੋਂ ਪਹਿਲਾਂ ਭਾਰਤ ਰੂਸ ਤੋਂ ਇੱਕ ਫੀਸਦੀ ਤੋਂ ਵੀ ਘੱਟ ਤੇਲ ਦਰਾਮਦ ਕਰਦਾ ਸੀ। ਅੱਜ 30 ਫੀਸਦੀ (15 ਲੱਖ ਬੈਰਲ ਪ੍ਰਤੀ ਦਿਨ ਤੋਂ ਵੱਧ) ਖਰੀਦਦਾ ਹੈ। ਦਰਾਮਦ ਵਿੱਚ ਏਨਾ ਵਾਧਾ ਘਰੇਲੂ ਮੰਗ ਕਰਕੇ ਨਹੀਂ ਹੋਇਆ ਹੈ। ਭਾਰਤੀ ਕੰਪਨੀਆਂ ਜਿਸ ਪੈਸੇ ਨਾਲ ਰੂਸ ਤੋਂ ਤੇਲ ਖਰੀਦ ਰਹੀਆਂ ਹਨ ਉਸ ਨਾਲ ਯੂਕਰੇਨੀਆਂ ਦਾ ਖੂਨ ਡੁੱਲ੍ਹ ਰਿਹਾ ਹੈ ਤੇ ਉੱਥੇ ਤਬਾਹੀ ਹੋ ਰਹੀ ਹੈ। ਭਾਰਤ ਦੀ ਵੱਡੀ ਤੇਲ ਲਾਬੀ ਨੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਨੂੰ ਰੂਸ ਲਈ ਮਨੀ ਲਾਂਡਰਿੰਗ ਦਾ ਜ਼ਰੀਆ ਬਣਾ ਦਿੱਤਾ ਹੈ। ਭਾਰਤੀ ਰਿਫਾਇਨਰੀਆਂ ਰੂਸ ਤੋਂ ਸਸਤਾ ਕੱਚਾ ਤੇਲ ਖਰੀਦ ਕੇ, ਉਸਨੂੰ ਸਾਫ ਕਰਕੇ ਯੂਰਪ, ਅਫਰੀਕਾ ਤੇ ਏਸ਼ੀਆ ਵਿੱਚ ਵੇਚਦੀਆਂ ਹਨ ਅਤੇ ਕੁਝ ਲੋਕ ਰੂਸ-ਯੂਕਰੇਨ ਜੰਗ ਵਿੱਚ ਨਿਰਪੱਖ ਹੋਣ ਦਾ ਖੇਖਣ ਕਰਦੇ ਹਨ। ਭਾਰਤ ਰੋਜ਼ਾਨਾ 10 ਲੱਖ ਬੈਰਲ ਪ੍ਰਤੀ ਦਿਨ ਸੋਧਿਆ ਤੇਲ ਬਰਾਮਦ ਕਰਦਾ ਹੈ, ਜਿਸ ਵਿੱਚ ਅੱਧਾ ਕੱਚਾ ਤੇਲ ਰੂਸ ਤੋਂ ਖਰੀਦਦਾ ਹੈ। ਮੁਨਾਫਾ ਭਾਰਤ ਦੇ ਸਿਆਸਤਦਾਨਾਂ ਨਾਲ ਜੁੜੇ ਤੇਲ ਕਾਰਖਾਨਿਆਂ ਦੇ ਮਾਲਕ ਕਮਾਉਂਦੇ ਹਨ ਅਤੇ ਪੂਤਿਨ ਨੂੰ ਫਾਇਦਾ ਪਹੁੰਚਾਉਂਦੇ ਹਨ। ਯੂਕਰੇਨ ਨੂੰ ਬਚਾਉਣ ਲਈ ਅਮਰੀਕਾ ਦਾ ਖਰਚਾ ਹੋ ਰਿਹਾ ਹੈ ਜਦਕਿ ਭਾਰਤ ਰੂਸ ਦੀ ਮਦਦ ਕਰ ਰਿਹਾ ਹੈ। ਅਮਰੀਕਾ ਭਾਰਤ ਨਾਲ ਵਪਾਰ ਵਿੱਚ 50 ਅਰਬ ਡਾਲਰ ਘਾਟੇ ਵਿੱਚ ਚੱਲ ਰਿਹਾ ਹੈ ਅਤੇ ਭਾਰਤ ਅਮਰੀਕਾ ਤੋਂ ਕਮਾਏ ਡਾਲਰਾਂ ਨਾਲ ਰੂਸੀ ਤੇਲ ਖਰੀਦ ਰਿਹਾ ਹੈ। ਇੱਕ ਤਰ੍ਹਾਂ ਨਾਲ ਰੂਸ ਤੇ ਭਾਰਤ ਯੂਕਰੇਨੀਆਂ ਨੂੰ ਮਾਰ ਰਹੇ ਹਨ। ਇੱਥੇ ਹੀ ਵੱਸ ਨਹੀਂ, ਭਾਰਤ ਰੂਸ ਤੋਂ ਹਥਿਆਰ ਖਰੀਦ ਰਿਹਾ ਹੈ ਤੇ ਅਮਰੀਕਾ ਤੋਂ ਲੈਣ ਵੇਲੇ ਕਹਿੰਦਾ ਹੈ ਕਿ ਅਮਰੀਕੀ ਫਰਮਾਂ ਉਸਨੂੰ ਨਾਜ਼ੁਕ ਫੌਜੀ ਤਕਨੀਕ ਦੇਣ ਅਤੇ ਭਾਰਤ ਵਿੱਚ ਪਲਾਂਟ ਲਾਉਣ। ਬਾਇਡਨ ਪ੍ਰਸ਼ਾਸਨ ਨੇ ਇਸ ਪਾਗਲਪਨ ਨੂੰ ਵੱਖਰੇ ਢੰਗ ਨਾਲ ਦੇਖਿਆ ਪਰ ਰਾਸ਼ਟਰਪਤੀ ਟਰੰਪ ਸਿੱਧੇ ਟੱਕਰ ਰਹੇ ਹਨ। ਜੇ ਭਾਰਤ ਅਮਰੀਕਾ ਨੂੰ ਰਣਨੀਤਕ ਭਾਈਵਾਲ ਵਜੋਂ ਦੇਖਣਾ ਚਾਹੁੰਦਾ ਹੈ ਤਾਂ ਉਸਨੂੰ ਸੋਚ ਬਦਲਣੀ ਪਵੇਗੀ। ਯੂਕਰੇਨ ਵਿੱਚ ਅਮਨ ਦਾ ਰਾਹ ਦਿੱਲੀ ਥਾਣੀਂ ਜਾਂਦਾ ਹੈ।

## ਰਾਮ ਸੇਤੂ ਦਾ ਰੇੜਕਾ ਜਾਰੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸਾਬਕਾ ਰਾਜ ਸਭਾ ਮੈਂਬਰ ਸੁਬਰਾਮਣੀਅਮ ਸਵਾਮੀ ਦੀ ਪਟੀਸ਼ਨ 'ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਇਸ ਪਟੀਸ਼ਨ ਵਿੱਚ ਸਰਕਾਰ ਨੂੰ 'ਰਾਮ ਸੇਤੂ' ਨੂੰ ਕੌਮੀ ਸਮਾਰਕ ਐਲਾਨਣ ਲਈ ਜਲਦੀ ਫੈਸਲਾ ਲੈਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। 'ਰਾਮ ਸੇਤੂ', ਜਿਸ ਨੂੰ ਐਡਮਜ਼ ਬ੍ਰਿਜ ਵੀ ਕਿਹਾ ਜਾਂਦਾ ਹੈ, ਤਾਮਿਲਨਾਡੂ ਦੇ ਦੱਖਣ-ਪੂਰਬੀ ਤੱਟ ਤੋਂ ਪੰਬਨ ਟਾਪੂ ਅਤੇ ਸ੍ਰੀਲੰਕਾ ਦੇ ਉੱਤਰ-ਪੱਛਮੀ ਤੱਟ ਤੋਂ ਮੰਨਾਰ ਟਾਪੂ ਦੇ ਵਿਚਕਾਰ ਚੂਨਾ ਪੱਥਰ ਦੇ ਢੇਰਾਂ ਦੀ ਇੱਕ ਲੜੀ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਸ਼ੁੱਕਰਵਾਰ ਸਵਾਮੀ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦਿੱਤੀ ਅਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਚਾਰ ਹਫਤਿਆਂ ਬਾਅਦ ਤੈਅ ਕੀਤੀ ਹੈ।

19 ਜਨਵਰੀ 2023 ਨੂੰ ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਉਹ 'ਰਾਮ ਸੇਤੂ' ਨੂੰ ਕੌਮੀ ਵਿਰਾਸਤੀ ਸਮਾਰਕ ਐਲਾਨਣ ਨਾਲ ਸੰਬੰਧਤ ਮੁੱਦੇ 'ਤੇ ਵਿਚਾਰ ਕਰ ਰਿਹਾ ਹੈ।ਸਵਾਮੀ ਨੇ ਤਾਜ਼ਾ ਪਟੀਸ਼ਨ ਵਿੱਚ ਕਿਹਾ ਹੈ ਕਿ ਅੱਜ ਤੱਕ ਨਾ ਤਾਂ ਉਨ੍ਹਾ ਨੂੰ ਅਤੇ ਨਾ ਹੀ ਸੁਪਰੀਮ ਕੋਰਟ ਨੂੰ ਕੋਈ ਲਿਆ ਗਿਆ ਫੈਸਲਾ ਦੱਸਿਆ ਗਿਆ ਹੈ। ਕੇਂਦਰ ਦਾ ਫਰਜ਼ ਬਣਦਾ ਹੈ ਕਿ ਉਹ 'ਰਾਮ ਸੇਤੂ' ਨੂੰ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ, ਪ੍ਰਦੂਸ਼ਣ ਜਾਂ ਅਪਵਿੱਤਰਤਾ ਤੋਂ ਬਚਾਏ।

## ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਨੇ ਵੁਸ਼ੂ 'ਚ ਮਾਰੀ ਬਾਜ਼ੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਵੁਸ਼ੂ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨੇ ਦੇ ਤਮਗੇ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਜ਼ਿਲ੍ਹਾ ਪੱਧਰੀ ਵੁਸ਼ੂ ਟੂਰਨਾਮੈਂਟ, ਜੋ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਟੀਪਰਪਜ਼ ਪਟਿਆਲਾ ਵਿਖੇ ਕੀਤਾ ਗਿਆ, ਵਿੱਚ ਮਾਤਾ ਗੁਜਰੀ ਸਕੂਲ ਦੇ ਗੁਰਪ੍ਰੀਤ ਸਿੰਘ (ਜਮਾਤ 12ਵੀਂ), ਪ੍ਰਭਜੋਤ ਸਿੰਘ (ਜਮਾਤ 12ਵੀਂ), ਖੁਸ਼ਪ੍ਰੀਤ ਸਿੰਘ (ਜਮਾਤ 12ਵੀਂ) ਤੇ ਹਰਕੀਰਤ ਸਿੰਘ (ਜਮਾਤ 10ਵੀਂ) ਨੇ ਭਾਗ ਲਿਆ ਅਤੇ ਸਭ ਨੇ ਗੋਲਡ ਮੈਡਲ ਜਿੱਤੇ।ਇਸ ਉਪਲਬਧੀ 'ਤੇ ਸਕੂਲ ਪਰਵਾਰ ਵੱਲੋਂ ਵਿਦਿਆਰਥੀਆਂ ਨੂੰ ਤਹਿ ਦਿਲੋਂ ਵਧਾਈਆਂ ਦਿੱਤੀਆਂ ਗਈਆਂ।ਸਕੂਲ ਦੀ ਪ੍ਰਧਾਨ ਮੈਡਮ ਰਵਿੰਦਰ ਕੌਰ, ਨਿਰਦੇਸ਼ਕ ਭੁਪਿੰਦਰ ਸਿੰਘ, ਪ੍ਰਿੰਸੀਪਲ ਸ਼੍ਰੀਮਤੀ ਮਮਤਾ ਮੱਕੜ, ਅਕਾਦਮਿਕ ਡਾਇਰੈਕਟਰ ਤੇਜਿੰਦਰ ਵਾਲੀਆ ਤੇ ਕੋਚ ਹਰਦੀਪ ਕੁਮਾਰ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭ-ਕਾਮਨਾਵਾਂ ਪ੍ਰਗਟਾਈਆਂ।

## ਭਾਰਤੀਆ ਵਾਲਮੀਕਿ ਸਭਾ ਦੇ ਵੀਰ ਪ੍ਰਕਾਸ਼ ਪ੍ਰਧਾਨ ਤੇ ਮਹੇਸ਼ ਸੈਕਟਰੀ ਬਣੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਵਿੱਚ ਬੀਤੇ ਦਿਨ ਹਰਗੋਬਿੰਦ ਕਲੌਨੀ ਵਾਲਮੀਕਿ ਮੰਦਰ ਵਿਖੇ ਵਾਲਮੀਕਿ ਭਾਈਚਾਰੇ ਦੀ ਮੀਟਿੰਗ ਹੋਈ, ਜਿਸ ਵਿੱਚ ਸਮੂਹ ਵਾਲੀਮਿਕ ਭਾਈਚਾਰੇ ਵੱਲੋਂ ਸ਼ਮੂਲੀਅਤ ਕੀਤੀ ਗਈ ਤੇ ਭਾਰਤੀਆ ਵਾਲਮੀਕਿ ਸਭਾ (2442 ਰਜਿ.) ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।ਮੀਟਿੰਗ ਦੌਰਾਨ ਸਰਬਸੰਮਤੀ ਦੇ ਨਾਲ ਵੀਰ ਪ੍ਰਕਾਸ਼ ਵੀਰੂ ਨੂੰ ਭਾਰਤੀਆ ਵਾਲਮੀਕਿ ਦਾ ਪ੍ਰਧਾਨ ਨਾਮਜ਼ਦ ਕੀਤਾ ਗਿਆ, ਜਦਕਿ ਰਿੰਕੂ (ਕਾਲਾ ਰਾਮ) ਵਾਇਸ ਪ੍ਰਧਾਨ, ਰਿੰਕੂ ਕੁਮਾਰ ਕੈਸ਼ੀਅਰ ਸਾਬਕਾ ਕੌਂਸਲਰ, ਮਹੇਸ਼ ਕੁਮਾਰ ਸੈਕਟਰੀ, ਲਛਮਣ, ਸਾਹਿਲ, ਪੱਪੂ ਸਿੰਘ ਪੱਪੀ, ਸੁਰਜੀਤ ਸਿੰਘ, ਨਟਵਰ, ਮਨਜੀਤ ਸਿੰਘ, ਮਦਨ ਸਿੰਘ, ਰਾਜ ਕੁਮਾਰ, ਪਰਮਾਚੰਦ, ਬੰਟੀ, ਮਦਨ ਕੁਮਾਰ, ਬੱਬਰ, ਜੰਟਾ ਕੁਮਾਰ, ਸਤੀਸ਼ ਕੁਮਾਰ, ਅਜ਼ਾਦ, ਸਾਗਰ, ਰੋਹਿਤ, ਰਕੇਸ਼, ਅਰਬਿਨ, ਭਾਗਮੱਲ, ਅਜੇ, ਹੈਪੀ, ਸਾਹਿਲ ਆਦਿ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਮੂਹ ਮੈਂਬਰਾਨ ਸਾਹਿਬਾਨ ਨੇ ਵਧਾਈ ਦਿੱਤੀ।

ਇਸ ਮੌਕੇ ਨਵਨਿਯੁਕਤ ਪ੍ਰਧਾਨ ਵੀਰ ਪ੍ਰਕਾਸ਼, ਰਿੰਕੂ (ਕਾਲਾ ਰਾਮ) ਵਾਇਸ ਪ੍ਰਧਾਨ, ਰਿੰਕੂ ਕੁਮਾਰ ਕੈਸ਼ੀਅਰ ਸਾਬਕਾ ਕੌਂਸਲਰ, ਮਹੇਸ਼ ਕੁਮਾਰ ਸੈਕਟਰੀ ਨੇ ਆਖਿਆ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਹੋਏ ਵਾਲਮੀਕਿ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦੀਆਂ ਮੰਗਾਂ ਸਰਕਾਰ ਤੇ ਪ੍ਰਸ਼ਾਸਨ ਅੱਗੇ ਚੁੱਕਣਗੇ।ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੇ ਭਗਵਾਨ ਵਾਲਮੀਕਿ ਜੀ ਦਾ ਪ੍ਰਕਾਸ਼ ਦਿਹਾੜਾ ਵੀ ਧੂਮਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ।

## ਬਾਬਾ ਮੋਨੀ ਜੀ ਕਾਲਜ ਦਾ ਬੀ. ਐੱਡ ਭਾਗ ਦੂਜਾ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ. ਐੱਡ ਭਾਗ-ਦੂਜਾ (ਸਮੈਸਟਰ-ਚੌਥਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ਼ ਐਜੂਕੇਸ਼ਨ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ 'ਚੋਂ ਸੋਨੀਆ ਰਾਣੀ (87.2%) ਨੇ ਪਹਿਲਾ, ਅਮਨਦੀਪ ਕੌਰ (85%) ਨੇ ਦੂਜਾ ਤੇ ਕੁਲਜਿੰਦਰ ਕੌਰ (83.2%) ਨੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਐਜੂਕੇਸ਼ਨ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਤੇ ਸਟਾਫ ਮੈਂਬਰਜ਼ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ।

## ਪਾਵਾ ਦੇ ਅਹੁਦੇਦਾਰਾਂ ਵੱਲੋਂ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਮੁਲਾਕਾਤ




**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪਾਵਾ ਜ਼ਿਲ੍ਹਾ ਪਟਿਆਲਾ ਕਾਰਜਕਾਰੀ ਗੁਰਦੀਪ ਸਿੰਘ ਪ੍ਰਧਾਨ, ਕੌਸ਼ਲ ਰਾਓ ਸਿੰਗਲਾ ਜਨਰਲ ਸਕੱਤਰ, ਮੁਖਤਿਆਰ ਸਿੰਘ ਸੰਧੂ ਖਜ਼ਾਨਚੀ ਤੇ ਸੁਰਿੰਦਰ ਸਿੰਘ ਸੰਯੁਕਤ ਸਕੱਤਰ ਨੇ ਡਿਪਟੀ ਕਮਿਸ਼ਨਰ ਪਟਿਆਲਾ, ਸਿਵਲ ਸਰਜਨ ਪਟਿਆਲਾ, ਜ਼ਿਲ੍ਹਾ ਸਿਹਤ ਅਫ਼ਸਰ ਪਟਿਆਲਾ, ਫੂਡ ਸੇਫਟੀ ਅਫ਼ਸਰ ਪਟਿਆਲਾ ਨਾਲ ਮੁਲਾਕਾਤ ਕੀਤੀ ਅਤੇ ਪਾਵਾ ਬਾਰੇ ਜਾਣਕਾਰੀ ਦਿੱਤੀ।ਜ਼ਿਲ੍ਹਾ ਪਟਿਆਲਾ ਦੇ ਕਾਰਜਕਾਰੀ ਤੇ ਮੈਂਬਰਾਂ ਦੀ ਸੂਚੀ ਸਾਰੇ ਅਧਿਕਾਰੀਆਂ ਨੂੰ ਦਿੱਤੀ ਗਈ। ਜ਼ਿਲ੍ਹਾ ਸਿਹਤ ਅਫ਼ਸਰ ਤੇ ਖੁਰਾਕ ਸੁਰੱਖਿਆ ਅਫ਼ਸਰਾਂ ਨੂੰ ਬੇਨਤੀ ਕੀਤੀ ਗਈ ਕਿ ਤਿਉਹਾਰਾਂ ਦਾ ਸੀਜ਼ਨ ਜਲਦੀ ਹੀ ਆ ਰਿਹਾ ਹੈ, ਇਸ ਲਈ ਖਾਣ-ਪੀਣ ਦੀਆਂ ਵਸਤਾਂ ਦੀ ਨਿਯਮਤ ਜਾਂਚ ਕੀਤੀ ਜਾਵੇ ਤੇ ਨਮੂਨੇ ਨਿਯਮਤ ਤੌਰ 'ਤੇ ਲਏ ਜਾਣ।ਜ਼ਿਲ੍ਹਾ ਸਿਹਤ ਅਫ਼ਸਰ ਪਟਿਆਲਾ ਨੂੰ ਇਹ ਵੀ ਬੇਨਤੀ ਕੀਤੀ ਗਈ ਕਿ ਉਹ ਪਟਿਆਲਾ ਦੇ ਵੱਖ-ਵੱਖ ਖੇਤਰਾਂ ਤੇ ਪੂਰੇ ਜ਼ਿਲ੍ਹੇ ਵਿੱਚ ਮੋਬਾਈਲ ਵੈਨ ਦਾ ਪ੍ਰਬੰਧਨ ਕਰਨ।ਜ਼ਿਲ੍ਹਾ ਪਟਿਆਲਾ ਪਾਵਾ ਨੂੰ ਸਥਾਨ ਤੇ ਸਮੇਂ ਬਾਰੇ ਨਿਯਮਤ ਤੌਰ 'ਤੇ ਸੂਚਿਤ ਕਰਨ ਤਾਂ ਜੋ ਲੋਕ ਆਪਣੇ ਭੋਜਨ ਉਤਪਾਦਾਂ ਦੀ ਜਾਂਚ ਲਈ ਮੋਬਾਈਲ ਵੈਨ ਦਾ ਲਾਭ ਪ੍ਰਾਪਤ ਕਰ ਸਕਣ।ਜ਼ਿਲ੍ਹਾ ਸਿਹਤ ਅਫ਼ਸਰ ਨੇ ਭਰੋਸਾ ਦਿੱਤਾ ਕਿ ਮੋਬਾਈਲ ਵੈਨ ਦਾ ਮਹੀਨਾਵਾਰ ਪ੍ਰੋਗਰਾਮ ਪਾਵਾ ਨੂੰ ਪਹਿਲਾਂ ਹੀ ਪ੍ਰਦਾਨ ਕੀਤਾ ਜਾਵੇਗਾ ਤੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਨਿਯਮਤ ਤੌਰ 'ਤੇ ਖਾਣ-ਪੀਣ ਦੀਆਂ ਵਸਤਾਂ ਦੇ ਨਮੂਨੇ ਚੈੱਕ ਕਰਨ ਤੇ ਕੱਢਣ ਦਾ ਭਰੋਸਾ ਵੀ ਦਿੱਤਾ।ਜ਼ਿਲ੍ਹਾ ਸਿਹਤ ਅਫ਼ਸਰ ਪਟਿਆਲਾ ਨੇ ਭਵਿੱਖ ਵਿੱਚ ਪਾਵਾ ਦੁਆਰਾ ਆਯੋਜਿਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਵੀ ਭਰੋਸਾ ਦਿੱਤਾ।

## ਵਿਧਾਇਕ ਸੁਖਾਨੰਦ ਤੇ ਸੀ ਡੀ ਪੀ ਓ ਨੇ ਨਿਯੁਕਤੀ ਪੱਤਰ ਵੰਡੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨ ਸਥਾਨਕ ਸ਼ਹਿਰ ਦੇ ਬੀਡੀਪੀਓ ਦਫਤਰ ਵਿੱਚ ਸੀਡੀਪੀਓ ਮੈਡਮ ਗੁਰਜੀਤ ਕੌਰ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ, ਜਿਸ ਵਿੱਚ 9 ਹੈਲਪਰਾਂ ਨੂੰ ਆਸ਼ਾ ਵਰਕਰ ਬਣਨ 'ਤੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ।ਇਸ ਕਰਵਾਏ ਗਏ ਸਮਾਗਮ ਵਿੱਚ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਦਾ ਸਵਾਗਤ ਕਰਦਿਆਂ ਮੈਡਮ ਸੀਡੀਪੀਓ ਗੁਰਜੀਤ ਕੌਰ ਨੇ ਜੀ ਆਇਆਂ ਆਖਿਆ।ਸਮਾਗਮ ਦੀ ਸ਼ੁਰੂਆਤ ਮੌਕੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਜੋ ਮਹਿਲਾਵਾਂ ਹੈਲਪਰ ਦੇ ਤੌਰ 'ਤੇ ਕੰਮ ਕਰ ਰਹੀਆਂ ਸਨ, ਨੂੰ ਤਰੱਕੀ ਤੋਂ ਬਾਅਦ ਆਸ਼ਾ ਵਰਕਰ ਬਣਨ 'ਤੇ ਵਧਾਈ ਦਿੱਤੀ ਅਤੇ ਦੋ ਮਹਿਲਾਵਾਂ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦਿੱਤੀ ਗਈ, ਜਿਨ੍ਹਾਂ ਵਿੱਚੋਂ ਇੱਕ ਮਹਿਲਾ ਨੂੰ ਹੈਲਪਰ ਤੇ ਦੂਸਰੀ ਨੂੰ ਆਸ਼ਾ ਵਰਕਰ ਦੀ ਨੌਕਰੀ ਮਿਲਣ 'ਤੇ ਵਧਾਈ ਦਿੱਤੀ ਤੇ ਨਿਯੁਕਤੀ ਪੱਤਰ ਸੌਂਪਦਿਆਂ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਕਿਹਾ।ਇਸ ਮੌਕੇ ਹੈਲਪਰ ਤੋਂ ਆਸ਼ਾ ਵਰਕਰ ਬਣਨ ਵਾਲੀਆਂ ਅਤੇ ਦੋ ਔਰਤਾਂ ਜਿਨ੍ਹਾਂ ਨੂੰ ਤਰਸ ਦੇ ਅਧਾਰ 'ਤੇ ਜੌਬ ਦਿੱਤੀ ਗਈ, ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣਗੀਆਂ।ਇਸ ਮੌਕੇ ਹਲਕਾ ਵਿਧਾਇਕ ਦੇ ਨਾਲ ਨਗਰ ਕੌਂਸਲ ਪ੍ਰਧਾਨ ਪਵਨ ਗੁਪਤਾ, ਕੌਂਸਲਰ ਮਨਦੀਪ ਕੱਕੜ ਦੇ ਇਲਾਵਾ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## ਹਰੀ ਸਿੰਘ ਖਾਈ ਨੂੰ ਅਬਜ਼ਰਵਰ ਵਜੋਂ ਨਿਯੁਕਤੀ 'ਤੇ ਵਧਾਈ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸੂਬੇ ਅੰਦਰ ਦਿਨੋਂ-ਦਿਨ ਵਧ ਰਹੀਆਂ ਵਾਰਦਾਤਾਂ ਨੇ ਲੋਕਾਂ ਅੰਦਰ ਦਹਿਸ਼ਤ ਪੈਦਾ ਕਰ ਦਿੱਤੀ ਹੈ ਤੇ ਸੂਬੇ ਦੇ ਵਸਨੀਕ ਹੁਣ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਵਿੱਚ ਅਸਮਰਥ ਹਨ, ਜਿਸ ਕਾਰਨ ਹੁਣ ਲੋਕਾਂ ਵੱਲੋਂ ਕਾਂਗਰਸ ਦੇ ਰਾਜ ਨੂੰ ਯਾਦ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਬੜੀ ਹੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ। ਅਗਾਮੀ ਵਿਧਾਨ ਸਭਾ ਚੋਣਾਂ ਦਾ ਕਿਲ੍ਹਾ ਹਰ ਹਾਲਤ ਵਿੱਚ ਕਾਂਗਰਸ ਫਤਹਿ ਕਰੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਐੱਮ ਸੀ ਜਗਰੂਪ ਸਿੰਘ ਜੂਪਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਜਿੱਥੇ ਪ੍ਰਧਾਨ ਹਰੀ ਸਿੰਘ ਖਾਈ ਨੂੰ ਬਰਨਾਲਾ ਤੇ ਭਦੌੜ ਸ਼ਹਿਰੀ ਦਾ ਅਬਜ਼ਰਵਰ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਗਈ, ਉੱਥੇ ਕਾਂਗਰਸ ਹਾਈ ਕਮਾਨ ਦਾ ਧੰਨਵਾਦ ਵੀ ਕੀਤਾ ਗਿਆ।

## ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਦਾ ਰੋਸ ਪ੍ਰਦਰਸ਼ਨ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਚਾਰ ਕਨਵੀਨਰਾਂ ਦੀ ਅਗਵਾਈ ਵਿੱਚ ਰੋਸ ਪੰਜਵੇਂ ਦਿਨ ਵੀ ਜਾਰੀ ਰਿਹਾ। ਕਨਵੀਨਰ ਅਮਰਜੀਤ ਕੌਰ ਰਣ ਸਿੰਘ ਨੇ ਕਿ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਦਾ ਵਰਕਰਜ਼ ਦੇ ਮੰਗਾਂ ਮੁਸ਼ਕਲਾਂ ਪ੍ਰਤੀ ਬਿਲਕੁਲ ਵੀ ਕੋਈ ਧਿਆਨ ਨਹੀਂ ਹੈ, ਪਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਅਤੇ ਨਰੇਗਾ ਆਗੂਆਂ ਦਰਸ਼ਨ ਸਿੰਘ ਲੁਬਾਣਾ,



ਸਤੀਸ਼ ਰਾਣਾ, ਰਣਜੀਤ ਸਿੰਘ ਰਾਣਵਾਂ ਵੱਲੋਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਕਿ ਜੇਕਰ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ 'ਤੇ ਕਿਸੇ ਕਿਸਮ ਦੀ ਕੋਈ ਵੀ ਪ੍ਰਦਰਸ਼ਨ ਦੌਰਾਨ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਜਥੇਬੰਦੀ ਵੱਲੋਂ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ 31 ਅਗਸਤ ਤੋਂ ਪਹਿਲਾਂ ਮੀਟਿੰਗ ਬੁਲਾ ਕੇ ਹੱਲ ਨਾ ਕੀਤਾ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਸੰਗਰੂਰ 31 ਅਗਸਤ ਨੂੰ ਰੋਸ ਰੈਲੀ ਕੀਤੀ ਜਾਵੇਗੀ। ਜੇਕਰ ਫਿਰ ਵੀ ਹੱਲ ਨਾ ਹੋਇਆ ਤਾਂ ਪੱਕੇ ਮੋਰਚੇ ਦਾ ਐਲਾਨ ਹੋ ਸਕੇ ਹਨ। ਇਸ ਮੌਕੇ ਪੰਜਾਬ ਪ੍ਰਧਾਨ ਸੰਤੋਸ਼ ਕੁਮਾਰੀ ਫਿਰੋਜ਼ਪੁਰ, ਰਜਵੰਤ ਕੌਰ, ਪਰਮਜੀਤ ਕੌਰ, ਭੋਲਾ ਕੌਰ, ਸੁਰਜੀਤ ਕੌਰ ਕੈਂਡੀ ਆਸ਼ਾ ਵਰਕਰ ਮੌਜੂਦ ਸਨ।

# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਸੰਘਰਸ਼ ਦਾ ਐਲਾਨ

**ਧੂਰੀ (ਮਨੋਹਰ ਸਿੰਘ ਸੱਗੂ)**-ਇਥੇ ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਦੇ ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਹੋਈ, ਜਿਸ ਵਿੱਚ ਸੂਬਾ ਕਮੇਟੀ ਮੈਂਬਰ ਸਾਹਿਬਾਨਾਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਕਿ ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਬੈਨਰ ਹੇਠ ਆਮ ਆਦਮੀ ਪਾਰਟੀ ਪ੍ਰਧਾਨ, ਕੱਚਿਆਂ ਨੂੰ ਪੱਕਾ ਕਰਨ ਲਈ ਬਣਾਈ ਸਬ ਕਮੇਟੀ ਦੇ ਮੈਂਬਰ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਹਲਕੇ ਸੁਨਾਮ ਵਿਖੇ 7 ਸਤੰਬਰ 25 ਨੂੰ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਉਨ੍ਹਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।ਸੂਬਾ ਕਮੇਟੀ/ਮੈਂਬਰ ਮੈਡਮ ਕਰਮਜੀਤ ਕੌਰ ਤੇ ਸ੍ਰੀ ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਪਿਛਲੇ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਆਂ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਆਪਣਾ ਸ਼ੋਸ਼ਣ ਕਰਵਾ ਰਹੇ ਹਾਂ।ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਸਮੇਂ ਉੱਪਰ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ।ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ, ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ।ਅਸੀਂ ਪਿਛਲੇ 3 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ ਇਸੇ ਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ, ਪ੍ਰੰਤੂ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲ ਉੱਪਰ ਗੌਰ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਉੱਪਰ ਧਿਆਨ ਨਹੀਂ ਦੇਵੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ।ਜੇਕਰ ਜ਼ਰੂਰਤ ਪੈਂਦੀ ਹੈ ਤਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਘਰ ਦਿੱਲੀ ਜਾਣਾ ਪਿਆ ਤਾਂ ਜ਼ਰੂਰ ਜਾਵਾਂਗੇ।



## ਝਾੜ ਸਾਹਿਬ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਐੱਮ ਏ ਪੰਜਾਬੀ ਸਮੈਸਟਰ ਦੂਜੇ ਤੇ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਵਿਦਿਆਰਥਣ ਅਰਸ਼ਦੀਪ ਕੌਰ ਨੇ 69.7 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ 'ਚ ਪਹਿਲਾ, ਰਮਨਦੀਪ ਕੌਰ ਨੇ 68.2 ਫੀਸਦੀ ਅੰਕ ਹਾਸਲ ਕਰਕੇ ਦੂਜਾ ਤੇ ਧਰਮਜੀਤ ਕੌਰ ਨੇ 59 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਐੱਮ ਏ ਚੌਥੇ ਸਮੈਸਟਰ ਦੀ ਵਿਦਿਆਰਥਣ ਇੰਦਰਪ੍ਰੀਤ ਕੌਰ ਨੇ 71.87 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅਮਨਦੀਪ ਕੌਰ ਨੇ 71.4 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਨੀਲਮ ਰਾਣੀ ਨੇ 69.3 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ, ਸਟਾਫ਼ ਮੈਂਬਰ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਵੀ ਸਾਡੀਆਂ ਵਿਦਿਆਰਥਣਾਂ ਇਸੇ ਤਰ੍ਹਾਂ ਦ੍ਰਿੜ੍ਹ ਮਿਹਨਤ ਤੇ ਲਗਨ ਸਦਕਾ ਵਧੀਆ ਨਤੀਜੇ ਪ੍ਰਾਪਤ ਕਰਕੇ ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੀਆਂ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਓ ਬੀ ਸੀ ਕਮਿਸ਼ਨ ਦੇ ਚੇਅਰਮੈਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਚੇਅਰਮੈਨ ਪੰਜਾਬ ਰਾਜ ਪੱਛੜੀਆਂ ਜਾਤੀਆਂ ਕਮਿਸ਼ਨ ਮਲਕੀਤ ਥਿੰਦ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਪੱਛੜੀਆਂ ਜਾਤੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਭਲਾਈ ਸਕੀਮਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ।ਇਸ ਮੌਕੇ ਚੇਅਰਮੈਨ ਮਲਕੀਤ ਥਿੰਦ ਨੇ ਓ.ਬੀ.ਸੀ. ਭਾਈਚਾਰੇ ਦੀਆਂ ਸਮੱਸਿਆਵਾਂ ਸੁਣੀਆਂ, ਜਿਨ੍ਹਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ।ਉਨ੍ਹਾਂ ਕਿਹਾ ਕਿ ਪੱਛੜੀਆਂ ਜਾਤੀਆਂ ਕਮਿਸ਼ਨ ਪੰਜਾਬ ਹਰ ਸਮੇਂ ਤੁਹਾਡੇ ਨਾਲ ਖੜ੍ਹਾ ਹੈ, ਤੁਸੀਂ ਕਿਸੇ ਵੀ ਮੁਸ਼ਕਲ ਦੇ ਹੱਲ ਲਈ ਸਾਡੇ ਤੱਕ ਪਹੁੰਚ ਕਰ ਸਕਦੇ ਹੋ, ਅਸੀਂ ਤੁਹਾਡੀ ਮੁਸ਼ਕਲ ਨੂੰ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਪੱਛੜੀਆਂ ਜਾਤੀਆਂ ਨੂੰ ਮਿਲਣ ਵਾਲੀਆਂ ਸਕੀਮਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਟੇਟ ਤੇ ਸੈਂਟਰ ਤੋਂ ਜੋ ਵੀ ਸਕੀਮਾਂ ਆਉਂਦੀਆਂ ਹਨ, ਉਨ੍ਹਾਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ।ਉਨ੍ਹਾਂ ਕਿਹਾ ਕਿ ਮੇਰੇ ਹੁੰਦਿਆਂ ਕਿਸੇ ਨੂੰ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਚੇਅਰਮੈਨ ਜਗਦੇਵ ਸਿੰਘ ਬਾਮ, ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ, ਚੇਅਰਮੈਨ ਜਸ਼ਨ ਬਰਾੜ, ਸਿਵਲ ਸਰਜਨ ਡਾ. ਜਗਦੀਪ ਚਾਵਲਾ, ਜ਼ਿਲ੍ਹਾ ਭਲਾਈ ਅਫ਼ਸਰ ਜਗਮੋਹਨ ਸਿੰਘ ਮਾਨ, ਜ਼ਿਲ੍ਹਾ ਬੀ. ਸੀ. ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅੰਗਰੇਜ ਸਿੰਘ, ਰਜਿੰਦਰ ਸਿੰਘ ਸੋਹਣੇਵਾਲਾ, ਗੁਰਭੇਜ ਸਿੰਘ ਹਰੀਕੇ, ਜਸਕਰਨ ਸਿੰਘ ਮੱਲਣ, ਹਰਪਾਲ ਸਿੰਘ ਸ਼ੇਰੇਵਾਲਾ, ਗੋਗੀ ਮਿਸਤਰੀ, ਸੁਰਜੀਤ ਸਿੰਘ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਤਵੰਤੇ ਹਾਜ਼ਰ ਸਨ।

# ਜਸਵਿੰਦਰ ਭੱਲਾ ਦੀ ਯਾਦ 'ਚ ਹੋਈ ਸ਼ੋਕ ਸਭਾ

**ਹਰਬਰਗ (ਜਰਮਨੀ) :** ਪ੍ਰਸਿੱਧ ਕਾਮੇਡੀਅਨ ਜਸਵਿੰਦਰ ਸਿੰਘ ਭੱਲਾ, ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਦੀ ਯਾਦ ਵਿੱਚ ਦੇਸ਼-ਵਿਦੇਸ਼ ਵਿੱਚ ਸ਼ਰਧਾਂਜਲੀ ਸਮਾਗਮਾਂ ਤੇ ਸ਼ੋਕ ਸਭਾਵਾਂ ਦਾ ਸਿਲਸਿਲਾ ਜਾਰੀ ਹੈ। ਇਸੇ ਲੜੀ ਤਹਿਤ ਹਮਬਰਗ ਦੇ ਗੁਰਦੁਆਰਾ ਸਿੰਘ ਸਭਾ ਸਿੱਖ ਸੈਂਟਰ ਵਿੱਚ ਵੱਡੀ ਗਿਣਤੀ 'ਚ ਜਸਵਿੰਦਰ ਭੱਲਾ ਦੇ ਸ਼ੁਭਚਿੰਤਕ ਇਕੱਠੇ ਹੋਏ ਤੇ ਉਨ੍ਹਾਂ ਵੱਲੋਂ ਭੱਲਾ ਦੀਆਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਦਿੱਤੀਆਂ ਸੇਵਾਵਾਂ ਅਤੇ ਪੰਜਾਬੀ ਫ਼ਿਲਮਾਂ ਵਿੱਚ ਪਾਏ ਯੋਗਦਾਨ ਨੂੰ ਚੇਤੇ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਬੁਲਾਰਿਆਂ ਨੇ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਕਾਲ ਪੁਰਖ ਤੋਂ ਵਿੱਛੜੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਦੇਣ ਦੀ ਅਰਦਾਸ ਕੀਤੀ ਗਈ। ਇਹ ਸ਼ਰਧਾਂਜਲੀ ਸਮਾਗਮ ਸੁਖਦੇਵ ਸਿੰਘ ਜੋਸਨ (ਬਾਦਸ਼ਾਹ ਰੈਸਟੋਰੈਂਟ), ਰੇਸ਼ਮ ਸਿੰਘ ਭੜੋਲੀ ਤੇ ਗੁਰਦੁਆਰਾ ਸਿੰਘ ਸਭਾ ਸਿੱਖ ਸੈਂਟਰ ਦੇ ਪ੍ਰਧਾਨ ਰਣਜੀਤ ਸਿੰਘ ਬਾਜਵਾ ਦੇ ਯਤਨਾਂ ਸਦਕਾ ਕੀਤਾ ਗਿਆ। ਇਸ ਵਿੱਚ ਚਰਨਜੀਤ ਸਿੰਘ ਚੰਨੀ, ਗੁਰਦੇਵ ਕਲਸੀ, ਸੁਖਵਿੰਦਰ ਸਿੰਘ, ਅਜੀਤ ਸਿੰਘ ਖਿੰਡਾ, ਗਿਆਨ ਸਿੰਘ, ਜਰਨੈਲ ਸਿੰਘ ਧੂਪੜ, ਬੀਬੀ ਜਸਵੀਰ ਕੌਰ, ਗੁਰਿੰਦਰਜੀਤ ਸਿੰਘ ਮੱਲ੍ਹੀ, ਦਰਬਾਰ ਸਿੰਘ ਨੰਦਾ, ਇਬੋਨ ਕੌਰ ਜੋਸ਼ਨ, ਕਸ਼ਮੀਰ ਸਿੰਘ, ਸੁਰਿੰਦਰ, ਸੰਤਰਬੀਰ ਸਿੰਘ ਕੂਨਰ, ਬਲਵਿੰਦਰ ਸਿੰਘ ਖਿੰਡਾ, ਅਮਰਜੀਤ ਸਿੰਘ, ਭਾਈ ਮਨਜੀਤ ਸਿੰਘ ਤੇ ਬੀਬੀ ਵੀਨਾ ਸਿੰਘ ਸਮੇਤ ਵੱਡੀ ਗਿਣਤੀ 'ਚ ਲੋਕਾਂ ਨੇ ਸ਼ਿਰਕਤ ਕੀਤੀ।



ਸੁਖਦੇਵ ਸਿੰਘ ਜੋਸਨ, ਰਣਜੀਤ ਸਿੰਘ ਬਾਜਵਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸਿੱਖ ਸੈਂਟਰ ਤੇ ਹੋਰ (ਹੇਠਾਂ) ਸਮਾਗਮ 'ਚ ਹਾਜ਼ਰ ਸੰਗਤਾਂ।

## ਵਿਧਾਇਕ ਸੰਗੋਵਾਲ ਨੇ ਪਸ਼ੂਆਂ ਲਈ ਚਾਰੇ ਦਾ ਟਰੱਕ ਕੀਤਾ ਰਵਾਨਾ

**ਲੁਧਿਆਣਾ (ਰਾਜ ਸਿੰਗਲਾ)**-ਹਲਕਾ ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਵੱਲੋਂ ਪਠਾਨਕੋਟ ਦੇ ਹੜ੍ਹ ਪ੍ਰਭਾਵਤ ਲੋਕਾਂ ਦੇ ਪਸ਼ੂਆਂ ਲਈ ਚਾਰੇ ਦਾ ਟਰੱਕ ਭੇਜਿਆ ਗਿਆ।ਵਿਧਾਇਕ ਸੰਗੋਵਾਲ ਨੇ ਕਿਹਾ ਕਿ ਕੁਦਰਤੀ ਆਫਤਾਂ ਦੌਰਾਨ, ਮਨੁੱਖੀ ਜੀਵਨ, ਪਸ਼ੂ, ਪੰਛੀ, ਫਸਲਾਂ, ਰੁੱਖ-ਬੂਟੇ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੇ ਹਨ ਅਤੇ ਇਸ ਮੁਸੀਬਤ ਦਾ ਸਾਹਮਣਾ ਕਰਨ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਕਾਰਨ ਜਿੱਥੇ ਪਠਾਨਕੋਟ ਦੇ ਵਸਨੀਕਾਂ ਨੂੰ ਭੋਜਨ ਦੀ ਕਿੱਲਤ ਆਈ ਹੈ, ਉੱਥੇ ਬੇਜ਼ੁਬਾਨ ਪਸ਼ੂਆਂ ਲਈ ਚਾਰੇ ਦੀ ਵੀ ਥੋੜ ਮਹਿਸੂਸ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਹੜ੍ਹ ਪ੍ਰਭਾਵਤ ਲੋਕਾਂ ਦੇ ਸਹਿਯੋਗ ਲਈ ਹੋਰ ਯਤਨ ਵੀ ਕੀਤੇ ਜਾਣਗੇ ਤਾਂ ਜੁ ਪਾਣੀ ਦੀ ਮਾਰ ਹੇਠ ਆਏ ਪਠਾਨਕੋਟ ਦੇ ਵਸਨੀਕ ਇਸ ਮੁਸੀਬਤ ਤੋਂ ਜਲਣ ਉੱਭਰ ਸਕਣ।ਵਿਧਾਇਕ ਜੀਵਨ ਸਿੰਘ ਸੰਗੋਵਾਲ ਵੱਲੋਂ ਆਸ ਪ੍ਰਗਟਾਈ ਗਈ ਕਿ ਪੰਜਾਬ ਸਰਕਾਰ ਦੇ ਸੰਯੁਕਤ ਉਪਰਾਲਿਆਂ ਸਕਦਾ ਜਲਦ ਇਸ ਮੁਸੀਬਤ ਤੋਂ ਪਾਰ ਪਾ ਲਿਆ ਜਾਵੇਗਾ।

## ਹੜ੍ਹ ਪ੍ਰਭਾਵਤ ਲੋਕਾਂ ਤੱਕ ਸਰਕਾਰ ਤੁਰੰਤ ਰਾਹਤ ਮੁਹੱਈਆ ਕਰੇ : ਸ਼ਾਦੀਪੁਰ



**ਦੇਵੀਗੜ੍ਹ (ਰਾਜਿੰਦਰ ਥਿੰਦ)**-ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਦੇਵੀਗੜ੍ਹ ਵਿਖੇ ਇਕ ਮੀਟਿੰਗ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਹੜ੍ਹ ਮਾਰੇ ਇਲਾਕਿਆਂ 'ਚ ਤੁਰੰਤ ਲੋੜ ਮੁਤਾਬਕ ਸਾਮਾਨ ਪਹੁੰਚਾਉਣ ਦਾ ਯਤਨ ਕਰੇ।ਇਕੱਲਾ ਹੈਲੀਕਾਪਟਰ ਛੱਡ ਕੇ ਖਹਿੜਾ ਨਹੀਂ ਛੁਡਾਇਆ ਜਾ ਸਕਦਾ।ਇਸ ਦੇ ਨਾਲ ਹੀ ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਜਦੋਂ ਪਿਛਲੇ ਸਮੇਂ ਸਾਡੇ ਇਲਾਕੇ ਵਿੱਚ ਹੜ੍ਹ ਆਏ ਸਨ, ਉਸ ਟਾਈਮ ਵੀ ਉਨ੍ਹਾਂ ਲੋਕਾਂ ਨੇ ਵੱਡੇ ਪੱਧਰ 'ਤੇ ਸਾਡੇ ਇਧਰਲੇ ਇਲਾਕੇ ਵਿੱਚ ਆ ਕੇ ਮਦਦ ਕੀਤੀ ਸੀ।ਅੱਜ ਸਾਡਾ ਵੀ ਫਰਜ਼ ਬਣਦਾ ਕਿ ਅਸੀਂ ਵੀ ਜਿੰਨਾ ਹੋ ਸਕਦਾ ਵੱਧ ਤੋਂ ਵੱਧ ਰਾਸ਼ਨ, ਪਾਣੀ, ਡੰਗਰਾਂ ਦਾ ਚਾਰਾ ਲੈ ਕੇ ਉਥੇ ਪਹੁੰਚ ਕੇ ਆਪਣੇ ਸਾਥੀਆਂ ਦੇ ਇਸ ਦੁੱਖ ਦੀ ਘੜੀ 'ਚ ਨਾਲ ਖੜ੍ਹ ਕੇ ਉਨ੍ਹਾਂ ਦਾ ਸਾਥ ਦੇਣ ਦਾ ਯਤਨ ਕਰੀਏ।ਸ਼ਾਦੀਪੁਰ ਨੇ ਕਿਹਾ ਕਿ ਹੜ੍ਹ ਮਾਰੇ ਇਲਾਕਿਆਂ 'ਚ ਬੀਕੇਯੂ ਸ਼ਾਦੀਪੁਰ ਦੀਆਂ ਟੀਮਾਂ ਜਾ ਕੇ ਆਈਆਂ ਨੇ ਅਤੇ ਜਲਦੀ ਹੀ ਜਿਹੜੀ ਜਿਹੜੀ ਚੀਜ਼ ਦੀ ਜ਼ਰੂਰਤ ਹੈ, ਉਥੇ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ।ਸਾਨੂੰ ਸਾਰੇ ਸਾਥੀਆਂ ਨੂੰ ਇਸ ਦੁੱਖ ਦੀ ਘੜੀ 'ਚ ਆਪਣੇ ਭਰਾਵਾਂ ਦਾ ਸਾਥ ਦੇਣਾ ਚਾਹੀਦਾ ਹੈ।ਉਨ੍ਹਾਂ ਪੰਜਾਬ ਸਰਕਾਰ ਨੂੰ ਵੀ 70 ਹਜ਼ਾਰ ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ, 10 ਹਜ਼ਾਰ ਮਜ਼ਦੂਰ ਨੂੰ ਜਿਨ੍ਹਾਂ ਨੇ ਉਥੇ ਮਜ਼ਦੂਰੀ ਕਰਨੀ ਸੀ, ਜਲਦੀ ਤੋਂ ਜਲਦੀ ਦੇਣਾ ਚਾਹੀਦਾ ਅਤੇ ਤੁਰੰਤ ਘਰ ਪ੍ਰਤੀ 20 ਹਜ਼ਾਰ ਰੁਪਿਆ ਸਰਕਾਰ ਲੋਕਾਂ ਤੱਕ ਪੁੱਜਦਾ ਕਰੇ, ਜਿਸ ਨਾਲ ਲੋਕ ਆਪਣੇ ਘਰ ਦਾ ਚੁੱਲ੍ਹਾ ਬਾਲ ਸਕਣ।

## ਬੇਨੜਾ ਕਾਲਜ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



**ਧੂਰੀ (ਮਨੋਹਰ ਸਿੰਘ ਸੱਗੂ)**-ਡਿਪਟੀ ਕਮਿਸ਼ਨਰ ਸੰਗਰੂਰ ਦੇ ਨਿਰਦੇਸ਼ਾਂ ਅਨੁਸਾਰ ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ।ਖੇਡ ਦਿਵਸ ਮੌਕੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਐਸੋਸੀਏਟ ਪ੍ਰੋਫ਼ੈਸਰ ਡਾ. ਸੰਜੀਵ ਦੱਤਾ ਨੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਮੇਜਰ ਧਿਆਨ ਚੰਦ ਦੇ ਜਨਮ ਦਿਵਸ 'ਤੇ ਭਾਰਤ ਸਰਕਾਰ ਦੇ ਖੇਡ ਮੰਤਰਾਲੇ ਵੱਲੋਂ 2012 ਤੋਂ ਸ਼ੁਰੂ ਕੀਤਾ ਗਿਆ।ਇਸ ਦਿਨ ਰਾਸ਼ਟਰਪਤੀ ਵੱਲੋਂ ਰਾਸ਼ਟਰਪਤੀ ਭਵਨ ਵਿਖੇ ਖੇਡਾਂ ਦੇ ਖੇਤਰ ਵਿੱਚ ਚੰਗੀਆਂ ਉਪਲਬਧੀਆਂ ਵਾਲੇ ਖਿਡਾਰੀਆਂ ਤੇ ਕੋਚਾਂ ਨੂੰ ਖੇਡ ਪੁਰਸਕਾਰ ਜਿਵੇਂ ਅਰਜਨ, ਦਰੋਣਾਚਾਰੀਆ, ਰਾਜੀਵ ਗਾਂਧੀ ਤੇ ਧਿਆਨ ਚੰਦ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਂਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਨੇ ਸਰੀਰਕ ਤੇ ਯੋਗ ਆਸਣ ਕਿਰਿਆਵਾਂ ਦੁਆਰਾ ਸਰੀਰ ਨੂੰ ਤੰਦਰੁਸਤ ਰੱਖਣ ਲਈ ਇਨ੍ਹਾਂ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਪ੍ਰਾਣਾਯਾਮ ਤੇ ਆਸਣ ਆਦਿ ਵੀ ਕਰਵਾਏ ਗਏ।ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਯੋਗ ਨੂੰ ਅਪਣਾਉਣਾ ਚਾਹੀਦਾ ਹੈ ਤੇ ਹਰ ਰੋਜ਼ ਸਰੀਰ ਦੀ ਤੰਦਰੁਸਤੀ ਲਈ ਆਪਣੇ ਸਰੀਰ ਨੂੰ ਸਮਾਂ ਦੇਣਾ ਚਾਹੀਦਾ ਹੈ।ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਪ੍ਰੋ: ਦੀਪਕ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਲਈ ਸਹੁੰ ਚੁਕਾਈ।

# ਬੀ ਐੱਸ ਐੱਫ ਵੱਲੋਂ ਹੜ੍ਹ ਪ੍ਰਭਾਵਤ ਪਿੰਡ ਕਾਲੂ ਵਾਲਾ 'ਚ ਰਾਹਤ ਕਾਰਜ ਜਾਰੀ

**ਹੜ੍ਹਾਂ ਕਾਰਨ ਘਿਰੇ ਪਿੰਡ ਵਾਸੀਆਂ ਤੇ ਜਾਨਵਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ੁੱਕਰਵਾਰ ਸਵੇਰੇ ਕਰੀਬ ਸਾਢੇ 9 ਵਜੇ ਬੀਐੱਸਐੱਫ ਦੀ 99ਵੀਂ ਬਟਾਲੀਅਨ ਦੀ 'ਸੀ' ਕੰਪਨੀ ਦੇ ਏਐੱਸਆਈ ਪੰਚਮ ਸਿੰਘ ਨੇ ਆਪਣੇ ਤਿੰਨ ਹੋਰ ਜਵਾਨਾਂ ਨਾਲ ਮਿਲ ਕੇ ਫਿਰੋਜ਼ਪੁਰ ਦੇ ਐੱਸਡੀਐੱਮ ਉਦੈ ਸਿੱਧੂ ਤੇ ਉਨ੍ਹਾਂ ਦੇ ਦੋ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਕਾਲੂ ਵਾਲਾ ਵਿੱਚ ਰਾਹਤ ਕਾਰਜ ਸ਼ੁਰੂ ਕੀਤੇ। ਇਹ ਪਿੰਡ ਹੜ੍ਹਾਂ ਕਾਰਨ ਬਾਕੀ ਇਲਾਕੇ ਤੋਂ ਕੱਟਿਆ ਗਿਆ ਸੀ, ਜਿਸ ਕਾਰਨ ਪਿੰਡ ਵਾਸੀਆਂ ਨੂੰ ਖਾਣ-ਪੀਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਟੀਮ ਨੇ ਪਿੰਡ ਦੇ ਜਾਨਵਰਾਂ ਲਈ 8 ਬੋਰੀਆਂ ਪਸ਼ੂਆਂ ਦਾ ਚਾਰਾ ਮੁਹੱਈਆ ਕਰਵਾਇਆ ਤਾਂ ਜੋ ਉਨ੍ਹਾਂ ਨੂੰ ਭੁੱਖ ਤੋਂ ਬਚਾਇਆ ਜਾ ਸਕੇ। ਚਾਰੇ ਦੀ ਵੰਡ ਕਰਨ ਤੋਂ ਬਾਅਦ ਰਾਹਤ ਟੀਮ ਨੇ ਬੀਐੱਸਐੱਫ ਦੀ ਸਪੀਡ ਬੋਟ ਦੀ ਮੱਦਦ ਨਾਲ ਪਿੰਡ ਕਾਲੂ ਵਾਲਾ ਤੋਂ ਕੁੱਲ 6 ਪਿੰਡ ਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਇਨ੍ਹਾਂ ਵਿੱਚ ਤਿੰਨ ਔਰਤਾਂ, ਇਕ ਪੁਰਸ਼ ਤੇ ਦੋ ਬੱਚੇ ਸ਼ਾਮਲ ਸਨ, ਜਿਨ੍ਹਾਂ ਨੂੰ ਬੀਓਪੀ ਓਲਡ ਐੱਮ ਡੀ ਵਾਲਾ ਵਿਖੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਗਿਆ। ਇਹ ਰਾਹਤ ਕਾਰਜ ਬੀਐੱਸਐੱਫ ਤੇ ਸਥਾਨਕ ਪ੍ਰਸ਼ਾਸਨ ਦੇ ਤਾਲਮੇਲ ਨਾਲ ਚਲਾਏ ਗਏ, ਜਿਸ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਤੇ ਜਾਨਵਰਾਂ ਨੂੰ ਵੱਡੀ ਮੱਦਦ ਮਿਲੀ। ਬੀਐੱਸਐੱਫ ਦੇ ਕਮਾਂਡੈਂਟ ਵੱਲੋਂ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ ਹੈ।

## ਮੀਂਹ-ਝੱਖੜ ਨਾਲ ਨੁਕਸਾਨੀਆਂ ਫਸਲਾਂ ਦਾ ਦਿੱਤਾ ਜਾਵੇ ਮੁਆਵਜ਼ਾ : ਜੋਗੇ ਵਾਲਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲਗਾਤਾਰ ਭਾਰੀ ਮੀਂਹ ਕਾਰਨ ਪੂਰੇ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਫਸਲਾਂ, ਪਸ਼ੂਆਂ ਤੇ ਘਰਾਂ ਦੇ ਡਿੱਗਣ ਕਾਰਨ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ।ਇਸ ਸੰਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਮਲਕਾਣਾ ਪਿੰਡ ਵਿੱਚ ਕਿਸਾਨਾਂ ਨੂੰ ਮਿਲੇ।ਇਸ ਸਮੇਂ ਕਿਸਾਨਾਂ ਨੇ ਭਾਰੀ ਮੀਂਹ ਤੇ ਝੱਖੜ ਕਾਰਨ ਨਰਮੇ ਦੀ ਫਸਲ ਦੇ ਹੋਏ ਨੁਕਸਾਨ ਬਾਰੇ ਜਾਣਕਾਰੀ ਦਿੱਤੀ।ਜ਼ਿਲ੍ਹਾ ਆਗੂ ਨੇ ਦੱਸਿਆ ਕਿ ਨਰਮੇ, ਗੁਆਰੇ ਦੀ ਫਸਲ ਦਾ ਮੀਂਹ ਤੇ ਝੱਖੜ ਕਾਰਨ ਵੱਡਾ ਨੁਕਸਾਨ ਹੋਇਆ ਹੈ।ਨਰਮੇ ਦੀ ਫਸਲ ਪਿਛਲੇ ਕਈ ਸਾਲਾਂ ਤੋਂ ਗੁਲਾਬੀ ਸੁੰਡੀ ਕਾਰਨ ਖਰਾਬ ਹੋ ਰਹੀ ਹੈ, ਇਸ ਸਾਲ ਕਿਸਾਨਾਂ ਨੇ ਬਠਿੰਡਾ, ਮਾਨਸਾ ਵਿੱਚ ਬਿਜਾਈ ਦਾ ਖੇਤਰ ਵਧਾਇਆ ਸੀ, ਪਰ ਹੁਣ ਫਸਲ ਵੱਡੀ ਪੱਧਰ 'ਤੇ ਨੁਕਸਾਨੀ ਗਈ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਨਰਮੇ, ਗੁਆਰੇ ਤੇ ਹੋਰ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਕੀਤੀ ਜਾਵੇ ਅਤੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇ।ਘਰਾਂ ਤੇ ਪਸ਼ੂਆਂ ਦਾ ਜੋ ਨੁਕਸਾਨ ਹੋਇਆ ਹੈ, ਉਸ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ।

## ਡੀ ਸੀ ਵੱਲੋਂ ਸਰਦੂਲਗੜ੍ਹ ਵਿਖੇ ਘੱਗਰ ਦਰਿਆ ਦਾ ਦੌਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਲਗਾਤਾਰ ਭਾਰੀ ਮੀਂਹ ਕਾਰਨ ਹੜ੍ਹਾਂ ਜਿਹੀ ਸਥਿਤੀ ਬਣਨ ਕਾਰਨ ਪਾਣੀ ਦੇ ਵਧ ਰਹੇ ਪੱਧਰ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਸਰਦੂਲਗੜ੍ਹ ਵਿਖੇ ਘੱਗਰ ਦਰਿਆ ਦਾ ਦੌਰਾ ਕੀਤਾ।ਇਸ ਮੌਕੇ ਮੀਡੀਆ ਕਰਮੀਆਂ ਦੇ ਕੁੱਝ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਘੱਗਰ ਦੇ ਪਾਣੀ ਨੂੰ ਸੰਭਾਲਣ ਦੀ 26 ਫੁੱਟ ਤੱਕ ਦੀ ਸਮਰੱਥਾ ਹੈ ਤੇ ਇਸ ਵੇਲੇ ਇਸ ਦਰਿਆ ਵਿੱਚ 20 ਫੁੱਟ ਤੱਕ ਪਾਣੀ ਦਾ ਵਹਾਅ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਨੁਮਾਇੰਦੇ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਨੂੰ ਹੱਲ ਕਰਨ ਲਈ ਵਚਨਬੱਧ ਹਨ ਤੇ ਪਾਣੀ ਤੋਂ ਹੋਣ ਵਾਲੇ ਨੁਕਸਾਨ ਸਬੰਧੀ ਪਹਿਲਾਂ ਤੋਂ ਹੀ ਜਾਇਜ਼ਾ ਲਿਆ ਜਾ ਚੁੱਕਾ ਹੈ ਅਤੇ ਬਦਲਵੇਂ ਪ੍ਰਬੰਧਾਂ ਦਾ ਇੰਤਜ਼ਾਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ।ਇਸ ਦੌਰੇ ਉਪਰੰਤ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨਾਲ ਵੀ ਉਨ੍ਹਾਂ ਮੀਟਿੰਗ ਕੀਤੀ ਤੇ ਵਧ ਰਹੇ ਪਾਣੀ ਕਾਰਨ ਬਣ ਰਹੀ ਸਥਿਤੀ ਬਾਰੇ ਵਿਚਾਰ ਚਰਚਾ ਕੀਤੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਕਾਸ਼ ਬਾਂਸਲ, ਸਹਾਇਕ ਕਮਿਸ਼ਨਰ (ਸਿਖਲਾਈ ਅਧੀਨ) ਗੁਰਲੀਨ ਕੌਰ ਆਈ.ਏ.ਐੱਸ., ਐੱਸ.ਡੀ.ਐੱਮ. ਕਾਲਾ ਰਾਮ ਕਾਂਸਲ, ਐਕਸੀਅਨ ਡਰੇਨੇਜ ਭਾਵੁਕ ਸ਼ਰਮਾ, ਐੱਸ.ਡੀ.ਓ. ਵਿਕਾਸ ਸਿੰਗਲਾ ਆਦਿ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਭਕਨਾ ਤੋਂ ਖਟਕੜ ਕਲਾਂ ...

ਨੀਤੀ ਦੇ ਵਿਰੁੱਧ ਲੜੀਏ। ਖੇਤ ਮਜ਼ਦੂਰਾਂ ਤੇ ਫੈਕਟਰੀ ਮਜ਼ਦੂਰਾਂ ਦੀ ਜ਼ਿੰਦਗੀ ਖ਼ੁਸ਼ਹਾਲ ਬਣਾਉਣ ਵਾਸਤੇ ਮਜ਼ਦੂਰਾਂ ਨੂੰ ਲਾਮਬੰਦ ਕਰੀਏ।ਨਰੇਗਾ ਕਾਮਿਆਂ ਨੂੰ ਰੁਜ਼ਗਾਰ ਦਿਵਾਉਣ ਵਾਸਤੇ ਸਰਕਾਰ ਵਿਰੁੱਧ ਮੋਰਚਾ ਲਾਈਏ।

ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਔਰਤਾਂ ਦੇ ਰੁਜ਼ਗਾਰ ਵਾਸਤੇ ਔਰਤਾਂ ਨੂੰ ਪਾਰਟੀ ਨਾਲ ਜੋੜੀਏ। ਔਰਤਾਂ ਸਮਾਜ ਦਾ ਅੱਧਾ ਹਿੱਸਾ ਹਨ।ਇਸ ਲਈ ਦਾਣਾ ਮੰਡੀ ਮੁਹਾਲੀ ਰੈਲੀ ਵਿੱਚ ਵੱਧ ਤੋਂ ਵੱਧ ਔਰਤਾਂ ਪਹੁੰਚਣਗੀਆਂ, ਜਿਨ੍ਹਾਂ ਵਿੱਚ ਵਧੇਰੇ ਖੇਤ ਮਜ਼ਦੂਰ ਔਰਤਾਂ ਹੋਣਗੀਆਂ। ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਮੋਦੀ ਸਰਕਾਰ ਨਰੇਗਾ ਕਾਨੂੰਨ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ। ਜੇ ਕੰਮ ਦਿੱਤਾ ਜਾਂਦਾ ਹੈ ਤਾਂ ਫਿਰ ਪੈਸੇ ਖਾਤਿਆਂ ਵਿੱਚ ਨਹੀਂ ਪਾਏ ਜਾਂਦੇ। ਸਮਾਗਮ ਨੂੰ ਮਹਿੰਦਰਪਾਲ ਸਿੰਘ ਮੁਹਾਲੀ ਸੂਬਾ ਕਾਰਜਕਾਰਨੀ ਮੈਂਬਰ, ਕਿਸਾਨ ਆਗੂ ਸੂਰਤ ਸਿੰਘ ਧਰਮਕੋਟ, ਨਰੰਜਣ ਦਾਸ ਮੇਹਲੀ, ਪਰਮਿੰਦਰ ਮੇਨਕਾ, ਜਸਵਿੰਦਰ ਸਿੰਘ ਭੰਗਲ ਅਤੇ ਇਸਤਰੀ ਸਭਾ ਦੀ ਆਗੂ ਜੁਗਿੰਦਰ ਕੌਰ ਨੇ ਵੀ ਸੰਬੋਧਨ ਕੀਤਾ।

### ਖੱਬੇ ਪੱਖੀ ਏਕਤਾ ਦੀ ਖਾਹਿਸ਼ ਨੂੰ ਵੀ ਹੁੰਗਾਰਾ

ਜਥਾ ਮਾਰਚ ਜਦੋਂ ਪਿੰਡ ਬੀਕਾ ਪਹੁੰਚਿਆ ਤਾਂ ਇਸ ਦੇ ਸਵਾਗਤ ਲਈ ਸੀ ਪੀ ਆਈ ਦੇ ਕਾਰਕੁਨਾਂ ਦੇ ਨਾਲ ਆਰ ਐੱਮ ਪੀ ਆਈ ਦੇ ਆਗੂ ਤੇ ਵਰਕਰ ਵੀ ਉਤਸ਼ਾਹ ਨਾਲ ਸ਼ਾਮਲ ਹੋਏ। ਆਰ ਐੱਮ ਪੀ ਆਈ ਵੱਲੋਂ ਜਥੇ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਜਥੇ ਦਾ ਧੰਨਵਾਦ ਵੀ ਆਰ ਐੱਮ ਪੀ ਆਈ ਦੇ ਆਗੂ ਹਰਪਾਲ ਸਿੰਘ ਜਗਤਪੁਰ ਨੇ ਕੀਤਾ।

ਇਸ ਵਰਤਾਰੇ ਨੂੰ ਖੱਬੀਆਂ ਧਿਰਾਂ ਦੀ ਏਕਤਾ ਦੀ ਖਾਹਿਸ਼ ਨੂੰ ਹੁੰਗਾਰਾ ਸਮਝਣਾ ਚਾਹੀਦਾ ਹੈ।

### ਖੱਬੇ ਪੱਖੀ ਏਕਤਾ ਦੀ ਖਾਹਿਸ਼ ਨੂੰ ਵੀ ਹੁੰਗਾਰਾ

ਜਥਾ ਮਾਰਚ ਜਦੋਂ ਪਿੰਡ ਬੀਕਾ ਪਹੁੰਚਿਆ ਤਾਂ ਇਸ ਦੇ ਸਵਾਗਤ ਲਈ ਸੀ ਪੀ ਆਈ ਦੇ ਕਾਰਕੁਨਾਂ ਦੇ ਨਾਲ ਆਰ ਐੱਮ ਪੀ ਆਈ ਦੇ ਆਗੂ ਤੇ ਵਰਕਰ ਵੀ ਉਤਸ਼ਾਹ ਨਾਲ ਸ਼ਾਮਲ ਹੋਏ। ਆਰ ਐੱਮ ਪੀ ਆਈ ਵੱਲੋਂ ਜਥੇ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਜਥੇ ਦਾ ਧੰਨਵਾਦ ਵੀ ਆਰ ਐੱਮ ਪੀ ਆਈ ਦੇ ਆਗੂ ਹਰਪਾਲ ਸਿੰਘ ਜਗਤਪੁਰ ਨੇ ਕੀਤਾ। ਇਸ ਵਰਤਾਰੇ ਨੂੰ ਖੱਬੀਆਂ ਧਿਰਾਂ ਦੀ ਏਕਤਾ ਦੀ ਖਾਹਿਸ਼ ਨੂੰ ਹੁੰਗਾਰਾ ਸਮਝਣਾ ਚਾਹੀਦਾ ਹੈ।

### ਭਗਵਾਂਧਾਰੀਆਂ ਦੇ ਸਈਦਾ ...

ਵਸਤੂਆਂ ਰਾਹੀਂ ਆਪਣਾ ਰੋਟੀ-ਰੋਜ਼ੀ ਕਮਾ ਰਹੇ ਸਨ, ਦੀ ਜ਼ਮੀਨ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਵੇਚ ਦਿੱਤੀ ਗਈ ਹੈ ਅਤੇ ਜੰਗਲ ਵਾਸੀਆਂ ਨੂੰ ਚੁੱਕ ਕੇ ਡਿਟੈਂਸ਼ਨ ਸੈਂਟਰਾਂ ਵਿੱਚ ਭੇਜ ਦਿੱਤਾ ਗਿਆ ਹੈ।ਇਹ ਇਸ ਲਈ ਕੀਤਾ ਗਿਆ ਹੈ ਕਿ ਉਹ ਆਪਣੇ ਹੱਕ ਵਿੱਚ ਆਵਾਜ਼ ਬੁਲੰਦ ਨਾ ਕਰ ਸਕਣ ਅਤੇ ਲੋਕਾਂ ਨੂੰ ਉਹਨਾਂ ਨਾਲ ਹੋਏ ਜ਼ੁਲਮ ਦਾ ਪਤਾ ਨਾ ਲੱਗੇ।ਇਸ ਸਿਲਸਿਲੇ ਵਿੱਚ ਪ੍ਰੈੱਸ ਕਾਨਫਰੰਸ ਕਰ ਰਹੇ ਬੁੱਧੀਜੀਵੀਆਂ ਉੱਤੇ ਭਗਵੇਂ ਕੱਪੜੇ ਪਾ ਕੇ ਹੱਥਾਂ ਵਿੱਚ ਬੈਨਰ ਫੜ ਕੇ ਹਮਲਾ ਕਰਵਾਉਣਾ ਬੋਲਣ ਦੀ ਆਜ਼ਾਦੀ, ਜੋ ਕਿ ਸਾਡਾ ਮੁਢਲਾ ਅਧਿਕਾਰ ਹੈ, 'ਤੇ ਹਮਲਾ ਹੈ।ਸਰਕਾਰ ਕਾਰਪੋਰੇਟਾਂ ਕੋਲ ਵਿਕ ਚੁੱਕੀ ਹੈ ਅਤੇ ਇਹ ਬਰਦਾਸ਼ਤ ਨਹੀਂ ਕਰਦੀ ਕਿ ਕੋਈ ਵਿਰੋਧ ਵਿੱਚ ਇੱਕ ਸ਼ਬਦ ਵੀ ਬੋਲੇ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਕਲੱਬ ਵਿੱਚੋਂ ਬਾਹਰ ਆਉਂਦੇ ਹੀ ਉਹਨਾਂ ਨੂੰ ਪੈਸੇ ਵੰਡੇ ਗਏ।ਪੰਜਾਬ ਇਸਤਰੀ ਸਭਾ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਨਾਲ ਇੱਕਜੁਟਤਾ ਦਾ ਇਜ਼ਹਾਰ ਕਰਦੇ ਹੋਏ ਐਕਸ਼ਨ ਉਲੀਕੇਗੀ ਅਤੇ ਸਈਦਾ ਹਮੀਦ ਅਤੇ ਬੁੱਧੀਜੀਵੀਆਂ 'ਤੇ ਹੋਏ ਹਮਲੇ ਦਾ ਵਿਰੋਧ ਵੀ ਕਰੇਗੀ। ਉਹ ਅਸਾਮ ਵਿੱਚ ਜੰਗਲੀ ਲੋਕਾਂ 'ਤੇ ਹੋ ਰਹੇ ਜ਼ੁਲਮ ਦੀ ਨਿਖੇਧੀ ਵੀ ਕਰਦੀ ਹੈ।

### ਰਾਹਤ ਤੇ ਬਚਾਅ ਕਾਰਜਾਂ ...

ਕਾਰਜਾਂ ਦੇ ਨਾਲ-ਨਾਲ ਮੈਡੀਕਲ ਟੀਮਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਦੇ ਨਮੂਨੇ ਲੈਣ, ਘਰਾਂ ਤੇ ਪਿੰਡਾਂ ਦੇ ਅੰਦਰ ਅਤੇ ਬਾਹਰ ਸਪਰੇਅ ਦੇ ਛਿੜਕਾਅ, ਪਾਣੀ ਦੀ ਕਲੋਰੀਨੇਸ਼ਨ, ਬੁਖਾਰ ਦੇ ਸਰਵੇਖਣ, ਮਲੇਰੀਆ ਅਤੇ ਡੇਂਗੂ ਦਾ ਸਮੇਂ ਸਿਰ ਪਤਾ ਲਾਉਣ ਲਈ ਕਾਰਡ ਟੈਸਟ ਅਤੇ ਸੈਨੇਟਰੀ ਨੈਪਕਿਨ ਅਤੇ ਮੱਛਰਦਾਨੀਆਂ ਵੰਡਣ ਦੇ ਕਾਰਜਾਂ ਲਈ ਤਿਆਰ ਰਹਿਣ।ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਪਿੰਡਾਂ ਵਿੱਚ ਸਾਫ਼ ਤੇ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਪਾਣੀ ਦੇ ਟੈਂਕਰਾਂ ਨੂੰ ਉਦੋਂ ਤੱਕ ਸੇਵਾ ਲਈ ਲਾਇਆ ਜਾਵੇ, ਜਦੋਂ ਤੱਕ ਜਲ ਸਪਲਾਈ ਸਕੀਮਾਂ ਰਾਹੀਂ ਸਪਲਾਈ ਪੂਰੀ ਤਰ੍ਹਾਂ ਬਹਾਲ ਨਹੀਂ ਹੋ ਜਾਂਦੀ।


## ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਦੀ ਆੜ੍ਹਤੀਆਂ ਨਾਲ ਮੀਟਿੰਗ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਆਬਕਾਰੀ ਤੇ ਕਰ ਵਿਭਾਗ ਦੇ ਸਟੇਟ ਟੈਕਸ ਦਫ਼ਤਰ ਵੱਲੋਂ ਆੜ੍ਹਤੀਆ ਨਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ ਵਿੱਚ ਇੰਸਪੈਕਟਰ ਦਲਵਿੰਦਰ ਸਿੰਘ ਤੇ ਲੇਖਾਕਾਰ ਆਰਤੀ ਤਲਵਾੜ ਨੇ ਆਪਣੇ ਸਟਾਫ ਮੈਂਬਰਾਂ ਸਮੇਤ ਸ਼ਿਰਕਤ ਕੀਤੀ।ਮੀਟਿੰਗ ਆੜ੍ਹਤੀਆ ਐਸੋਸੀਏਸ਼ਨ ਦੇ ਦਫ਼ਤਰ ਵਿਖੇ ਹੋਈ, ਜਿਸਦੀ ਪ੍ਰਧਾਨਗੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਕੀਤੀ।ਮੀਟਿੰਗ ਦੌਰਾਨ ਇੰਸਪੈਕਟਰ ਦਲਵਿੰਦਰ ਸਿੰਘ ਨੇ ਆੜ੍ਹਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਸਰਕਾਰ ਨੇ ਆੜ੍ਹਤੀਆਂ ਨੂੰ ਸਾਲਾਨਾ ਚਾਰ ਲੱਖ ਰੁਪਏ ਦੀ ਆੜ੍ਹਤ ਉੱਤੇ ਟੈਕਸ ਦੇਣ ਲਈ ਪਾਬੰਦ ਕੀਤਾ ਹੈ।ਇਸ ਤੋਂ ਇਲਾਵਾ ਜੇ ਕਿਸੇ ਆੜ੍ਹਤੀਆ ਦੀ ਮਾਸਿਕ ਆਮਦਨ ਦੋ ਲੱਖ ਪੰਜਾਹ ਹਜ਼ਾਰ ਰੁਪਏ ਹੈ, ਤਾਂ ਉਸ ਨੂੰ 200 ਰੁਪਏ ਪ੍ਰਤੀ ਮਹੀਨਾ ਟੈਕਸ ਦੇਣਾ ਲਾਜ਼ਮੀ ਹੋਵੇਗਾ।ਉਨ੍ਹਾਂ ਆੜ੍ਹਤੀਆਂ ਨੂੰ ਸਮੇਂ ਸਿਰ ਟੈਕਸ ਜਮ੍ਹਾ ਕਰਾਉਣ ਲਈ ਜਾਗਰੂਕ ਕੀਤਾ ਤਾਂ ਜੁ ਭਵਿੱਖ ਵਿੱਚ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਨਾ ਆਵੇ।ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਭਰੋਸਾ ਦਵਾਇਆ ਕਿ ਉਹ ਆਪਣੀ ਜਥੇਬੰਦੀ ਦੀ ਸੂਬਾਈ ਕਮੇਟੀ ਨਾਲ ਗੱਲਬਾਤ ਕਰਕੇ ਸਰਕਾਰ ਦੇ ਨਿਯਮਾਂ ਅਨੁਸਾਰ ਕਾਰਵਾਈ ਕਰਨਗੇ।ਉਨ੍ਹਾਂ ਕਿਹਾ ਕਿ ਆੜ੍ਹਤੀਆਂ ਦੇ ਹਿਤਾਂ ਦੀ ਰੱਖਿਆ ਕਰਦੇ ਹੋਏ, ਸਰਕਾਰੀ ਹੁਕਮਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ।

# ਵਿਧਾਇਕ ਨੇ ਹੜ੍ਹ ਪੀੜਤਾਂ ਲਈ ਰਾਸ਼ਨ ਦੀਆਂ ਵੈਨਾਂ ਨੂੰ ਕੀਤਾ ਰਵਾਨਾ

**ਪੰਜਾਬ ਸਰਕਾਰ ਹਰ ਵੇਲੇ ਲੋਕਾਂ ਦੀ ਮਦਦ ਲਈ ਤਿਆਰ : ਸੇਖੋਂ**



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਫਿਰੋਜ਼ਪੁਰ ਦੇ ਪਿੰਡਾਂ ਵਿੱਚ ਆਏ ਹੜ੍ਹ ਕਾਰਨ ਲੋਕਾਂ ਦੀ ਮਦਦ ਲਈ ਪੀਣ ਵਾਲੇ ਪਾਣੀ ਅਤੇ ਪਸ਼ੂਆਂ ਲਈ ਹਰੇ ਚਾਰੇ ਦੀਆਂ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਮੌਕੇ ਵਿਧਾਇਕ ਸੇਖੋਂ ਨੇ ਕਿਹਾ ਕਿ ਕੁਦਰਤੀ ਆਫਤ ਕਾਰਨ ਫਿਰੋਜ਼ਪੁਰ ਦੇ ਸਤਲੁਜ ਲਾਗਲੇ ਪਿੰਡਾਂ ਵਿੱਚ ਆਏ ਹੜ੍ਹ ਕਾਰਨ ਸਥਿਤੀ ਬਹੁਤ ਹੀ ਨਾਜ਼ੁਕ ਬਣੀ ਹੋਈ ਹੈ, ਜਿਸ ਕਰਕੇ ਉਥੇ ਲੋਕਾਂ ਦੀ ਮਦਦ ਲਈ ਅੱਜ ਪੀਣ ਵਾਲੇ ਪਾਣੀ ਤੇ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਕੇ ਭੇਜਿਆ ਗਿਆ ਹੈ ਤਾਂ ਜੋ ਇਸ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੀ ਮਦਦ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਅੱਗੇ ਵੀ ਹੋਰ ਜ਼ਰੂਰੀ ਵਸਤਾਂ ਜਿਵੇਂ ਕਿ ਸੁੱਕਾ ਰਾਸ਼ਨ, ਪਸ਼ੂਆਂ ਲਈ ਹੋਰ ਚਾਰੇ ਆਦਿ ਦੀਆਂ ਗੱਡੀਆਂ ਭੇਜਣ ਦਾ ਸਿਲਸਿਲਾ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵੇਲੇ ਸੂਬੇ ਦੇ ਲੋਕਾਂ ਦੇ ਨਾਲ ਖੜ੍ਹੀ ਹੈ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਤੇਜ ਸਿੰਘ ਖੋਸਾ, ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ, ਅਮਰਜੀਤ ਸਿੰਘ ਪਰਮਾਰ ਤੋਂ ਇਲਾਵਾ ਹੋਰ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਬਲਾਕ ਤਰਸਿੱਕਾ ਨੂੰ ਮੁੜ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਲੋਕ ਸੜਕਾਂ 'ਤੇ ਉਤਰੇ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਵਿਧਾਇਕ ਅਤੇ ਮੰਤਰੀ ਹਰਭਜਨ ਸਿੰਘ ਈਟੀਓ ਖਿਲਾਫ ਲੋਕਾਂ ਦਾ ਗੁੱਸਾ ਸਿਖਰ 'ਤੇ ਪਹੁੰਚ ਗਿਆ ਹੈ।ਸਰਕਾਰ ਵੱਲੋਂ ਬਲਾਕ ਤਰਸਿੱਕਾ ਨੂੰ ਖ਼ਤਮ ਕਰਨ ਦੇ ਫੈਸਲੇ ਦੇ ਵਿਰੋਧ ਵਿੱਚ ਪਿੰਡ ਜੱਬੋਵਾਲ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਮੰਤਰੀ ਹਰਭਜਨ ਸਿੰਘ ਈਟੀਓ ਦਾ ਪੁਤਲਾ ਫੂਕਿਆ ਅਤੇ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪਿੰਡ ਵਾਸੀਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਬਲਾਕ ਤਰਸਿੱਕਾ ਨੂੰ ਮੁੜ ਬਹਾਲ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।ਪ੍ਰਦਰਸ਼ਨ ਕਰ ਰਹੇ ਪਿੰਡ ਦੇ ਮੋਹਤਬਰ ਆਗੂਆਂ ਨੇ ਦੱਸਿਆ ਕਿ ਸਰਕਾਰ ਬਲਾਕ ਤਰਸਿੱਕਾ ਨੂੰ ਮੁੜ ਸਰਕਾਰੀ ਗਜ਼ਟ ਵਿੱਚ ਸ਼ਾਮਲ ਕਰੇ ਅਤੇ ਬਲਾਕ ਤਰਸਿੱਕਾ ਨੂੰ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰੇ।ਉਨ੍ਹਾਂ ਨੇ ਕਿਹਾ ਕਿ ਜਦੋਂ ਤੱਕ ਇਹ ਮੰਗ ਪੂਰੀ ਨਹੀਂ ਹੁੰਦੀ, ਉਹ ਕਿਸੇ ਵੀ ਹੋਰ ਲਾਰੇ ਜਾਂ ਝਾਂਸੇ ਵਿੱਚ ਫਸਣ ਵਾਲੇ ਨਹੀਂ।ਲੋਕਾਂ ਨੇ ਈਟੀਓ ਨੂੰ ਸਿੱਧੀ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਮੰਗ ਪੂਰੀ ਨਾ ਹੋਈ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਮੰਤਰੀ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ।ਇਸ ਮੌਕੇ ਪਿੰਡ ਦੇ ਆਮ ਲੋਕ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ ਅਤੇ ਉਨ੍ਹਾਂ ਨੇ ਸਰਕਾਰ ਦੇ ਫੈਸਲੇ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ।ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਲੋਕਾਂ ਦੇ ਹਿੱਤਾਂ ਦੇ ਖਿਲਾਫ ਹੈ ਅਤੇ ਉਹ ਇਸ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ।

## ਖ਼ਾਲਸਾ ਕਾਲਜ ਆਫ ਲਾਅ ਵਿਖੇ ਨਸ਼ਾਖੋਰੀ ਵਿਸ਼ੇ 'ਤੇ ਸੈਮੀਨਾਰ ਆਯੋਜਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖ਼ਾਲਸਾ ਕਾਲਜ ਆਫ਼ ਲਾਅ ਵਿਖੇ 'ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੇਵੀਗੇਸ਼ਨ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਕਾਲਜ ਦੇ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਸੀ. ਜੇ. ਐੱਮ. ਕਮ ਸਕੱਤਰ ਸ: ਅਮਰਦੀਪ ਸਿੰਘ ਬੈਂਸ, ਦੇਵਕੀ ਰਿਊਮੈਟਾਲੋਜੀ ਹਸਪਤਾਲ ਵਿਖੇ ਅਭਿਆਸ ਕਰ ਰਹੇ ਮਨੋਰੋਗ ਵਿਗਿਆਨੀ ਡਾ. ਨਿਸ਼ਠਾ ਗੁਪਤਾ ਅਤੇ ਸ਼ਰਤ ਵਸ਼ਿਸ਼ਟ, ਕਾਨੂੰਨੀ ਕਾਰਵਾਈ ਲਈ ਸੰਸਥਾਪਕ, ਟਰੱਸਟੀ ਪ੍ਰਧਾਨ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।ਕਾਲਜ ਦੇ ਕਾਨੂੰਨੀ ਸਹਾਇਤਾ ਕਲੀਨਿਕ ਦੁਆਰਾ ਆਯੋਜਿਤ ਉਕਤ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਸਿਹਤ ਦੇ ਨਾਲ-ਨਾਲ ਉਨ੍ਹਾਂ ਦੇ ਨਿੱਜੀ ਅਤੇ ਪੇਸ਼ੇਵਰ ਜੀਵਨ 'ਤੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨਾ ਸੀ। ਸੈਮੀਨਾਰ ਦੀ ਸ਼ੁਰੂਆਤ ਮੌਕੇ ਡਾ. ਜਸਪਾਲ ਸਿੰਘ ਨੇ ਆਏ ਉਕਤ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਸ: ਬੈਂਸ ਨੇ 'ਡਰੱਗ ਐਂਡ ਐਡਿਕਸ਼ਨ' ਵਿਸ਼ੇ 'ਤੇ ਭਾਸ਼ਣ ਦਿੰਦਿਆਂ ਸਮਾਜ, ਕਾਲਜਾਂ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਚ ਨਸ਼ੇ ਦੇ ਵੱਧ ਰਹੇ ਰੁਝਾਨ ਦੀ ਦੁਖਦਾਈ ਹਕੀਕਤ ਨੂੰ ਉਜਾਗਰ ਕੀਤਾ। ਸੈਮੀਨਾਰ ਮੌਕੇ ਡਾ. ਗੁਪਤਾ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਾ ਭਾਰਤ ਭਰ 'ਚ ਇੱਕ ਮਹੱਤਵਪੂਰਨ ਅਤੇ ਵੱਧ



ਰਹੀ ਚਿੰਤਾ ਹੈ, ਜੋ ਵਿਅਕਤੀਆਂ, ਪਰਿਵਾਰਾਂ ਅਤੇ ਸਮਾਜ ਲਈ ਵੱਡੇ ਪੱਧਰ 'ਤੇ ਗੰਭੀਰ ਚੁਣੌਤੀਆਂ ਖੜ੍ਹੀਆਂ ਕਰਦੀ ਹੈ। ਉਨ੍ਹਾਂ ਕਿਹਾ ਕਿ ਪਦਾਰਥਾਂ ਦੀ ਵਰਤੋਂ ਸਬੰਧੀ ਵਿਕਾਰ ਇਕ ਵੱਡਾ ਜਨਤਕ ਸਿਹਤ ਮੁੱਦਾ ਹੈ, ਜੋ ਮਨੋਵਿਗਿਆਨਕ ਪ੍ਰੇਸ਼ਾਨੀ, ਪੱਖਪਾਤ, ਕਲੰਕ ਅਤੇ ਭਾਈਚਾਰਕ ਅਸਥਿਰਤਾ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਜੈਨੇਟਿਕ ਸੰਵੇਦਨਸ਼ੀਲਤਾ, ਮਾਨਸਿਕ ਸਿਹਤ ਸਥਿਤੀਆਂ ਅਤੇ ਨਕਾਰਾਤਮਕ ਪਰਿਵਾਰਕ ਵਾਤਾਵਰਣ ਵਰਗੇ ਕਾਰਕ ਜਿਸ 'ਚ ਬੱਚਿਆਂ ਨਾਲ ਬਦਸਲੂਕੀ ਜਾਂ ਅਣਗਹਿਲੀ ਸ਼ਾਮਲ ਹੈ, ਵਿਅਕਤੀਆਂ ਦੀ ਨਸ਼ਿਆਂ ਦੀ ਦੁਰਵਰਤੋਂ ਪ੍ਰਤੀ ਕਮਜ਼ੋਰੀ ਨੂੰ ਕਾਫ਼ੀ ਵਧਾਉਂਦੇ ਹਨ। ਇਸ ਮੌਕੇ ਵਿਦਿਆਰਥੀਆਂ ਨੇ ਵੀ ਸਰਗਰਮੀ ਨਾਲ ਹਿੱਸਾ ਲੈਂਦਿਆਂ 'ਨਸ਼ਾਖੋਰੀ' ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਡਾ. ਗੁਨੀਸ਼ਾ ਸਲੂਜਾ, ਡਾ. ਪੂਰਨਿਮਾ ਖੰਨਾ, ਡਾ. ਦਿਵਿਆ ਸ਼ਰਮਾ, ਡਾ. ਹਰਪ੍ਰੀਤ ਕੌਰ, ਡਾ. ਰਸ਼ੀਮਾ ਚੰਗੋਤਰਾ, ਡਾ. ਰੇਨੂ ਸੈਣੀ, ਡਾ. ਅਨੀਤਾ ਸ਼ਰਮਾ, ਪ੍ਰੋ. ਮਨਸੀਰਤ ਕੌਰ, ਪ੍ਰੋ. ਸੁਗਮ, ਪ੍ਰੋ. ਹੇਮਾ ਸਿੰਘ ਆਦਿ ਹੋਰ ਫੈਕਲਟੀ ਮੈਂਬਰ ਮੌਜੂਦ ਸਨ।

## ਆਸ਼ਾ ਵਰਕਰਾਂ ਤੇ ਸੁਪਰਵਾਈਜ਼ਰਾਂ ਦੀ ਕਲਮਛੋੜ ਹੜਤਾਲ ਚੌਥੇ ਦਿਨ 'ਚ ਦਾਖ਼ਲ

**ਪੱਟੀ (ਬਲਦੇਵ ਸਿੰਘ ਸੰਧੂ)-** ਆਸ਼ਾ ਵਰਕਰਾਂ ਤੇ ਸੁਪਰਵਾਈਜ਼ਰਾਂ ਦੇ ਸਾਂਝੇ ਮੋਰਚੇ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ 25 ਅਗਸਤ ਤੋਂ 31 ਕਲਮਛੋੜ ਹੜਤਾਲ ਕਰਕੇ ਸਿਵਲ ਹਸਪਤਾਲ ਘਰਿਆਲਾ ਵਿਖੇ ਰੋਸ ਧਰਨਾ ਤੀਸਰੇ ਦਿਨ ਵੀ ਜਾਰੀ ।ਸੂਬਾ ਸਰਕਾਰ ਖ਼ਿਲਾਫ਼ ਜੰਮ ਕੇ ਭੜਾਸ ਕੱਢੀ ।ਸੂਬਾ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਕੱਟੇ ਹੋਏ ਭੱਤੇ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ। ਫੈਸੀਲੀਟੇਟਰਜ਼ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲਾ 1 ਹਜ਼ਾਰ ਅਤੇ ਟੂਰ ਮਨੀ ਵਿੱਚ ਵਾਧਾ ਕੀਤਾ ਜਾਵੇ, 10 ਆਸ਼ਾ ਵਰਕਰਾਂ ਪਿੱਛੇ ਇੱਕ ਫੈਸਿਲੀਟੇਟਰਜ਼ ਭਰਤੀ ਕਰਦੇ ਹੋਏ ਕੰਮਾਂ ਦੇ ਬੋਝ ਨੂੰ ਘਟਾਇਆ ਜਾਵੇ, ਸੇਵਾ ਮੁਕਤ ਵਰਕਰਾਂ ਨੂੰ ਸਹਾਇਤਾ ਰਾਸ਼ੀ ਘੱਟੋ ਘੱਟ ਪੰਜ ਲੱਖ ਰੁਪਏ ਦੇਣਾ ਯਕੀਨੀ ਬਣਾਇਆ ਜਾਵੇ।ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ, ਮਿਲਣ ਵਾਲੇ ਵਿਕਸ ਤੰਤਾ 2500 ਰੁਪਏ ਨੂੰ ਸੱਤਾ ਵਿੱਚ ਆਉਣ ਤੇ ਪਹਿਲਾਂ ਕੀਤੇ ਵਾਅਦੇ ਅਨੁਸਾਰ 10 ਹਜ਼ਾਰ ਕੀਤਾ ਜਾਵੇ।ਆਸ਼ਾ ਪ੍ਰੋਫਾਰਮੇ ਅਨੁਸਾਰ 54/55 ਕੰਮਾਂ ਨੂੰ ਪੱਕੇ ਤੌਰ 'ਤੇ ਆਸ਼ਾ ਦੇ ਗਲ ਮੜ੍ਹ ਦਿੱਤਾ ਗਿਆ ਹੈ। ਕੰਮ ਕਰ ਵੀ ਰਹੀਆਂ ਹਨ ਤੇ ਕਰਨਾ ਵੀ ਪੈਂਦਾ



ਹੈ।ਨਿਗੂਣੇ ਇੰਨਸੈਂਟਿਵ ਤੇ ਪਰਿਵਾਰਾਂ ਦਾ ਪਾਲਣਾ ਬੜਾ ਮੁਸ਼ਕਲ ਹੋ ਗਿਆ ਹੈ।ਪ੍ਰਧਾਨ ਮਨਜਿੰਦਰ ਕੌਰ ਨੇ ਆਖਿਆ ਕਿ ਆਸ਼ਾ ਵਰਕਰਾਂ ਅਤੇ ਫੈਸੀਲੀਟੇਟਰਾਂ ਨੂੰ ਹਰ ਮਹੀਨੇ ਦੀ ਵਿਕਸ ਤੰਤੇ ਅਜੇ ਤੱਕ ਨਹੀਂ ਮਿਲੇ।ਆਸ਼ਾ ਆਈ ਡੀ ਦੇ ਪੈਸੇ ਅਜੇ ਤੱਕ ਨਹੀਂ ਆਏ। ਬਜ਼ੁਰਗ ਦੀ ਦੇਖਭਾਲ ਦੇ 1 ਹਜ਼ਾਰ ਰੁਪਏ ਭੱਤਾ ਵੀ ਨਹੀਂ ਜਾਰੀ ਹੋਏ ।ਮੁਸ਼ਕਿਲਾਂ ਦੀ ਸੁਣਵਾਈ ਨਾ ਹੋਣ ਕਾਰਨ ਸਿਵਲ ਸਰਜਨ ਦਫਤਰਾਂ ਅੱਗੇ 31 ਅਗਸਤ ਤੱਕ ਪੂਰਨ ਤੌਰ 'ਤੇ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਬਾਈਕਾਟ ਕੀਤਾ ਨੋਟਿਸ ਦਿੱਤਾ ਜਾ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸਰਬਜੀਤ ਕੌਰ ਮੀਤ ਪ੍ਰਧਾਨ, ਅਮਰਦੀਪ ਕੌਰ ਬਲਾਕ ਪ੍ਰਧਾਨ, ਸਰਬਜੀਤ ਕੌਰ, ਮਨਦੀਪ ਕੌਰ ਖ਼ਜ਼ਾਨਚੀ ਰਾਜਵਿੰਦਰ ਕੌਰ ਵੀਰਪਾਲ ਕੌਰ ਸੈਕਟਰੀ, ਰਾਜਵਿੰਦਰ ਕੌਰ, ਅਨੁਬੀਰ ਕੌਰ, ਰਮਨਦੀਪ ਕੌਰ ਅਤੇ ਜਸਬੀਰ ਕੌਰ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਸਾਂਝੇ ਤੌਰ 'ਤੇ ਹੜ੍ਹ ਪੀੜਤਾਂ ਦੀ ਮਦਦ ਕਰਨਾ ਯਕੀਨੀ ਬਣਾਉਣ : ਕਰਨੈਲ ਸਿੰਘ ਪੀਰ ਮੁਹੰਮਦ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਅੰਦਰ ਹੜ੍ਹਾਂ ਨਾਲ ਹੋਏ ਨੁਕਸਾਨ ਲਈ ਸਾਂਝੇ ਉਪਰਾਲੇ ਕਰਦੇ ਹੋਏ



ਪ੍ਰਭਾਵਿਤ ਇਲਾਕਿਆਂ ਲਈ ਰਾਹਤ ਪੈਕੇਜ ਦਾ ਐਲਾਨ ਕੀਤਾ ਜਾਵੇ। ਪੀਰ ਮੁਹੰਮਦ ਨੇ ਕਿਹਾ ਕਿ ਇਸ ਵੇਲੇ ਪੰਜਾਬ ਦਾ ਅੱਧਾ ਹਿੱਸਾ ਹੜ੍ਹ 'ਤੋਂ ਪ੍ਰਭਾਵਿਤ ਹੋ ਚੁੱਕਾ ਹੈ। ਇਹਨਾਂ ਇਲਾਕਿਆਂ ਵਿੱਚ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ।ਪੰਜਾਬ ਕੁਦਰਤੀ ਕਰੋਪੀ ਦਾ ਸਾਹਮਣਾ ਕਰ ਰਿਹਾ ਹੈ। ਕਰਨੈਲ ਸਿੰਘ ਨੇ ਕੁਦਰਤੀ ਆਫ਼ਤ ਪ੍ਰਬੰਧਨ ਹੇਠ ਦਿੱਤੇ ਜਾਣ ਵਾਲੇ ਫੰਡ ਨੂੰ ਤੁਰੰਤ ਰਿਲੀਜ਼ ਕਰਨ ਲਈ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਬੇਗਾਨਗੀ ਦੀ ਨਜ਼ਰ ਨਾਲ ਨਾ ਵੇਖਿਆ ਜਾਵੇ। ਉਹਨਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅੱਜ ਪੰਜਾਬ ਹੜ੍ਹ ਤੋਂ ਪ੍ਰਭਾਵਿਤ ਹੋ ਕੇ ਗਹਿਰੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਕੇਂਦਰ ਸਰਕਾਰ ਤੁਰੰਤ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕਰਦੇ ਹੋਏ ਪ੍ਰਭਾਵਿਤ ਇਲਾਕਿਆਂ ਲਈ ਬਿਨਾਂ ਦੇਰੀ ਕੀਤੇ ਵਿੱਤੀ ਮਦਦ ਦਾ ਐਲਾਨ ਕਰੇ।ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਨੇ ਆਰਥਿਕ ਤੌਰ 'ਤੇ ਵੱਡੀ ਸੱਟ ਮਾਰੀ ਹੈ। ਇਸ ਲਈ ਮੁੱਖ ਮੰਤਰੀ ਪੰਜਾਬ ਸੁਹਿਰਦਤਾ ਦਿਖਾਉਣ। ਉਹਨਾ ਕਿਹਾ ਕਿ ਮੰਚ ਤੋਂ ਸਿਰਫ ਮੁਆਵਜ਼ੇ ਦੇ ਐਲਾਨ ਕਰਨ ਨਾਲ ਕੁੱਝ ਨਹੀਂ ਬਣਨਾ, ਯਕੀਨੀ ਬਣਾਇਆ ਜਾਵੇ ਕਿ ਇਹਨਾਂ ਪ੍ਰਭਾਵਿਤ ਇਲਾਕਿਆਂ ਵਿੱਚ ਹੋਏ ਮਾਲੀ ਨੁਕਸਾਨ ਦੀ ਭਰਪਾਈ ਪੂਰੇ ਰੂਪ ਵਿੱਚ ਹੋਵੇ।ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਦੀ ਇਸ ਨਾਜ਼ੁਕ ਸਥਿਤੀ ਨੂੰ ਵੇਖਦੇ ਹੋਏ ਸਾਰਿਆਂ ਨੂੰ ਆਮ ਜੀਵਨ ਲਈ ਜ਼ਰੂਰੀ ਵਸਤਾਂ ਦੀ ਸੇਵਾ ਦੇ ਨਾਲ ਨਾਲ ਪਸ਼ੂ ਧਨ ਲਈ ਚਾਰੇ ਦਾ ਪ੍ਰਬੰਧ ਕਰਨ ਲਈ ਟੀਮਾਂ ਦੇ ਰੂਪ ਵਿੱਚ ਜੁਟ ਜਾਣ ਦੀ ਬੇਹੱਦ ਲੋੜ ਹੈ ।ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸਮਾਜ ਸੇਵੀ ਆਗੂ ਗਗਨਦੀਪ ਸਿੰਘ ਰਿਆੜ ਵੀ ਹਾਜ਼ਰ ਸਨ।

## ਅਰੁਣਾ ਚੌਧਰੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ, ਲੋਕਾਂ ਦਾ ਹਾਲਚਾਲ ਜਾਣਿਆ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਹੜ੍ਹ ਦੀ ਮਾਰ ਹੇਠ ਆਏ ਹਲਕਾ ਦੀਨਾਨਗਰ ਦੇ ਲਗਪਗ 85 ਪਿੰਡਾਂ ਦੀ ਸਾਰ ਲੈਣ ਲਈ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਵੱਲੋਂ ਟਰੈਕਟਰ 'ਤੇ ਸਵਾਰ ਹੋ ਕੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕੀਤੀ ਗਈ। ਇਸ ਦੌਰਾਨ ਅਰੁਣਾ ਚੌਧਰੀ ਅੱਡਾ ਬਹਿਰਾਮਪੁਰ ਤੋਂ ਟਰੈਕਟਰ 'ਤੇ ਬੈਠ ਕੇ ਪਾਣੀ ਵਿੱਚੋਂ ਲੰਘਦੇ ਹੋਏ ਰਾਹਤ ਕਾਰਜ 'ਚ ਜੁਟੀ 21 ਰਾਜਪੂਤ ਰੈਜੀਮੈਂਟ ਅਤੇ ਐਨ ਡੀ ਆਰ ਐਫ਼ ਦੀਆਂ ਟੀਮਾਂ ਕੋਲ ਪਹੁੰਚੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਤਾਜ਼ਾ ਹਾਲਾਤ ਦਾ ਜਾਇਜ਼ਾ ਲਿਆ। ਇਸ ਦੌਰਾਨ ਮੌਕੇ 'ਤੇ ਹੀ ਗਹਿਰੇ ਪਾਣੀ ਵਿੱਚ ਘਿਰੇ ਪਿੰਡ ਨਰੰਗਪੁਰ ਅਤੇ ਆਬਾਦੀ ਚੰਡੀਗੜ੍ਹ ਤੋਂ ਰੈਸਕਿਊ ਕਰਕੇ ਲਿਆਂਦੇ ਕੁਝ ਲੋਕਾਂ ਨੂੰ ਵੀ ਵਿਧਾਇਕਾ ਅਰੁਣਾ ਚੌਧਰੀ ਮਿਲੇ ਅਤੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਦਿਆਂ ਪਿੱਛੇ ਰਹਿ ਗਏ ਹੋਰਨਾਂ ਲੋਕਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਿਆ। ਇਨ੍ਹਾਂ ਲੋਕਾਂ ਨੇ ਪਿੰਡ ਨਰੰਗਪੁਰ ਵਿੱਚ ਇੱਕ ਬਜ਼ੁਰਗ ਔਰਤ ਦੀ ਸਿਹਤ ਵਿਗੜਨ ਦੇ ਬਾਵਜੂਦ ਰੈਸਕਿਊ ਟੀਮ ਵੱਲੋਂ ਜਦੋਂ ਉਧਰ ਜਾਣ ਤੋਂ ਇਨਕਾਰ ਕਰਨ ਬਾਰੇ



ਦੱਸਿਆ ਤਾਂ ਅਰੁਣਾ ਚੌਧਰੀ ਨੇ ਤੁਰੰਤ ਇਸ ਬਾਰੇ ਐਸ ਡੀ ਐਮ ਦੀਨਾਨਗਰ ਨੂੰ ਫ਼ੋਨ ਕਰਕੇ ਉਨ੍ਹਾਂ ਦੀ ਗੱਲ ਰੈਸਕਿਊ ਟੀਮ ਦੇ ਅਧਿਕਾਰੀ ਨਾਲ ਕਰਵਾਈ ਅਤੇ ਉਨ੍ਹਾਂ ਨੂੰ ਪਿੰਡ ਨਰੰਗਪੁਰ ਵੱਲ ਰਵਾਨਾ ਕੀਤਾ।ਅਰੁਣਾ ਚੌਧਰੀ ਨੇ ਕਿਹਾ ਕਿ ਮੁਸੀਬਤ ਦੀ ਇਸ ਘੜੀ ਵਿੱਚ ਉਹ ਲੋਕਾਂ ਦੇ ਨਾਲ ਖੜ੍ਹੇ ਹਨ ਅਤੇ ਜੇਕਰ ਕਿਸੇ ਵੀ ਪਿੰਡ ਵਿੱਚੋਂ ਉਨ੍ਹਾਂ ਨੂੰ ਮਦਦ ਲਈ ਕਾਲ ਆਉਂਦੀ ਹੈ ਤਾਂ ਉਹ ਤੁਰੰਤ ਹਰ ਸੰਭਵ ਮਦਦ ਲਈ ਤਿਆਰ ਹਨ। ਉਨ੍ਹਾਂ ਹੜ੍ਹ ਵਿੱਚ ਫਸੇ ਲੋਕਾਂ ਦੀ ਸਹਾਇਤਾ ਕਰ ਰਹੀਆਂ ਸਮਾਜਿਕ ਜਥੇਬੰਦੀਆਂ, 21 ਰਾਜਪੂਤ ਰੈਜੀਮੈਂਟ ਅਤੇ ਐਨ ਡੀ ਆਰ ਐਫ਼ ਦੀਆਂ ਟੀਮਾਂ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਅਤੇ ਲੋਕਾਂ ਨੂੰ ਹੌਸਲਾ ਬਣਾਈ ਰੱਖਣ ਦੀ ਅਪੀਲ ਕੀਤੀ।ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਹਲਕਾ ਦੀਨਾਨਗਰ ਦੇ ਪਿੰਡ ਮਕੌੜਾ, ਮਰਾੜ, ਆਬਾਦੀ ਚੰਡੀਗੜ੍ਹ, ਨਰੰਗਪੁਰ, ਝਬਕਰਾ, ਕਾਹਨਾ, ਜੱਗੋਚੱਕ ਟਾਂਡਾ, ਓਗਰਾ, ਚਿੱਟੀ, ਜੋਗਰ, ਠੱਠੀ, ਫਰੀਦਪੁਰ, ਸ੍ਰੀ ਰਾਮਪੁਰ, ਸੰਦਲਪਰ, ਚੱਕਰੀ, ਚੌਂਤਰਾ, ਗਾਹਲੜੀ, ਬਾਊਪੁਰ, ਵਜ਼ੀਰਪੁਰ ਅਫ਼ਗਾਨਾ, ਡੁੱਗਰੀ, ਆਦੀ ਅਤੇ ਸ਼ਾਹਪੁਰ ਅਫ਼ਗਾਨਾ ਸਮੇਤ ਵੱਡੀ ਗਿਣਤੀ ਪਿੰਡਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ ਅਤੇ ਲੋਕ ਘਰਾਂ ਵਿੱਚ ਪਾਣੀ ਭਰਨ ਕਾਰਨ ਘਰ ਦੀਆਂ ਛੱਤਾਂ 'ਤੇ ਰਾਤਾਂ ਕੱਟਣ ਲਈ ਮਜਬੂਰ ਹਨ। ਜੋ ਬੇਹੱਦ ਦੁੱਖ ਤੇ ਚਿੰਤਾ ਵਾਲੀ ਗੱਲ ਹੈ। ਇਸ ਮੌਕੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਅਮਰਜੀਤ ਸਿੰਘ ਬਹਿਰਾਮਪੁਰ, ਵਰਿੰਦਰ ਸਿੰਘ ਨੌਸ਼ਹਿਰਾ, ਦਲਬੀਰ ਸਿੰਘ ਬਿੱਟੂ, ਮਨੀਸ਼ ਕਪੂਰ ਗਾਂਧੀਆਂ, ਗੁਰਮੁੱਖ ਸਿੰਘ ਖ਼ਰਲ, ਰੰਮੀ ਠਾਕੁਰ, ਅੰਮ੍ਰਿਤ ਸੰਧੂ, ਜੱਸੀ ਸਿੰਘ ਐਨ ਜੀ ਓ, ਸੁਰੇਸ਼ ਬਾਲਾਪਿੰਡੀ, ਕੁਲਦੀਪ ਸਿੰਘ ਮੱਟਮ, ਸਰਪੰਚ ਰਾਜੂ ਮਗਰਾਲਾ, ਵਕੇਸ਼ ਕੁਮਾਰ ਅਤੇ ਜਗਦੀਸ਼ ਸਿੰਘ ਰੰਗੜਪਿੰਡੀ ਤੋਂ ਇਲਾਵਾ ਹੋਰ ਕਾਂਗਰਸੀ ਆਗੂ ਵੀ ਹਾਜ਼ਰ ਸਨ।

## ਨਾਨਕਚੱਕ 'ਚ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਪ੍ਰਕਾਸ਼ ਉਤਸਵ ਅੱਜ ਤੋਂ 2 ਸਤੰਬਰ ਤੱਕ



**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-** ਯੁੱਗ ਪੁਰਸ਼ ਸਿੱਖ ਧਰਮ ਦੇ ਬਾਨੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਉਦਾਸੀਨਚਾਰਯ ਸ਼ਿਵ ਸਰੂਪ ਅਵਤਾਰ, ਮਹਾਨ ਤਪੱਸਵੀ, ਤਿਆਗ ਬਿਰਤੀ ਦੇ ਮਾਲਕ ਧੰਨ ਧੰਨ ਬਾਬਾ ਭਗਵਾਨ ਸ਼੍ਰੀ ਚੰਦ ਮਹਾਰਾਜ ਦਾ 531ਵਾਂ ਪ੍ਰਕਾਸ਼ ਉਤਸਵ ਤਪ ਅਸਥਾਨ ਮੰਦਿਰ ਭਗਵਾਨ ਬਾਬਾ ਸ਼੍ਰੀ ਚੰਦ ਪਿੰਡ ਨਾਨਕ ਚੱਕ ਨਜ਼ਦੀਕ ਅਲੀਵਾਲ ਜਿਲ੍ਹਾ ਗੁਰਦਾਸਪੁਰ ਵਿਖੇ 30 ਅਗਸਤ ਤੋਂ 2 ਸਤੰਬਰ ਤੱਕ ਮੌਜੂਦਾ ਗੱਦੀ ਨਸ਼ੀਨ ਮਹੰਤ ਹਰੀਕੁੰਭ ਦਾਸ ਉਦਾਸੀਨ ਅਤੇ ਸਮੂਹ ਸਾਧ ਸੰਗਤ ਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਸ ਸੰਬੰਧੀ ਸੇਵਾਦਾਰਾਂ ਵੱਲੋਂ ਸੰਗਤ ਨੂੰ ਵਰਤਾਉਣ ਲਈ ਰੋਟ ਪ੍ਰਸਾਦ ਦੀ ਸੇਵਾ ਕੀਤੀ ਗਈ।ਇਸ ਮੌਕੇ ਰਵਿੰਦਰ ਮੁਨੀ , ਸੰਦੀਪ ਬੇਦੀ ਨਾਨਕਚੱਕ, ਮਾਸਟਰ ਸੰਦੀਪ ਸਿੰਘ ਜਾਗਲਾ, ਰੰਮੀ ਅਲੀਵਾਲ, ਜੱਸ ਲੋਧੀਨੰਗਲ, ਰਣਜੋਧ ਸਿੰਘ ਘਣੀਏ ਕੇ ਬਾਂਗਰ, ਪ੍ਰਿੰਸ ਢੱਲਾ ਘਣੀਏ ਕੇ ਬਾਂਗਰ, ਮਨਪਿੰਦਰ ਸਿੰਘ ਮੰਨਾ ਸੀੜਾ, ਦੁਰਲੱਭ ਪੱਤੀ ਪਕੀਵਾਂ, ਰਣਜੀਤ ਕੋਟਲੀ ਥਾਬਲਾਂ, ਗੁਰਲਾਲ ਗੇਲਾ, ਗੁਰਲਾਲ ਫੌਜੀ, ਪਵਨ ਗੁੱਜਰਪੁਰਾ, ਯਾਦਵਿੰਦਰ ਕਾਦੀਆਂ, ਦੀਪੂ ਅਲੀਵਾਲ, ਮਨਪ੍ਰੀਤ ਪਟਵਾਰੀ, ਅਮ੍ਰਿਤਪਾਲ ਸੈਂਕੀ, ਜੋਬਨ ਡੁਲਟ, ਜਸਨ ਕੋਟਲਾ ਬਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਂਟਰ, ਰਣਜੀਤ ਸਿੰਘ ਘਣੀਏ ਕੇ ਬਾਂਗਰ, ਦੁਰਗਾ ਪ੍ਰਸਾਦ ਹਾਜ਼ਰ ਸਨ।

## ਮੈਰਿਲ ਦੇ ਮਿੱਸੋ ਨੇ ਇੱਕ ਦਿਨ 'ਚ 3 ਬਾਈਲੈਟਰਲਰੋਬੋਟਿਕਨੀ (ਗੋਡਿਆਂ ਦੀਆਂ) ਸਰਜਰੀਆਂ ਕੀਤੀਆਂ

**ਬਠਿੰਡਾ :** ਖੇਤਰੀ ਹੈਲਥ ਕੇਅਰ ਲਈ ਇੱਕ ਸ਼ਾਨਦਾਰ ਉਪਲਬਧੀ ਦੇ ਤੌਰ 'ਤੇ ਬਰਨਾਲਾ ਵਿਖੇ ਭੀਮ ਨਰਸਿੰਗ ਹੋਮ ਦੇ ਡਾ. ਅੰਸ਼ੁਲ ਗਰਗ ਨੇ ਮੇਰਿਲ ਵੱਲੋਂ ਭਾਰਤ ਦੇ ਪਹਿਲੇ ਦੇਸੀ ਰੂਪ ਨਾਲ ਵਿਕਸਿਤ ਕੀਤੇ ਗਏ ਰੋਬੋਟਿਕ ਨੀ ਰਿਪਲੇਸਮੈਂਟ ਸਿਸਟਮ ਮਿੱਸੋ ਦੀ ਵਰਤੋਂ ਕਰਦੇ ਹੋਏ ਇੱਕ ਹੀ ਦਿਨ 'ਚ ਤਿੰਨ ਬਾਈਲੈਟਰਲਰੋਬੋਟਿਕ ਨੀ ਰਿਪਲੇਸਮੈਂਟ ਸਰਜਰੀਆਂ ਸਫਲਤਾਪੂਰਵਕ ਕੀਤੀਆਂ। ਡਾ. ਗਰਗ ਦੀ ਅਗਵਾਈ ਹੇਠ ਇਹ ਪ੍ਰਕਿਰਿਆਵਾਂ ਛੋਟੇ ਸ਼ਹਿਰਾਂ ਦੇ ਮਰੀਜ਼ਾਂ ਲਈ ਮੈਟਰੋ-ਪੱਧਰੀ ਸਿਹਤ ਸੰਭਾਲ ਤਕਨਾਲੋਜੀ ਲਿਆਉਣ ਵਿੱਚ ਇੱਕ ਮਹੱਤਵਪੂਰਨ ਕਦਮ ਹਨ।ਇਸ ਉਪਲਬਧੀ ਨੂੰ ਜੋ ਗੱਲਖ਼ਾਸ ਬਣਾਉਂਦੀ ਹੈ ਉਹ ਇਹ ਹੈ ਕਿ ਇਹ ਟੀਅਰ-3 ਸ਼ਹਿਰ ਬਰਨਾਲਾ ਵਰਗੇ ਸ਼ਹਿਰ 'ਚ ਹੋਈ, ਜਿੱਥੇ ਇੰਨੀ ਅਧੁਨਿਕ ਟੈਕਨਾਲੋਜੀ ਤੱਕ ਪਹੁੰਚ ਪਹਿਲਾਂ ਸੀਮਿਤ ਸੀ।

## ਸਾਫ਼ ਦੁੱਧ ਦੇ ਉਤਪਾਦਨ ਸਬੰਧੀ ਖਾਲਸਾ ਕਾਲਜ ਆਫ ਵੈਟਰਨਰੀ 'ਚ ਵਰਕਸ਼ਾਪ ਕਰਵਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਦੇ ਵੈਟਰਨਰੀ ਐਂਡ ਐਨੀਮਲ ਹਸਬੈਂਡਰੀ ਐਕਸਟੈਂਸ਼ਨ ਐਜੂਕੇਸ਼ਨ ਅਤੇ ਲਾਈਵਸਟਾਕ ਫਾਰਮ ਕੰਪਲੈਕਸ ਵੱਲੋਂ ਵੈਟਰਨਰੀ ਇੰਟਰਨਜ਼ ਅਤੇ ਡੇਅਰੀ ਫਾਰਮ ਦੁੱਧ ਦੇਣ ਵਾਲਿਆਂ ਲਈ 'ਸਾਫ਼ ਦੁੱਧ ਉਤਪਾਦਨ' ਸਬੰਧੀ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਗਈ ਉਕਤ ਵਰਕਸ਼ਾਪ ਦਾ ਉਦੇਸ਼ ਸਾਫ਼ ਦੁੱਧ ਦੀ ਸੰਭਾਲ ਅਤੇ ਸਾਫ਼ ਦੁੱਧ ਉਤਪਾਦਨ ਲਈ ਸਭ ਤੋਂ ਵਧੀਆ ਦੁੱਧ ਚੋਣ ਅਭਿਆਸਾਂ ਨਾਲ ਸਬੰਧਿਤ ਵਿਹਾਰਕ ਗਿਆਨ ਅਤੇ ਹੁਨਰ ਪ੍ਰਦਾਨ ਕਰਨਾ ਸੀ। ਵਰਕਸ਼ਾਪ ਦਾ ਉਦਘਾਟਨ ਪ੍ਰਿੰ: ਡਾ. ਵਰਮਾ ਨੇ ਡਾ. ਐੱਸ. ਕੇ. ਕਾਂਸਲ ਅਤੇ ਹੋਰ ਸਟਾਫ਼ ਨਾਲ ਮਿਲ ਕੇ ਕੀਤਾ। ਇਸ ਸਮਾਗਮ ਦੀ ਸ਼ੁਰੂਆਤ 'ਚ ਡਾ. ਅਭਿਸ਼ੇਕ ਧੀਮਾਨ ਵੱਲੋਂ ਸਾਫ਼ ਦੁੱਧ ਉਤਪਾਦਨ ਤਕਨੀਕਾਂ 'ਤੇ ਭਾਸ਼ਣ ਦਿੱਤਾ ਗਿਆ, ਜਿਸ 'ਚ ਥਣਾਂ ਦੀ ਸਫਾਈ, ਦੁੱਧ ਚੋਣ ਸਫ਼ਾਈ ਅਤੇ ਦੁੱਧ ਦੇ ਦੂਸ਼ਿਤ ਹੋਣ ਦੀ ਰੋਕਥਾਮ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ। ਇਸ ਤੋਂ ਬਾਅਦ ਜੀਵਤ ਪਸ਼ੂਆਂ 'ਤੇ ਇਕ ਵਿਹਾਰਕ ਸਿਖਲਾਈ ਸੈਸ਼ਨ ਕਰਵਾਇਆ ਗਿਆ, ਜਿਸ 'ਚ ਭਾਗੀਦਾਰਾਂ ਨੂੰ ਸਹੀ ਦੁੱਧ ਚੋਣ ਦੇ ਤਰੀਕਿਆਂ, ਥਣਾਂ ਦੀ ਸਫਾਈ, ਕੀਟਾਣੂਨਾਸ਼ਕਾਂ ਦੀ ਵਰਤੋਂ ਅਤੇ ਉਪਕਰਣਾਂ ਦੀ ਸਫਾਈ ਸਬੰਧੀ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ।

## ਡੀ ਏ ਦੀਆਂ ਕਿਸ਼ਤਾਂ ਅਤੇ ਬਕਾਇਆ ਛੇਤੀ ਤੋਂ ਛੇਤੀ ਦਿੱਤਾ ਜਾਵੇ : ਜੰਡ, ਆਸਲ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)-** ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦੀ ਹਫਤਾਵਾਰੀ ਮੀਟਿੰਗ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਮੁਤਾਬਕ ਡੀ ਏ ਦੀਆਂ ਕਿਸ਼ਤਾਂ ਅਤੇ ਉਹਨਾਂ ਦੇ ਬਕਾਏ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਿੰਨ ਮਹੀਨੇ ਦੇ ਅੰਦਰ ਅੰਦਰ ਦਿੱਤੇ ਜਾਣ, 1.1.16 ਤੋਂ ਬਾਅਦ ਰਿਟਾਇਰ ਹੋਏ ਪੈਨਸ਼ਨਰਜ਼ ਨੂੰ ਪੇ ਕਮਿਸ਼ਨ ਦੇ ਬਕਾਏ ਦੀਆਂ ਕਿਸ਼ਤਾਂ ਵੀ ਜਾਰੀ ਕੀਤੀਆਂ ਜਾਣ, ਪੰਜਾਬ ਸਰਕਾਰ ਸਪੀਕਿੰਗ ਆਰਡਰ ਜਾਰੀ ਕਰੇ। ਮੰਗਤ ਰਾਮ ਜੋਸ਼ੀ ਅਤੇ ਸੁਪਰਡੈਂਟ ਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਨੂੰ ਖੱਜਲ ਖਵਾਰ ਕਰ ਰਹੀ ਹੈ ਪੈਨਸ਼ਨਰ ਅਤੇ ਮੁਲਾਜ਼ਮ ਜ਼ਿਮਨੀ ਚੋਣਾਂ ਅਤੇ ਆਮ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣਗੇ। ਜ਼ਿਲ੍ਹਾ ਸਕੱਤਰ ਸੱਤਪਾਲ ਸ਼ਰਮਾ ਅਤੇ ਸੁਪਰਡੈਂਟ ਮਲਕੀਤ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚਾਨਣ ਸਿੰਘ ਕੈਸ਼ੀਅਰ, ਗੋਪਾਲ ਸਿੰਘ, ਸਰਪਰਸਤ ਕੁਲਦੀਪ ਸਿੰਘ, ਦੀਪ ਸਿੰਘ, ਕਸ਼ਮੀਰ ਸਿੰਘ ਬੁਰਜ, ਨਿਰਮਲ ਸਿੰਘ, ਬਿਕਰਮ ਸਿੰਘ, ਦਰਸ਼ਨ ਸਿੰਘ, ਬੀਰ ਮਸੀਹ, ਸੁੱਖਾ ਸਿੰਘ, ਬਲਵੀਰ ਸਿੰਘ, ਚਰਨ ਸਿੰਘ, ਜਸਵੰਤ ਸਿੰਘ, ਅਵਤਾਰ ਸਿੰਘ, ਰਾਜ ਸਿੰਘ, ਨਰਾਇਣ ਸਿੰਘ, ਗੁਰਮੀਤ ਸਿੰਘ ਮਾਨ, ਅਨੋਕ ਸਿੰਘ, ਜਸਵਿੰਦਰ ਸਿੰਘ ਸਭਰਾ, ਗੁਰਦੀਪ ਸਿੰਘ ਪਟਵਾਰੀ, ਆਦਿ ਹਾਜ਼ਰ ਸਨ ਅੰਤ ਤੇ ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਆਏ ਪੈਨਸ਼ਨਰਜ਼ ਦਾ ਧੰਨਵਾਦ ਕੀਤਾ।

## ਫੋਕਲ ਪੁਆਇੰਟ ਨੇੜੇ ਗੰਦਗੀ ਦੇ ਢੇਰਾਂ ਤੋਂ ਲੋਕ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ ਜ਼ਿਲ੍ਹੇ ਅੰਦਰ ਪੈਂਦੇ ਕਸਬਾ ਪੁਰਾਣਾ ਸ਼ਾਲਾ ਸਥਿਤ ਫੋਕਲ ਪੁਆਇੰਟ ਨੇੜੇ ਗੰਦਗੀ ਦੇ ਢੇਰ ਲੱਗਣ ਕਾਰਨ ਲੋਕਾਂ ਦਾ ਬਿਜਲੀ ਦਫਤਰ ਅਤੇ ਦਾਣਾ ਮੰਡੀ ਜਾਣਾ ਮੁਸ਼ਕਿਲ ਹੋਇਆ ਪਿਆ ਹੈ। ਬੇਟ ਖੇਤਰ ਦਾ ਕਸਬਾ ਪੁਰਾਣਾ ਸ਼ਾਲਾ ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦਾ ਇੱਕ ਵੱਡਾ ਕਸਬਾ ਹੈ। ਇੱਥੇ ਫੋਕਲ ਪੁਆਇੰਟ ਵਿਚ ਬਿਜਲੀ ਦਫਤਰ, ਦਾਣਾ ਮੰਡੀ ਨੂੰ ਜਾਣ ਵਾਲੀ ਸੜਕ 'ਤੇ ਬਣੀ ਟੈਂਕੀ ਨੇੜੇ ਗੰਦਗੀ ਦੇ ਢੇਰ ਜਮ੍ਹਾਂ ਹੋਣ ਕਾਰਨ ਹਰ ਵੇਲੇ ਭੈੜੀ ਬਦਬੂ ਆਉਣ ਕਾਰਨ ਲੋਕਾਂ ਦਾ ਇਥੋਂ ਲੰਘਣਾ ਮੁਸ਼ਕਲ ਹੋਇਆ ਪਿਆ ਹੈ। ਕੋਈ ਵੀ ਵਿਭਾਗ ਇਸ ਗੰਦਗੀ ਨੂੰ ਉਠਾਉਣ ਵੱਲ ਧਿਆਨ ਨਹੀਂ ਦੇ ਰਿਹਾ ਜਿਸ ਕਾਰਨ ਲੋਕਾਂ ਦਾ ਪ੍ਰਸ਼ਾਸਨ ਖਿਲਾਫ ਭਾਰੀ ਰੋਸ ਪਾਇਆ ਜਾ



ਰਿਹਾ ਹੈ। ਇਲਾਕਾ ਵਾਸੀਆਂ ਦੀ ਮੰਗ ਹੈ ਕਿ ਸਬੰਧਤ ਵਿਭਾਗ ਨੂੰ ਬਿਜਲੀ ਘਰ ਅਤੇ ਦਫਤਰ ਨੂੰ ਜਾਣ ਵਾਲੀ ਸੜਕ ਕੰਢੇ ਪਈ ਗੰਦਗੀ ਨੂੰ ਉਠਾਉਣ ਦਾ ਕੋਈ ਯੋਗ ਪ੍ਰਬੰਧ ਕੀਤਾ ਜਾਵੇ।

## ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸਰਕਾਰ ਵਿਰੁੱਧ ਪੁਤਲਾ ਫੂਕ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਮਨਰੇਗਾ ਕਾਮਿਆਂ ਦਾ ਕੰਮ ਬੰਦ ਕਰਨ ਅਤੇ ਮਿਹਨਤਾਨਾ ਸਮੇਂ ਸਿਰ ਨਾ ਦੇਣ ਵਿਰੁੱਧ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ ਜਿਸ ਦੀ ਅਗਵਾਈ ਕੰਮਲਜੀਤ ਕੌਰ ਸਾਬਕਾ ਸਰਪੰਚ ਚੌਧਰੀਵਾਲਾ, ਕੁਲਦੀਪ ਸਿੰਘ, ਮੰਗਲ ਸਿੰਘ ਰਟੌਲ ਨੇ ਕੀਤੀ।ਇਸ ਮੌਕੇ ਬੋਲਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਰਟੌਲ, ਨੌਜਵਾਨ ਆਗੂ ਕੈਪਟਨ ਸਿੰਘ ਕਾਹਲਵਾਂ ਨੇ ਕਿਹਾ ਕਿ ਮਨਰੇਗਾ ਸਕੀਮ ਤਹਿਤ ਕੇਂਦਰੀ ਫੰਡਾਂ ਤੇ ਕੱਟ ਲਾਈ ਜਾ ਰਹੀ ਹੈ ।ਮਨਰੇਗਾ ਵਰਕਰਾਂ ਨੂੰ ਮਿਹਨਤਾਨਾ ਸਮੇਂ ਸਿਰ ਨਹੀਂ ਦਿੱਤਾ ਜਾ ਰਿਹਾ।ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ।ਹਲਕਾ ਵਿਧਾਇਕਾ ਵੱਲੋਂ ਮਨਰੇਗਾ ਸਕੀਮ 'ਚ ਗੈਰ ਕਾਨੂੰਨੀ ਢੰਗ ਨਾਲ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ ।ਨਸ਼ੇ, ਗੁੰਡਾਗਰਦੀ, ਕਤਲੋਗਾਰਤ, ਲੁੱਟਾਂ ਖੋਹਾਂ ਪੂਰੇ ਜੋਬਨ 'ਤੇ ਹਨ ।ਕਾਨੂੰਨ ਵਿਵਸਥਾ ਦਿਨੋਂ ਦਿਨ ਵਿਗੜਦੀ ਜਾ ਰਹੀ ਹੈ ।ਪੁਲਸ ਪ੍ਰਸ਼ਾਸਨ ਲਾਚਾਰ ਹੋਇਆ ਪਿਆ ਹੈ।ਥਾਣਿਆਂ 'ਚ ਕਿਸੇ ਨੂੰ ਇਨਸਾਫ਼ ਨਹੀਂ ਮਿਲ ਰਿਹਾ।ਉਨ੍ਹਾਂ ਕਿਹਾ ਕਿ ਮਨਰੇਗਾ ਵਰਕਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਅਤੇ ਮਿਹਨਤਾਨਾ ਸਮੇਂ ਸਿਰ ਦਿੱਤਾ।ਇਸ ਮੌਕੇ ਕਵਲਜੀਤ ਕੌਰ, ਕੁਲਦੀਪ ਸਿੰਘ, ਮੰਗਲ ਸਿੰਘ, ਜਗੀਰ ਕੌਰ, ਗੁਰਜੀਤ ਕੌਰ, ਪਿੰਕੀ, ਅਮਰਜੀਤ ਕੌਰ, ਸੀਮਾ, ਪ੍ਰਭਜੀਤ ਕੌਰ, ਬੂਟਾ ਸਿੰਘ, ਰਣਜੋਤ ਸਿੰਘ, ਮੇਜਰ ਸਿੰਘ, ਜੱਗੂ, ਕੁਲਵੰਤ ਸਿੰਘ, ਬਗੀਚਾ ਸਿੰਘ, ਭਿੰਦਰ ਕੌਰ, ਬਲਵਿੰਦਰ ਕੌਰ, ਸੁਖਵਿੰਦਰ ਕੌਰ ਜੋਗਿੰਦਰ ਕੌਰ ਸੁਰਜੀਤ ਕੌਰ, ਮੱਸਾ ਸਿੰਘ, ਮੰਗਲ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤ ਪਰਵਾਰਾਂ ਤੇ ਪਸ਼ੂਆਂ ਲਈ ਰਾਹਤ ਕੈਂਪ ਸਥਾਪਤ : ਡੀ ਸੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** ਲਗਾਤਾਰ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਅਜਨਾਲਾ ਹਲਕੇ ਵਿੱਚ ਕਈ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਗਏ ਹਨ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦਿਨ ਰਾਤ ਇਕ ਕਰ ਰਿਹਾ ਹੈ। ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ ਅਤੇ ਇਹਨਾਂ ਦਾ ਨੋਡਲ ਅਧਿਕਾਰੀ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ ਨੂੰ ਬਣਾਇਆ ਗਿਆ ਹੈ। ਵਧੀਕ



ਡਿਪਟੀ ਕਮਿਸ਼ਨਰ ਅਮਨਦੀਪ ਕੌਰ ਨੇ ਦੱਸਿਆ ਕਿ ਹੜ੍ਹ ਪੀੜਤ ਪਰਵਾਰਾਂ ਲਈ ਰਾਹਤ ਕੈਂਪ ਦਾਣਾ ਮੰਡੀ ਅਜਨਾਲਾ, ਭਲਾ ਪਿੰਡ ਸ਼ੁਗਰ ਮਿੱਲ ਅਤੇ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ ਪਸ਼ੂਆਂ ਲਈ ਦਾਣਾ ਮੰਡੀ ਅਜਨਾਲਾ ਵਿਖੇ ਵੀ ਇਕ ਵਿਸ਼ੇਸ਼ ਰਾਹਤ ਕੈਂਪ ਸਥਾਪਤ ਕੀਤਾ ਗਿਆ ਹੈ, ਜਿਥੇ ਪਸ਼ੂਆਂ ਦੇ ਚਾਰੇ ਦੇ ਪ੍ਰਬੰਧ ਤੋਂ ਇਲਾਵਾ ਵੈਟਨਰੀ ਡਾਕਟਰ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਲੋੜਵੰਦ ਵਿਅਕਤੀ ਰਾਹਤ ਕੰਮ ਦਾਣਾ ਮੰਡੀ ਚੋਗਾਵਾਂ ਰੋਡ ਅਜਨਾਲਾ ਦੇ ਹੈਲਪਲਾਈਨ ਨੰਬਰ 843765-3157, ਰਾਹਤ ਕੈਂਪ ਭਲਾ ਪਿੰਡ ਸ਼ੂਗਰ ਮਿੱਲ ਦੇ ਹੈਲਪਲਾਈਨ ਨੰਬਰ 7528043152 ਅਤੇ ਰਾਹਤ ਕੈਂਪ ਗੁਰਦੁਆਰਾ ਗੁਰੂ ਕਾ ਬਾਗ ਦੇ ਹੈਲਪਲਾਈਨ ਨੰਬਰ 8264265504 ਤੇ ਕਿਸੇ ਵੀ ਮਦਦ ਲਈ ਸੰਪਰਕ ਸਥਾਪਤ ਕਰ ਸਕਦੇ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਰਾਹਤ ਕੈਂਪਾਂ ਵਿੱਚ ਸ਼ਰਨ ਲੈ ਸਕਦੇ ਹਨ ਅਤੇ ਇਨ੍ਹਾਂ ਵਾਸਤੇ ਰੋਟੀ ਪਾਣੀ ਦੀ ਪੂਰੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਜਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਹੈਲਪ ਲਾਈਨ ਨੰਬਰ 0183-2229125 ਅਤੇ ਅਜਨਾਲਾ ਵਿਖੇ ਹੈਲਪਲਾਈਨ ਨੰਬਰ 01858-245510 'ਤੇ ਵੀ ਸੰਪਰਕ ਸਥਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਣਸੁਖਾਵੀਂ ਸਥਿਤੀ ਵਿੱਚ ਇਨ੍ਹਾਂ ਹੈਲਪਲਾਈਨ ਨੰਬਰਾਂ 'ਤੇ ਸੰਪਰਕ ਕੀਤਾ ਜਾਵੇ ਤਾਂ ਜੋ ਪ੍ਰਸ਼ਾਸਨ ਉਨ੍ਹਾਂ ਦੀ ਹਰ ਸੰਭਵ ਮਦਦ ਕਰ ਸਕੇ।

## ਵਿਧਾਇਕਾ ਗਨੀਵ ਕੌਰ ਮਜੀਠੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਵਿਛੋੜਾ ਦੇ ਗਏ ਵਰਕਰਾਂ ਦੇ ਪਰਵਾਰਾਂ ਨਾਲ ਦੁੱਖ ਸਾਂਝਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਧਰਮ ਪਤਨੀ ਅਤੇ ਹਲਕਾ ਮਜੀਠਾ ਤੋਂ ਵਿਧਾਇਕ ਬੀਬਾ ਗਨੀਵ ਕੌਰ ਮਜੀਠੀਆ ਨੇ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਵਿਛੋੜਾ ਦੇ ਗਏ ਮੈਂਬਰਾਂ ਦੇ ਘਰ ਪੁੱਜ ਕੇ ਉਹਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਬਾਅਦ ਵਿੱਚ ਵੱਖ-ਵੱਖ



ਪਿੰਡਾਂ ਵਿੱਚ ਉਹ ਅਕਾਲੀ ਵਰਕਰਾਂ ਨੂੰ ਵੀ ਮਿਲੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬਾ ਗਨੀਵ ਕੌਰ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਉਹਨਾਂ ਦੀ ਜਿੰਦਜਾਨ ਹੈ ਅਤੇ ਉਹ ਅੱਜ ਵੀ ਹਲਕੇ ਵਿੱਚ ਵਿਚਰ ਰਹੇ ਹਨ ਅਤੇ ਜਦੋਂ ਬਿਕਰਮ ਸਿੰਘ ਮਜੀਠੀਆ ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਵਿੱਚ ਡੱਕਿਆ ਗਿਆ ਹੈ ਉਹ ਵੀ ਬਾਹਰ ਆ ਕੇ ਹਲਕੇ ਦੀ ਸੇਵਾ ਪਹਿਲਾਂ ਵਾਂਗ ਹੀ ਕਰਦੇ ਰਹਿਣਗੇ । ਉਹਨਾਂ ਕਿਹਾ ਕਿ ਹਲਕਾ ਮਜੀਠਾ ਦੇ ਵਰਕਰਾਂ ਪੰਚਾਂ ਸਰਪੰਚਾਂ ਦੇ ਉਹ ਬਹੁਤ ਹੀ ਰਿਣੀ ਹਨ ਜਿਨਾਂ ਨੇ ਮਜੀਠੀਆ ਸਾਹਿਬ ਦੇ ਜੇਲ੍ਹ ਵਿੱਚ ਜਾਣ ਤੋਂ ਬਾਅਦ ਵੀ ਉਹਨਾਂ ਦਾ ਪੂਰਾ ਸਾਥ ਦਿੱਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਉਹ ਕੰਮ ਕਰ ਰਹੇ ਹਨ । ਬੀਬਾ ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਕੋਈ ਵੀ ਲੋਕ ਭਲਾਈ ਦਾ ਕੰਮ ਨਹੀਂ ਹੈ, ਝੂਠੇ ਸਬਜਬਾਗ਼ ਵਿਖਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰ ਸਕੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਸੀਨੀਅਰ ਅਕਾਲੀ ਆਗੂ ਸਰਬਜੀਤ ਸਿੰਘ ਸੁਪਾਰੀਵਿੰਡ, ਲਖਬੀਰ ਸਿੰਘ ਲੱਖਾ ਪੀ ਏ, ਐਡਵੋਕੇਟ ਰਾਕੇਸ਼ ਪ੍ਰਾਸ਼ਰ, ਗਗਨਦੀਪ ਸਿੰਘ ਭਕਨਾ ਪੀ ਏ, ਐਡਵੋਕੇਟ ਬਿਕਰਮਜੀਤ ਸਿੰਘ ਬਾਠ, ਰਣਧੀਰ ਸਿੰਘ ਸਰਪੰਚ ਬਾਠ ਭੋਏ, ਸੋਨੂ ਬੋਪਾਰਾਏ ਆਦਿ ਆਗੂ ਵੀ ਹਾਜ਼ਰ ਸਨ ।

## ਆਈਐੱਚਐੱਚ ਦੀ 2028 ਤਕ ਭਾਰਤ 'ਚ 2000 ਨਵੇਂ ਬੈੱਡਾਂ ਦੀ ਸੁਵਿਧਾ ਉਪਲਬਧ ਕਰਵਾਉਣ ਦੀ ਤਜਵੀਜ਼

**ਲੁਧਿਆਣਾ :** ਆਈ. ਐੱਚ. ਐੱਚ. ਹੈਲਥਕੇਅਰ ਨੇ ਐਲਾਨ ਕੀਤਾ ਹੈ ਕਿ ਉਹ 2028 ਤੱਕ ਭਾਰਤ ਵਿੱਚ ਲਗਭਗ 2000 ਬਿਸਤਰੇ ਜੋੜੇਗਾ।ਕੰਪਨੀ ਨੇ ਇਹ ਜਾਣਕਾਰੀ ਆਪਣੀ ਨਵੀਂ ਬ੍ਰਾਂਡ ਪਛਾਣ ਦੇ ਉਦਘਾਟਨ ਦੌਰਾਨ ਦਿੱਤੀ ।ਭਾਰਤ ਵਿੱਚ, ਆਈ.ਐੱਚ.ਐੱਚ. ਫੋਰਟਿਸ ਹੈਲਥਕੇਅਰ ਅਤੇ ਗਲੇਨੈਗਲਜ਼ ਹੈਲਥਕੇਅਰ ਰਾਹੀਂ 11 ਰਾਜਾਂ ਵਿੱਚ 35 ਹਸਪਤਾਲਾਂ ਅਤੇ 5,000 ਤੋਂ ਵੱਧ ਬਿਸਤਰਿਆਂ ਦਾ ਨੈੱਟਵਰਕ ਚਲਾਉਂਦਾ ਹੈ। ਵਿਸ਼ਵ ਪੱਧਰ ਤੇ, ਇਸ ਕੋਲ 140 ਸਿਹਤ ਸੰਭਾਲ ਸਹੂਲਤਾਂ ਹਨ, ਜਿਸ ਵਿੱਚ 10 ਦੇਸ਼ਾਂ ਵਿੱਚ ਫੈਲੇ 80 ਤੋਂ ਵੱਧ ਹਸਪਤਾਲ ਸ਼ਾਮਲ ਹਨ।ਆਈਐੱਚਐੱਚ. ਨੇ ਕਿਹਾ ਕਿ ਆਪਣੀ ਸੁਧਰੀ ਹੋਈ ਸੰਚਾਲਨ ਕੁਸ਼ਲਤਾ, ਕਲੀਨਿਕਲ ਉਤਮਤਾ ਅਤੇ ਭੂਗੋਲਿਕ ਪਹੁੰਚ ਦੇ ਨਾਲ ਆਈਐੱਚਐੱਚ ਸਾਲ 2028 ਤੱਕ ਭਾਰਤ ਵਿੱਚ ਲਗਭਗ 2,000 ਨਵੇਂ ਬਿਸਤਰੇ ਜੋੜਨ ਦੀ ਆਪਣੀ ਯੋਜਨਾ ਨੂੰ ਸਾਕਾਰ ਕਰਨ ਲਈ ਅੱਗੇ ਵਧ ਰਿਹਾ ਹੈ। ਸੀਈਓ ਪ੍ਰੇਮ ਕੁਮਾਰ ਨਾਇਰ ਨੇ ਕਿਹਾ ਕਿ ਉਨ੍ਹਾਂ ਦੀ ਨਵੀਂ ਪਛਾਣ ਦਰਸਾਉਂਦੀ ਹੈ ਕਿ ਆਈਐੱਚਐੱਚ ਹੁਣ ਇੱਕ ਬਹੁ-ਰਾਸ਼ਟਰੀ ਸਿਹਤ ਸੰਭਾਲ ਨੇਤਾ ਵਜੋਂ ਉੱਭਰ ਰਿਹਾ ਹੈ।

## ਮਹਾਰਾਸ਼ਟਰ ਸਰਕਾਰ ਦੀਆਂ ਸਿੱਖਾਂ ਪ੍ਰਤੀ ਦੋ ਹੋਰ ਅਹਿਮ ਪ੍ਰਾਪਤੀਆਂ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਮਹਾਰਾਸ਼ਟਰ ਸਿੱਖ ਸਮਾਜ ਦੀ 11-ਮੈਂਬਰੀ ਤਾਲਮੇਲ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਨਾਂਦੇੜ-ਮੁੰਬਈ ਵੰਦੇ ਭਾਰਤ ਰੇਲ ਗੱਡੀ ਨੂੰ ਹਰੀ ਝੰਡੀ ਦਿਖਾਉਣ ਤੋਂ ਇਲਾਵਾ ਸਿੱਖ ਸਮਾਜ ਦੇ ਅਟੁੱਟ ਅੰਗ ਬੰਜਾਰਾ, ਲੁਬਾਣਾ ਅਤੇ ਸਿਕਲੀਗਰ ਭਾਈਚਾਰਿਆਂ ਸਬੰਧੀ ਵਿਮੁਕਤ ਜਾਤੀ ਦੇ ਤਹਿਤ ਲੰਮੇ ਸਮੇਂ ਤੋਂ



ਲਟਕ ਰਹੇ ਦਸਤਾਵੇਜ਼ੀ ਸੁਧਾਰਾਂ ਨੂੰ ਕੈਬਨਿਟ ਵੱਲੋਂ ਮਨਜ਼ੂਰੀ ਮਿਲਣ ਨਾਲ ਅੱਜ ਦਾ ਦਿਨ ਸਿੱਖ ਕੌਮ ਲਈ ਇਤਿਹਾਸਕ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਸਿਰਫ਼ ਵਿਕਾਸ ਦਾ ਨਹੀਂ, ਸਗੋਂ ਬਰਾਬਰੀ ਅਤੇ ਨਿਆਂ ਵੱਲ ਵੱਡਾ ਕਦਮ ਹੈ। ਇਸ ਕਾਰਜ ਲਈ ਜਸਪਾਲ ਸਿੰਘ ਸਿੱਧੂ ਅਤੇ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਜੀਤ ਸਿੰਘ ਹੈਪੀ ਨੇ ਮੁੱਖ ਮੰਤਰੀ ਫੜਨਵੀਸ ਅਤੇ ਮਹਾਰਾਸ਼ਟਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।ਭਾਈ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਆਗੂ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਮਾਰਗ ਦਰਸ਼ਨ ਅਤੇ ਯੋਗਦਾਨ ਨਾਲ ਅਤੇ ਖ਼ਾਸ ਤੌਰ 'ਤੇ ਮੁੱਖ ਮੰਤਰੀ ਫੜਨਵੀਸ ਦੇ ਦ੍ਰਿੜ੍ਹ ਸੰਕਲਪ ਨਾਲ ਇਹ ਇਤਿਹਾਸਕ ਪਲ ਸੰਭਵ ਹੋ ਸਕਿਆ ਹੈ।ਉਨ੍ਹਾਂ ਦੱਸਿਆ ਕਿ ਸਾਡੇ ਵੱਲੋਂ ਮੁੱਖ ਮੰਤਰੀ ਤੋਂ ਕੀਤੀਆਂ ਗਈਆਂ ਮੰਗਾਂ ਮੁੰਬਈ ਤੋਂ ਨਾਂਦੇੜ ਸਾਹਿਬ ਲਈ ਵੰਦੇ ਭਾਰਤ ਰੇਲ ਸੇਵਾ ਅਤੇ ਬੰਜਾਰਾ, ਲੁਬਾਣਾ ਅਤੇ ਸਿਕਲੀਗਰ ਸਿੱਖ ਸਮਾਜ ਪ੍ਰਤੀ ਦਸਤਾਵੇਜ਼ੀ ਸੁਧਾਰ ਅੱਜ ਪੂਰੇ ਹੋ ਗਏ ਹਨ।

## ਹੜ੍ਹ ਦੇ ਹਾਲਾਤ ਨਾਲ ਨਜਿੱਠਣ ਲਈ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਸਿਹਤ ਵਿਭਾਗ ਦੇ ਸਹਿਯੋਗ ਲਈ ਅੱਗੇ ਆਈਆਂ

**ਗੁਰਦਾਸਪੁਰ (ਜਨਕ ਮਹਾਜਨ)-** ਮੌਜੂਦਾ ਹੜ੍ਹ ਦੇ ਹਾਲਾਤ ਨਾਲ ਨਜਿਠਣ ਲਈ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ, ਸਿਹਤ ਵਿਭਾਗ ਦੇ ਸਹਿਯੋਗ ਲਈ ਅੱਗੇ ਆਈਆਂ ਹਨ। ਇਨ੍ਹਾਂ ਸੰਸਥਾਵਾਂ ਨੇ ਸਿਹਤ ਵਿਭਾਗ ਨੂੰ ਜ਼ਰੂਰੀ ਸਮਾਨ ਮੁਹੱਈਆ ਕਰਵਾਇਆ ਹੈ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਗੁਰਦਾਸਪੁਰ ਵੱਲੋਂ ਸਿਹਤ ਵਿਭਾਗ ਨੂੰ ਮੱਛਰ ਤੋਂ ਬਚਾਓ ਲਈ ਕਰੀਮ ਅਤੇ ਧੂਏਂ ਲਈ ਕੋਇਲ ਦਿੱਤੀ ਗਈ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੇ



ਸਪੋਰਟਸ ਵਿੰਗ ਦੇ ਪ੍ਰਧਾਨ ਜਸਪਾਲ ਸਿੰਘ, ਸਿਹਤ ਵਿਭਾਗ ਦੇ ਸੇਵਾ ਮੁਕਤ ਅਸਿਸਟੈਂਟ ਮਲੇਰੀਆ ਅਫਸਰ ਜਗਦੀਸ਼ ਸਿੰਘ, ਕੋਚ ਮਨੋਹਰ ਸਿੰਘ ਵੱਲੋਂ ਵੀ ਮੱਛਰ ਦੇ ਖਾਤਮੇ ਲਈ ਕੋਇਲ ਦਿੱਤੀ ਗਈ ਹੈ। ਇਹ ਸਾਰਾ ਸਮਾਨ ਜ਼ਿਲ੍ਹੇ ਦੇ ਮੈਡੀਕਲ ਕੈਂਪ ਵਿੱਚ ਭੇਜ ਕੇ ਲੋਕਾਂ ਨੂੰ ਵੰਡੀਆਂ ਜਾਵੇਗਾ।ਸਿਵਲ ਸਰਜਨ ਨੇ ਇਸ ਯੋਗਦਾਨ ਲਈ ਭਾਰਤ ਵਿਕਾਸ ਪ੍ਰੀਸ਼ਦ ਦੇ ਅਹੁਦੇਦਾਰਾਂ, ਸਮਾਜ ਸੇਵੀ ਜਸਪਾਲ ਸਿੰਘ, ਜਗਦੀਸ਼ ਸਿੰਘ, ਮਨੋਹਰ ਸਿੰਘ ਆਦਿ ਦਾ ਧੰਨਵਾਦ ਕੀਤਾ।ਇਨ੍ਹਾਂ ਦੱਸਿਆ ਕਿ ਸਿਹਤ ਸੰਸਥਾਵਾਂ ਵਿੱਚ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਲੋਕਾਂ ਨੂੰ ਸਾਫ ਸਫਾਈ, ਚੰਗਾ ਖਾਣ ਪਾਣ , ਜ਼ਰੂਰੀ ਸਿਹਤ ਨੁਕਤਿਆਂ ਬਾਰੇ ਦੱਸਿਆ ਜਾ ਰਿਹਾ ਹੈ। ਪਾਣੀ ਦੀ ਕਲੋਰੀਨੇਸ਼ਨ ਕੀਤੀ ਜਾ ਰਹੀ ਹੈ। ਲੋਕਾਂ ਨੂੰ ਸਾਫ ਪਾਣੀ ਪੀਣ ਦੀ ਸਲਾਹ ਦਿੱਤੀ ਜਾ ਰਹੀ ਹੈ। ਇਸ ਮੌਕੇ ਏ ਸੀ ਐਸ ਡਾਕਟਰ ਪ੍ਰਭਜੋਤ ਕੌਰ ਕਲਸੀ, ਜ਼ਿਲ੍ਹਾ ਐਪਿਡਮੋਲੋਜਿਸਟ ਡਾਕਟਰ ਗੁਰਪ੍ਰੀਤ ਕੌਰ, ਜ਼ਿਲ੍ਹਾ ਸਿਹਤ ਅਫਸਰ ਡਾਕਟਰ ਅੰਕੁਰ ਕੌਸ਼ਲ ਆਦਿ ਹਾਜ਼ਰ ਸਨ।

## ਮੰਗਾਂ ਨੂੰ ਲੈ ਕੇ ਮਨਰੇਗਾ ਵਰਕਰਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਦਾ ਸਾੜਿਆ ਪੁਤਲਾ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਮਨਰੇਗਾ ਵਰਕਰ ਯੂਨੀਅਨ ਪੰਜਾਬ ਵੱਲੋਂ ਮਨਰੇਗਾ ਦਾ ਕੰਮ ਬੰਦ ਕਰਨ ਵਿਰੁੱਧ ਕੇਂਦਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਗੰਡੀਵਿੰਡ ਬਲਾਕ ਸਾਹਮਣੇ ਸਾੜਿਆ ਗਿਆ।ਜਿਸ ਦੀ ਅਗਵਾਈ ਜਰਨੈਲ ਸਿੰਘ ਰਸੂਲਪੁਰ ਤੇ ਬਗੀਚਾ ਸਿੰਘ ਗੰਡੀਵਿੰਡ ਅਤੇ ਸੁਖਰਾਜ ਸਿੰਘ ਨੌਸ਼ਹਿਰਾ ਢਾਲਾ ਨੇ ਕੀਤੀ।ਇਸ ਮੌਕੇ ਮਨਰੇਗਾ ਵਰਕਰਜ਼ ਯੂਨੀਅਨ ਦੇ ਆਗੂ ਜਰਨੈਲ ਸਿੰਘ ਰਸੂਲਪੁਰ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਮਨਰੇਗਾ ਸਕੀਮ ਨੂੰ ਬੰਦ ਕਰਨ 'ਤੇ ਤੁਲੀ ਹੋਈ ਹੈ।ਮਨਰੇਗਾ ਵਰਕਰਾਂ ਨੂੰ ਕੰਮ ਨਹੀਂ ਦਿੱਤਾ ਜਾਂ ਰਿਹਾ ਅਤੇ ਨਾ ਹੀ ਸਮੇਂ ਸਿਰ ਮਿਹਨਤਾਨਾ ਦਿੱਤਾ ਜਾ ਰਿਹਾ।ਉਹਨਾਂ ਭਗਵੰਤ ਮਾਨ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਮਨਰੇਗਾ ਵਰਕਰਾਂ ਦਾ ਕੰਮ ਬੰਦ ਕੀਤਾ ਹੋਇਆ ਹੈ ਅਤੇ ਮਨਰੇਗਾ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਨਹੀਂ ਚੱਲਣ ਦਿੱਤਾ ਜਾਂ ਰਿਹਾ। ਉਹਨਾਂ ਮੰਗ ਕਰਦਿਆਂ ਕਿਹਾ ਕਿ ਜੌਬ ਕਾਰਡ ਬਿਨਾਂ ਭੇਦਭਾਵ ਬਣਾਏ ਜਾਣ, ਸਾਰੇ ਪਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਮਿਹਨਤਾਨਾ ਘੱਟੋ ਘੱਟ 700 ਰੁਪਏ ਪ੍ਰਤੀ ਦਿਨ ਦਿੱਤਾ ਜਾਵੇ।ਕੰਮ ਦੌਰਾਨ ਮੈਡੀਕਲ ਕਿੱਟ



ਮੁਹਈਆ ਕੀਤੀ ਜਾਵੇ, ਮਨਰੇਗਾ ਕਾਮਿਆਂ ਦਾ ਫਰੀ ਬੀਮਾ 20 ਲੱਖ ਰੁਪਏ ਦਾ ਕੀਤਾ ਜਾਵੇ ਅਤੇ ਵਰਤੋਂ ਦਾ ਸਾਰਾ ਸਮਾਨ ਮੁਹਈਆ ਕਰਾਇਆ ਜਾਵੇ। ਪੰਡੋਰੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਦੁੱਖ ਦੀ ਘੜੀ ਵਿੱਚ ਉਹਨਾਂ ਦੀ ਸਾਰ ਲਵੇ ਅਤੇ ਕੇਂਦਰ ਸਰਕਾਰ ਹੜ ਪੀੜਤਾਂ ਨੂੰ ਸਪੈਸ਼ਲ ਪੈਕਜ ਦੇਣ ਦਾ ਐਲਾਨ ਕਰੇ। ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਡੰਗਰਾਂ ਦੇ ਚਾਰੇ ਦਾ ਪ੍ਰਬੰਧ, ਦਵਾਈਆਂ ਅਤੇ ਹੋਰ ਸਮੱਗਰੀ ਤਰੁੰਤ ਮੁਹੱਈਆ ਕਰਾਈ ਜਾਵੇ। ਇਸ ਮੌਕੇ ਕਸ਼ਮੀਰ ਸਿੰਘ ਗੰਡੀਵਿੰਡ, ਕਰਮਵੀਰ ਸਿੰਘ ਗੰਡੀਵਿੰਡ, ਬੀਰੋ ਚੀਮਾ ਖੁਰਦ, ਸੁਮਨਪ੍ਰੀਤ ਚੀਮਾ ਖੁਰਦ, ਮਨਪ੍ਰੀਤ ਕੌਰ ਚੀਮਾ, ਰਾਜ ਕੌਰ ਚੀਮਾ, ਤੀਰਥ ਸਿੰਘ ਗੰਡੀਵਿੰਡ, ਸੋਨੂੰ ਰਸੂਲਪੁਰ, ਕੰਵਲ ਸੋਹਲ, ਬਲਵਿੰਦਰ ਸੋਹਲ ਆਦਿ ਹਾਜ਼ਰ ਸਨ।

30-Aug-PAGE-4.qxd 8/29/2025 9:31 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 30 ਅਗਸਤ 2025

# ਹਨੇਰੇ ਦਾ ਪਸਾਰਾ

*ਕੌਮਾਂਤਰੀ ਪੁਲਾੜ ਦਿਵਸ 'ਤੇ ਹਿਮਾਚਲ ਦੇ ਊਨਾ ਵਿੱਚ ਜਵਾਹਰ ਨਵੋਦਿਆ ਵਿਦਿਆਲਾ ਦੇ ਬੱਚਿਆਂ ਨਾਲ ਗੱਲ ਕਰਨ ਗਏ ਹਮੀਰਪੁਰ ਤੋਂ ਭਾਜਪਾ ਸਾਂਸਦ, ਸੂਬੇ ਦੇ ਸਾਬਕਾ ਮੁੱਖ ਮੰਤਰੀ ਪ੍ਰੋਫੈਸਰ ਪ੍ਰੇਮ ਕੁਮਾਰ ਧੂਮਲ ਦੇ ਸਪੁੱਤਰ ਤੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਆਪਣਾ ਭਾਸ਼ਣ ਸੁਣਨ ਲਈ ਇਕੱਠੇ ਬੱਚਿਆਂ ਨੂੰ ਸਵਾਲ ਪੁੱਛਿਆ ਕਿ ਪੁਲਾੜ ਦੀ ਯਾਤਰਾ ਕਰਨ ਵਾਲਾ ਪਹਿਲਾ ਵਿਅਕਤੀ ਕੌਣ ਸੀ ? ਸਾਰੇ ਬੱਚਿਆਂ ਨੇ ਇੱਕ ਸੁਰ ਵਿੱਚ ਕਿਹਾ : ਯੂਰੀ ਗਾਗਰਿਨ। ਬੱਚਿਆਂ ਨੂੰ ਸਲਾਹੁਣ ਦੀ ਥਾਂ ਅਨੁਰਾਗ ਨੇ ਫਰਮਾਇਆ, "ਮੈਨੂੰ ਲੱਗਦਾ ਹੈ ਕਿ ਪਹਿਲੇ ਪੁਲਾੜ ਯਾਤਰੀ ਹਨੂੰਮਾਨ ਜੀ ਸਨ।" ਬੱਚੇ ਚੁੱਪ ਹੋ ਗਏ ਅਤੇ ਇੱਕ-ਦੂਜੇ ਵੱਲ ਦੇਖਣ ਦੀ ਬਜਾਇ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਸੀ। ਇਸ ਤੋਂ ਬਾਅਦ ਉਹ ਬੱਚਿਆਂ ਨੂੰ ਪੜ੍ਹਾਉਣ ਵਾਲਿਆਂ ਵੱਲ ਮੁੜੇ ਅਤੇ ਕਿਹਾ ਕਿ ਉਹ ਵੀ ਜੇ ਕਿਤਾਬਾਂ 'ਚੋਂ ਨਿਕਲ ਕੇ ਵੇਦ ਤੇ ਪਰੰਪਰਾਵਾਂ ਵੱਲ ਦੇਖਣਗੇ ਤਾਂ ਕੁਝ ਨਵਾਂ ਦੇਖਣ ਨੂੰ ਮਿਲੇਗਾ।*

*ਗਿਆਨ, ਤਰਕ, ਵਿਵੇਕ ਤੇ ਸਮੁੱਚੇ ਮਨੁੱਖੀ ਸਮਾਜ ਦੇ ਹੁਣ ਤੱਕ ਦੇ ਹਾਸਲ ਵਿਗਿਆਨ ਨੂੰ ਇੱਕ ਘੁੱਪ ਹਨੇਰੀ ਗੁਫਾ ਵਿੱਚ ਧੱਕਣ ਦਾ ਪ੍ਰੋਜੈਕਟ ਅੱਜਕੱਲ੍ਹ ਕੁਝ ਜ਼ਿਆਦਾ ਹੀ ਤੇਜ਼ੀ ਨਾਲ ਚੱਲ ਰਿਹਾ ਹੈ। ਅਨੁਰਾਗ ਤੋਂ ਦੋ ਦਿਨ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦਾਅਵਾ ਕੀਤਾ ਕਿ ਰਾਈਟ ਭਰਾਵਾਂ ਦੇ ਹਵਾਈ ਜਹਾਜ਼ ਬਣਾਉਣ ਦੀ ਗੱਲ ਗਲਤ ਹੈ, ਉਨ੍ਹਾਂ ਤੋਂ ਹਜ਼ਾਰਾਂ ਸਾਲ ਪਹਿਲਾਂ ਹੀ ਪੁਸ਼ਪਕ ਜਹਾਜ਼ ਬਣਾਇਆ ਤੇ ਉਡਾਇਆ ਜਾ ਚੁੱਕਾ ਸੀ। ਆਪਣੀ ਗੱਲ ਨੂੰ ਹੋਰ ਵਜ਼ਨਦਾਰ ਬਣਾਉਣ ਲਈ ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਡਰੋਨ ਤੇ ਮਿਜ਼ਾਈਲਾਂ ਵੀ ਪਤਾ ਨਹੀਂ ਕਦੋਂ ਤੋਂ ਹਨ। ਮਹਾਭਾਰਤ ਦੀ ਲੜਾਈ ਵਿੱਚ ਇਨ੍ਹਾਂ ਦੇ ਇਸਤੇਮਾਲ ਦੇ ਸਬੂਤ ਹੋਣ ਦੀ ਗੱਲ ਉਨ੍ਹਾ ਦੱਸੀ। ਮਜ਼ੇਦਾਰ ਗੱਲ ਇਹ ਹੈ ਕਿ ਇਹ ਦਾਅਵਾ ਉਨ੍ਹਾ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਭੋਪਾਲ ਦੀ ਕਨਵੋਕੇਸ਼ਨ ਵਿੱਚ ਕੀਤਾ। ਉਨ੍ਹਾ ਦੇ ਇਸ 'ਗਿਆਨ' ਨੂੰ ਜੇ ਕੋਰਸ ਕਰਕੇ ਨਿਕਲੇ ਮਾਹਰਾਂ ਨੇ ਭੋਰਾ ਵੀ ਗੰਭੀਰਤਾ ਨਾਲ ਲੈ ਲਿਆ ਤਾਂ ਇਸ ਦੇਸ਼ ਦੀ ਨਵੀਂ ਪੀੜ੍ਹੀ ਦੀ ਵਿਗਿਆਨ ਸਿੱਖਿਆ ਦਾ ਕੀ ਹਾਲ ਹੋਵੇਗਾ, ਇਹ ਸੋਚ ਕੇ ਕੰਬਣੀ ਛਿੜਦੀ ਹੈ। ਦਰਅਸਲ ਇਸ ਤਰ੍ਹਾਂ ਦੇ ਦਾਅਵਿਆਂ ਦੀ ਸ਼ੁਰੂਆਤ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਦੇ ਬਾਅਦ 2014 ਵਿੱਚ ਇੱਕ ਹਸਪਤਾਲ ਦਾ ਉਦਘਾਟਨ ਕਰਨ ਵੇਲੇ ਇਹ ਇੰਕਸ਼ਾਫ ਕਰਕੇ ਕੀਤੀ ਸੀ ਕਿ ਸਭ ਤੋਂ ਪਹਿਲੀ ਸਰਜਰੀ ਭਾਰਤ ਵਿੱਚ ਹੋਈ ਸੀ ਜਦੋਂ ਗਣੇਸ਼ ਜੀ ਦੇ ਕਟੇ ਸਿਰ ਦੀ ਥਾਂ ਹਾਥੀ ਦਾ ਸਿਰ ਲਾਇਆ ਗਿਆ ਸੀ। ਇਸੇ ਮੁਹਿੰਮ ਤਹਿਤ ਮੋਦੀ ਨੇ ਕੋਰੋਨਾ ਵਾਇਰਸ ਨੂੰ ਭਜਾਉਣ ਲਈ ਘੰਟੀਆਂ ਵਜਵਾਈਆਂ ਤੇ ਥਾਲੀਆਂ ਖੜਕਵਾਈਆਂ। ਯੂ ਪੀ ਦੇ ਤੱਤਕਾਲੀ ਮੰਤਰੀ ਦਿਨੇਸ਼ ਸ਼ਰਮਾ ਨੇ ਖੋਜਬੀਨ ਕਰਕੇ ਦੱਸਿਆ ਕਿ ਸੀਤਾ ਮਟਕੇ ਵਿੱਚੋਂ ਨਹੀਂ ਨਿਕਲੀ ਸੀ, ਉਹ ਪਹਿਲੀ ਟੈਸਟ ਟਿਊਬ ਬੇਬੀ ਸੀ। ਤ੍ਰਿਪੁਰਾ ਦੇ ਪਹਿਲੇ ਭਾਜਪਾਈ ਮੁੱਖ ਮੰਤਰੀ ਵਿਪਲਵ ਕੁਮਾਰ ਦੇਬ ਨੇ ਦਾਅਵਾ ਕੀਤਾ ਸੀ ਕਿ ਇੰਟਰਨੈੱਟ ਤਾਂ ਭਾਰਤ ਵਿੱਚ ਹਜ਼ਾਰਾਂ ਸਾਲਾਂ ਤੋਂ ਹੈ। ਸੰਜੇ ਜੰਗ ਦਾ ਅੱਖੀਂ ਡਿੱਠਾ ਹਾਲ ਧ੍ਰਿਤਰਾਸ਼ਟਰ ਨੂੰ ਇਸੇ ਦੀ ਮਦਦ ਨਾਲ ਸੁਣਾਉਂਦਾ ਸੀ।*

*ਜਿਹੜੇ ਹਨੂੰਮਾਨ ਨੂੰ ਪਹਿਲਾ ਪੁਲਾੜ ਯਾਤਰੀ ਦੱਸ ਰਹੇ ਸਨ, ਉਨ੍ਹਾ ਦੇ ਬੇਟੇ ਹਿਮਾਚਲ ਦੇ ਕਿਸੇ ਗੁਰੂਕੁਲ 'ਚ ਨਹੀਂ ਪੜ੍ਹਦੇ। ਸ਼ਿਵਰਾਜ ਚੌਹਾਨ ਦੇ ਬੇਟੇ ਅਮਰੀਕਾ ਦੀ ਮਹਿੰਗੀ ਯੂਨੀਵਰਸਿਟੀ ਆਫ ਪੈਂਸਿਲਵਾਨੀਆ ਤੋਂ ਪੜ੍ਹ ਕੇ ਆਏ ਹਨ। ਲੋਕਾਂ ਨੂੰ ਹਨੇਰੇ ਵਿੱਚ ਧੱਕਣ ਵਾਲੇ ਆਪਣੇ ਘਰ-ਪਰਵਾਰ ਨੂੰ ਪਰ੍ਹੇ ਰੱਖਦੇ ਹਨ। ਅਨੁਰਾਗ ਦੀ ਬਕਵਾਸ ਵੇਲੇ ਨਵੋਦਿਆ ਵਿਦਿਆਲਾ ਦੇ ਪ੍ਰਿੰਸੀਪਲ ਜਾਂ ਕਿਸੇ ਟੀਚਰ ਨੇ, ਚੌਹਾਨ ਦੇ ਦਾਅਵੇ ਵੇਲੇ ਕਿਸੇ ਪ੍ਰੋਫੈਸਰ ਜਾਂ ਡਿਗਰੀ ਲੈਣ ਵਾਲੇ ਨੇ ਅਤੇ ਮੋਦੀ ਦੇ ਬੋਲਦੇ ਸਮੇਂ ਕਿਸੇ ਡਾਕਟਰ ਨੇ ਜੇ ਅਸਹਿਮਤੀ 'ਚ ਹੱਥ ਉਠਾਇਆ ਹੁੰਦਾ ਤਾਂ ਉਸ ਹਨੇਰੇ ਨੂੰ ਗਾਇਬ ਕੀਤਾ ਜਾ ਸਕਦਾ ਸੀ, ਜਿਸ ਨੂੰ ਫੈਲਾਉਣ ਲਈ ਵੱਡਾ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਹੋ ਸਕਦਾ ਹੈ ਕਿ ਉਨ੍ਹਾਂ ਦੀਆਂ ਮਜਬੂਰੀਆਂ ਰਹੀਆਂ ਹੋਣ, ਪਰ ਗਿਆਨ, ਵਿਗਿਆਨ, ਤਰਕ ਤੇ ਵਿਵੇਕ ਨੂੰ ਬਚਾਉਣ ਲਈ ਅੱਗੇ ਆਉਣਾ ਪਏਗਾ, ਜਥੇਬੰਦ ਜਮਾਤ ਦੇ ਰੂਪ ਵਿੱਚ, ਜਾਗਰਤ ਤੇ ਸਾਹਸੀ ਗਰੁੱਪ ਦੇ ਰੂਪ ਵਿੱਚ ਤੇ ਜੇ ਲੋੜ ਪਈ ਤਾਂ ਇਕੱਲੇ ਵਿਅਕਤੀ ਦੇ ਰੂਪ ਵਿੱਚ ਵੀ; ਮੱਸਿਆ ਨੂੰ ਮੱਸਿਆ ਤੇ ਪੁੰਨਿਆ ਨੂੰ ਪੁੰਨਿਆ ਕਹਿਣਾ ਹੀ ਹੋਵੇਗਾ। ਰਾਜਾ ਜੇ ਨਿਰਵਸਤਰ ਹੈ ਤਾਂ ਉਸ ਨੂੰ ਨਿਰਵਸਤਰ ਦੱਸਣਾ ਹੀ ਪਏਗਾ। ਮਨੁੱਖੀ ਸਮਾਜ ਇੰਜ ਹੀ ਵਿਕਸਤ ਹੋਇਆ ਹੈ ਤੇ ਇੰਜ ਹੀ ਅੱਗੇ ਵਧੇਗਾ।*

# ਭਾਜਪਾ ਦੇ ਰਹਿੰਦਿਆਂ ਦੇਸ਼ ਪਛੜਦਾ ਰਹੇਗਾ



ਵਿਸ਼ਵਾ ਮਿੱਤਰ

ਹੁਣ ਤੱਕ ਜੋ ਭਾਜਪਾ ਦੀ ਕਾਰਗੁਜ਼ਾਰੀ ਰਹੀ ਅਤੇ ਜਿਸ ਪਾਸੇ ਇਹ ਵਧ ਰਹੀ ਹੈ, ਉਸ ਅਨੁਸਾਰ ਦੇਸ਼ ਹਰ ਖੇਤਰ 'ਚ ਪੱਛੜਿਆ ਹੈ ਅਤੇ ਪੱਛੜ ਰਿਹਾ ਹੈ। ਹਥਲੇ ਇੱਕ ਲੇਖ ਵਿਚ ਸਾਰੇ ਖੇਤਰਾਂ 'ਤੇ ਚਰਚਾ ਨਹੀਂ ਕੀਤੀ ਜਾ ਸਕਦੀ, ਕੇਵਲ ਤਿੰਨ ਖੇਤਰਾਂ, ਸੰਸਦੀ ਕੰਮ ਢੰਗ, ਆਰਥਿਕਤਾ ਅਤੇ ਵਿਗਿਆਨ ਬਾਰੇ ਚਰਚਾ ਕਰ ਰਿਹਾ ਹਾਂ। 2014 ਤੋਂ ਲੈ ਕੇ ਹੁਣ ਤਕ ਗਲਤ ਨੀਤੀਆਂ ਕਾਰਨ ਆਰਥਿਕਤਾ ਪਛੜਨ ਦੇ ਕਾਰਨਾਂ ਕਰਕੇ ਕੁਝ ਸਿਆਸਤਦਾਨ ਅਤੇ ਅਰਥ ਸ਼ਾਸਤਰੀ ਸਰਕਾਰ ਨਾਲ ਸਹਿਮਤ ਨਾ ਹੋਣ ਕਾਰਨ ਤਿਆਗ ਪੱਤਰ ਦੇ ਗਏ।

ਜਗਦੀਪ ਧਨਖੜ, ਜਿਹੜੇ ਕਿ ਬੀ. ਐੱਸ ਸੀ ਅਤੇ ਐਲ ਐੱਲ ਬੀ ਸਨ, ਬੰਗਾਲ ਵਿਚ ਗਵਰਨਰ ਰਹੇ, ਕੇਂਦਰੀ ਰਾਜ ਮੰਤਰੀ, ਰਾਜਸਥਾਨ ਵਿਚ ਵਿਧਾਇਕ ਰਹੇ, ਲੋਕ ਸਭਾ ਦੇ ਮੈਂਬਰ ਰਹੇ, 2022 ਵਿਚ ਉਪ ਰਾਸ਼ਟਰਪਤੀ ਬਣੇ ਅਤੇ 21 ਜੁਲਾਈ 2025 ਨੂੰ ਤਿਆਗ ਪੱਤਰ ਦੇ ਗਏ।ਐਨੇ ਤਜਰਬੇਕਾਰ ਵਿਅਕਤੀ ਨੂੰ ਕਿਹੜੇ ਕਾਰਨਾਂ ਕਰਕੇ ਤਿਆਗ ਪੱਤਰ ਦੇਣਾ ਪਿਆ, ਇਸ ਬਾਰੇ ਸਰਕਾਰ ਸਪੱਸ਼ਟ ਦੱਸਣ ਨੂੰ ਤਿਆਰ ਨਹੀਂ, ਸਰਕਾਰ ਵੱਲੋਂ ਕੇਵਲ ਸਿਹਤ ਦੇ ਅਧਾਰ 'ਤੇ ਤਿਆਗ ਪੱਤਰ ਦੇਣ ਬਾਰੇ ਦੱਸਣਾ ਲੋਕਾਂ ਨੂੰ ਕੁਝ ਹਜ਼ਮ ਨਹੀਂ ਹੋ ਰਿਹਾ। ਇਹ ਵੀ ਨਹੀਂ ਦੱਸਿਆ ਜਾ ਰਿਹਾ ਕਿ ਇਸ ਵੇਲੇ ਧਨਖੜ ਜੀ ਕਿੱਥੇ ਅਤੇ ਕਿਸ ਹਾਲਤ ਵਿਚ ਹਨ। ਇਸ ਤੋਂ ਪਹਿਲਾਂ 2017 ਵਿਚ ਭਾਜਪਾ ਸਾਂਸਦ ਨਾਨਾ ਪਟੋਲੇ ਸਰਕਾਰ ਦੀ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੀ ਨੀਤੀ ਨਾਲ ਸਹਿਮਤ ਨਾ ਹੋਣ ਕਾਰਨ ਭਾਜਪਾ ਅਤੇ ਸੰਸਦ ਤੋਂ ਤਿਆਗ ਪੱਤਰ ਦੇ ਗਏ ਸਨ। ਉਹਨਾ ਦਾ ਕਹਿਣਾ ਸੀ ਕਿ ਸਰਕਾਰ ਕਿਸਾਨਾਂ ਅਤੇ ਪੱਛੜੀਆਂ ਸ਼੍ਰੇਣੀਆਂ ਪ੍ਰਤੀ ਅਸੰਵੇਦਨਸ਼ੀਲ ਹੈ।ਭਾਜਪਾ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਤਿਲੰਗਾਨਾ ਦੇ ਭਾਜਪਾ ਵਿਧਾਇਕ ਜੂਨ 2025 ਵਿਚ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਦੇ ਗਏ ਸਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਹ ਕੇਵਲ ਤਿਆਗ ਪੱਤਰ ਨਹੀਂ, ਸਗੋਂ ਮੋਦੀ ਅਤੇ ਸ਼ਾਹ ਵਿਰੁੱਧ ਖੁੱਲ੍ਹੀ ਬਗਾਵਤ ਹੈ। ਮੋਦੀ ਜਾਂ ਸ਼ਾਹ ਦੀ ਕਾਰਗੁਜ਼ਾਰੀ ਵਿਰੁੱਧ ਜਿਹੜਾ ਵੀ ਭਾਜਪਾ ਦਾ ਸਿਆਸਤਦਾਨ ਬੋਲਦਾ ਹੈ, ਉਸ ਨੂੰ ਪਾਰਟੀ ਵਿਚੋਂ ਕੱਢਿਆ ਜਾ ਰਿਹਾ ਹੈ ਜਾਂ ਕਿਸੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਇਸ ਢੰਗ ਤੋਂ ਨਰਾਜ਼ ਹੋਰ ਭਾਜਪਾ ਸਿਆਸਤਦਾਨ ਵੀ ਬਗਾਵਤ ਕਰਨ ਦੇ ਮੌਕੇ ਦੀ ਭਾਲ ਵਿਚ ਹਨ। ਇਸ ਤੋਂ ਇਲਾਵਾ ਕਿੰਨੇ ਹੀ ਲੇਖਕ, ਕਵੀ, ਪ੍ਰੋਫੈਸਰ ਅਤੇ ਯੂਨੀਵਰਸਟੀਆਂ ਦੇ ਵਿਦਿਆਰਥੀ ਜਿਹੜੇ ਭਾਜਪਾ ਦੀਆਂ ਨੀਤੀਆਂ ਵਿਰੁੱਧ ਬੋਲਦੇ ਜਾਂ ਲਿਖਦੇ ਹਨ, ਉਹ ਜੇਲ੍ਹ ਭੇਜੇ ਹਨ ਅਤੇ ਬਿਨਾਂ ਮੁਕੱਦਮਾ ਚਲਾਏ ਬਿਨਾਂ ਜ਼ਮਾਨਤ ਪੰਜ ਸਾਲ ਜਾਂ ਉਸ ਤੋਂ ਵੱਧ ਸਮਾਂ ਜੇਲ੍ਹ ਵਿਚ ਹਨ ਅਤੇ ਇੱਕ-ਦੋ ਬਿਮਾਰਾਂ ਦਾ ਇਲਾਜ ਜਾਣਬੁੱਝ ਕੇ ਨਾ ਕਰਵਾਉਣ ਕਾਰਨ ਜੇਲ੍ਹ ਵਿਚ ਹੀ ਮੌਤ ਹੋ ਗਈ ਜਾਂ ਕਾਫੀ ਲੰਮੀ ਜੇਲ੍ਹ ਕੱਟ ਕੇ ਬਾਹਰ ਆਉਣ ਤੋਂ ਬਾਅਦ ਛੇਤੀ ਮੌਤ ਹੋ ਗਈ। ਰਾਸ਼ਟਰ ਪੱਧਰ ਦੇ ਤਰਕਸ਼ੀਲ ਨਰੇਂਦਰ ਡਾਬੋਲਕਰ, ਐੱਮ. ਐੱਮ. ਕਲਬੁਰਗੀ ਅਤੇ ਗੋਬਿੰਦ ਪਨਸਾਰੇ ਵਰਗੇ ਆਗੂ ਹਿੰਦੂਤਵ ਦੀ ਅੱਤ ਸੱਜੀ ਵਿਚਾਰਧਾਰਾ ਵਾਲੇ ਆਤੰਕੀਆਂ ਨੇ ਲਗਾਤਾਰ ਅਤੇ ਇੱਕ ਹੀ ਢੰਗ ਨਾਲ ਮਾਰ ਦਿੱਤੇ ਗਏ। ਦਸ ਸਾਲ ਤੋਂ ਵੱਧ ਸਮਾਂ ਬੀਤਣ ਤੱਕ ਵੀ ਪਨਸਾਰੇ ਦੇ ਕਤਲ ਦੀ ਜਾਂਚ ਨਹੀਂ ਹੋਈ ਅਤੇ ਕਾਤਲਾਂ ਦੇ ਮਾਸਟਰਮਾਇੰਡ ਦਾ ਪਤਾ ਨਹੀਂ ਲੱਗਾ।

ਭਾਜਪਾ ਸਰਕਾਰ ਬਿਲਕੁਲ ਗਲਤ ਆਰਥਿਕ ਨੀਤੀਆਂ 'ਤੇ ਚੱਲੀ। ਬਜਾਏ ਦੇਸ਼ ਦਾ ਧਨ ਰੁਜ਼ਗਾਰ, ਸਿੱਖਿਆ, ਸਿਹਤ 'ਤੇ ਖਰਚ ਕਰਨ ਦੇ ਵੱਡੇ ਵਪਾਰਕ ਘਰਾਣਿਆਂ ਨੂੰ ਬਿਨਾਂ ਗਰੰਟੀ ਬੈਂਕਾਂ ਤੋਂ ਕਰਜ਼ੇ ਦੁਆਏ ਗਏ ਅਤੇ ਬਾਅਦ ਵਿੱਚ ਘਾਟੇ ਦੇ ਬਹਾਨੇ ਕਰਜ਼ੇ ਮਾਫ਼ ਕਰ ਦਿੱਤੇ ਗਏ। ਵਪਾਰੀਆਂ ਅਤੇ ਸਿਆਸਤਦਾਨਾਂ ਨੇ ਰਲ-ਮਿਲ ਕੇ ਖਾਣ ਵਾਲੀ ਦੇਸ਼ ਦੀ ਇਕਾਨਮੀ ਨੂੰ ਕਰੋਨੀ ਇਕਾਨਮੀ ਬਣਾ ਦਿੱਤਾ। ਇਸ ਵਰਤਾਰੇ ਤੋਂ ਦੁਖੀ ਕਈ ਆਰਥਕ ਮਾਹਰ ਤਿਆਗ ਪੱਤਰ ਦੇ ਗਏ। ਰਘੂਰਾਮ ਰਾਜਨ, ਜਿਹੜੇ ਕਿ ਆਰਥਿਕ ਮਾਹਰ ਅਤੇ ਪ੍ਰੋਫੈਸਰ ਸਨ ਅਤੇ ਆਈ ਐਮ ਐੱਫ ਦੇ ਮੁੱਖ ਇਕਾਨੋਮਿਸਟ ਰਹੇ, ਉਹਨਾਂ ਨੂੰ ਸਰਦਾਰ ਮਨਮੋਹਨ ਸਿੰਘ ਨੇ ਰਿਜ਼ਰਵ ਬੈਂਕ ਦਾ ਗਵਰਨਰ ਨਿਯੁਕਤ ਕੀਤਾ ਸੀ ਅਤੇ ਉਹ ਇਸ ਅਹੁਦੇ ਤੇ 2013 ਤੋਂ 2016 ਤੱਕ ਰਹੇ। ਆਪਣੇ ਮਨ ਦੀ ਗਲ ਸਾਫ ਸਾਫ਼ ਅਤੇ ਪਬਲਿਕ ਵਿਚ ਕਹਿਣ ਵਾਲੇ ਤੋਂ ਮੋਦੀ ਇਸ ਲਈ ਨਾਰਾਜ਼ ਸੀ ਕਿ ਉਹ ਨੋਟਬੰਦੀ ਦੇ ਵਿਰੁੱਧ ਬੋਲਦੇ ਸਨ।ਨਿਰਮਲਾ ਸੀਤਾਰਮਨ ਅਤੇ ਸੁਬਰਾਮਨੀਅਮ ਸਵਾਮੀ ਵੀ ਰਾਜਨ ਵਿਰੁੱਧ ਬੋਲਦੇ ਰਹੇ, ਇਸ ਲਈ ਉਹ 2016 ਵਿਚ ਤਿਆਗ ਪੱਤਰ ਦੇ ਕੇ ਸ਼ਿਕਾਗੋ ਯੂਨੀਵਰਸਟੀ ਵਿਚ ਪੜ੍ਹਾਉਣ ਲਈ ਚਲੇ ਗਏ। ਬਾਅਦ ਵਿਚ ਉਹ 2018 ਵਿਚ ਚੋਣ ਬਾਂਡਾਂ ਵਿਰੁੱਧ ਵੀ ਬੋਲੇ।

2016 ਵਿਚ ਮੋਦੀ ਵੱਲੋਂ ਰਿਜ਼ਰਵ ਬੈਂਕ ਦੇ ਨਿਯੁਕਤ ਕੀਤੇ ਗਏ ਗਵਰਨਰ ਉਰਜਿਤ ਪਟੇਲ 2018 ਵਿਚ ਨਿੱਜੀ ਕਾਰਨ ਕਰਕੇ ਤਿਆਗ ਪੱਤਰ ਦੇ ਗਏ। ਤਿਆਗ ਪੱਤਰ ਦਾ ਕਾਰਨ ਭਾਵੇਂ ਨਿੱਜੀ ਕਾਰਨ ਦੱਸਿਆ, ਪਰ ਅਸਲੀਅਤ ਇਹ ਸੀ ਕਿ ਉਹ ਵੀ ਰਾਜਨ ਦੀ ਤਰਾਂ ਨੋਟਬੰਦੀ ਦਾ ਘੋਰ ਵਿਰੋਧੀ ਸੀ ਅਤੇ ਕਈ ਵਾਰ ਮੋਦੀ ਨਾਲ ਟਕਰਾਓ ਵਿਚ ਰਿਹਾ।

ਵਿਰਾਲ ਅਚਾਰੀਆ ਰਿਜ਼ਰਵ ਬੈਂਕ ਦੀ ਸਕਿਉਰਿਟੀ ਮਾਰਕੀਟ ਅਤੇ ਸਕਿਉਰਿਟੀ ਐਕਸਚੇਂਜ ਦੇ ਸਲਾਹਕਾਰ 2014 ਤੋਂ ਚਲੇ ਆ ਰਹੇ ਸਨ ਅਤੇ 2017 ਵਿਚ ਉਹਨਾ ਨੂੰ ਤਿੰਨ ਸਾਲ ਲਈ ਰਿਜ਼ਰਵ ਬੈਂਕ ਦੇ ਉਪ ਗਵਰਨਰ ਲਗਾ ਦਿੱਤਾ ਗਿਆ। 2018 ਵਿਚ ਉਹਨਾ ਨੇ ਬੜੇ ਤਿੱਖੇ ਭਾਸ਼ਣ ਵਿਚ ਕਿਹਾ ਕਿ ਰਿਜ਼ਰਵ ਬੈਂਕ ਦੀ ਸੁਤੰਤਰਤਾ ਯਕੀਨੀ ਬਣਾਈ ਜਾਵੇ ਅਤੇ ਨਾਲ ਹੀ ਵਾਰਨਿੰਗ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਦੇਸ਼ ਲਈ ਬੜੇ ਤਬਾਹਕੁੰਨ ਨਤੀਜੇ ਨਿਕਲਣਗੇ। ਇਸ ਭਾਸ਼ਣ ਨਾਲ ਅਚਾਰੀਆ ਜੀ ਦੇ ਮੋਦੀ ਨਾਲ ਗਹਿਰੇ ਮਤਭੇਦ ਹੋ ਗਏ ਅਤੇ ਆਪਣਾ ਕਾਰਜਕਾਲ ਪੂਰਾ ਕੀਤੇ ਬਿਨਾਂ ਹੀ 2019 ਵਿਚ ਨਿੱਜੀ ਕਾਰਨ ਦੱਸ ਕੇ ਤਿਆਗ ਪੱਤਰ ਦੇ ਗਏ।

ਅਰਵਿੰਦ ਸੁਬਰਾਮਨੀਅਮ 2014 ਤੋਂ 2018 ਤੱਕ ਭਾਰਤ ਸਰਕਾਰ ਦੇ ਚੀਫ਼ ਇਕਨਾਮਿਕ ਸਲਾਹਕਾਰ ਰਹੇ। ਉਹਨਾ ਦੀ ਆਰ ਐੱਸ ਐੱਸ ਨਾਲ ਸੰਬੰਧਤ ਸਵਦੇਸ਼ੀ ਜਾਗਰਣ ਮੰਚ ਨੇ ਕਾਫ਼ੀ ਨੁਕਤਾਚੀਨੀ ਕੀਤੀ ਅਤੇ ਤੰਗ ਆ ਕੇ 2018 ਵਿਚ ਤਿਆਗ ਪੱਤਰ ਦੇ ਕੇ ਅਮਰੀਕਾ ਚਲੇ ਗਏ। ਹਾਲਾਂਕਿ ਬਿਮਾਰ ਅਰੁਣ ਜੇਤਲੀ ਨੇ ਉਹਨਾ ਨੂੰ ਭਾਰਤ ਵਿਚ ਰੁਕਣ ਲਈ ਕਿਹਾ, ਪਰ ਉਹ ਨਹੀਂ ਰੁਕੇ।

2019 ਦੀਆਂ ਚੋਣਾਂ ਤੋਂ ਪਹਿਲਾਂ ਮੋਦੀ ਅਤੇ ਅਮਿਤ ਸ਼ਾਹ ਨੇ ਆਪਣੇ ਪ੍ਰਚਾਰ ਦੌਰਾਨ ਕਈ ਵਾਰ ਚੋਣ ਜ਼ਾਬਤਿਆਂ ਦੀ ਉਲੰਘਣਾ ਕੀਤੀ, ਜਿਸ ਤੋਂ ਚੋਣ ਕਮਿਸ਼ਨਰ ਅਸ਼ੋਕ ਲਾਵਸਾ ਨੇ ਨਰਾਜ਼ਗੀ ਪ੍ਰਗਟ ਕੀਤੀ ਅਤੇ ਸਰਕਾਰ ਨੇ ਉਸ ਦੇ ਪਰਵਾਰਕ ਮੈਂਬਰਾਂ ਵਿਰੁੱਧ ਆਮਦਨ ਟੈਕਸ ਦੇ ਛਾਪੇ ਮਰਵਾਉਣੇ ਸ਼ੁਰੂ ਕਰ ਦਿੱਤੇ। ਇਜ਼ਰਾਈਲ ਤੋਂ ਮੰਗਵਾਏ ਹੋਏ ਪੈਗਾਸਸ ਸਪਾਈਵੇਅਰ ਨਾਲ ਵੀ ਸਰਕਾਰ ਨੇ ਅਸ਼ੋਕ ਨੂੰ ਨਿਸ਼ਾਨੇ 'ਤੇ ਰੱਖਿਆ ਸੀ। ਇਸ ਲਈ ਉਹ ਤਿਆਗ ਪੱਤਰ ਦੇ ਕੇ ਏਸ਼ੀਅਨ ਡਿਵੈੱਲਪਮੈਂਟ ਬੈਂਕ ਵਿਚ ਚਲੇ ਗਏ। 2024 ਦੀਆਂ ਲੋਕ ਸਭਾ ਚੋਣਾਂ ਤੋਂ ਥੋੜ੍ਹੇ ਹੀ ਦਿਨ ਪਹਿਲਾਂ ਚੋਣ ਕਮਿਸ਼ਨਰ ਅਰੁਣ ਗੋਇਲ ਤਿਆਗ ਪੱਤਰ ਦੇ ਗਏ। ਉਹਨਾ ਦਾ ਕਾਰਜ ਕਾਲ 2027 ਤੱਕ ਸੀ ਅਤੇ ਛੇਤੀ ਹੀ ਉਹਨਾ ਨੇ ਮੁੱਖ ਚੋਣ ਕਮਿਸ਼ਨਰ ਬਣਨਾ ਸੀ।

ਭਾਜਪਾ ਨੇਤਾ ਗਾਹੇ-ਬਗਾਹੇ ਗੈਰ-ਵਿਗਿਆਨਿਕ ਬਿਆਨ ਦੇਂਦੇ ਰਹਿੰਦੇ ਹਨ।ਕੇਵਲ ਗੈਰ-ਵਿਗਿਆਨਿਕ ਬਿਆਨ ਹੀ ਨਹੀਂ ਦੇਂਦੇ, ਬਲਕਿ ਵਿਗਿਆਨ ਜਾਂ ਵਿਗਿਆਨਕਾਂ ਨੂੰ ਭੰਡਦੇ ਵੀ ਹਨ।

ਮੋਦੀ ਨੇ ਇੱਕ ਵਿਗਿਆਨ ਕਾਨਫਰੰਸ ਵਿਚ ਕਿਹਾ ਕਿ ਸ਼ਿਵ ਜੀ ਸੰਸਾਰ ਦੇ ਸਭ ਤੋਂ ਪਹਿਲੇ ਸਰਜਨ ਸਨ, ਜਿਨ੍ਹਾਂ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਗਣੇਸ਼ ਦੇ ਧੜ ਉੱਤੇ ਹਾਥੀ ਦਾ ਸਿਰ ਲਗਾ ਦਿੱਤਾ ਸੀ। ਭਾਜਪਾ ਨੇਤਾ ਪ੍ਰਗਿਆ ਸਿੰਘ ਠਾਕੁਰ ਨੇ ਕਿਹਾ ਕਿ ਗਊ ਮੂਤਰ ਨਾਲ ਕੈਂਸਰ ਠੀਕ ਹੋ ਜਾਂਦਾ ਹੈ। ਉਸ ਨੇ ਇਹ ਵੀ ਕਿਹਾ ਕਿ ਇੱਕ ਖਾਸ ਢੰਗ ਨਾਲ ਗਊ ਉੱਤੇ ਹੱਥ ਫੇਰਨ ਨਾਲ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ। ਇੱਕ ਹੋਰ ਨੇਤਾ ਨੇ ਕਿਹਾ ਕਿ ਗਊ ਦਾ ਦੁੱਧ, ਗੋਹਾ ਅਤੇ ਪੇਸ਼ਾਬ ਮਿਲਾ ਕੇ ਜਿਹੜਾ ਮਿਸ਼ਰਣ ਬਣਦਾ ਹੈ, ਇਸ ਨਾਲ ਛਾਤੀ ਦਾ ਕੈਂਸਰ ਠੀਕ ਹੋ ਜਾਂਦਾ ਹੈ।ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ 106ਵੀਂ ਵਿਗਿਆਨ ਕਾਨਫਰੰਸ ਵਿਚ ਕਿਹਾ ਕਿ ਮਹਾਭਾਰਤ ਕਾਲ ਵਿੱਚ ਸਟੈਮ ਸੈੱਲ ਤਕਨਾਲੋਜੀ ਮੌਜੂਦ ਸੀ, ਜਿਸ ਨਾਲ ਇਕ ਮਾਂ ਦੇ ਸੌ ਬੱਚੇ (ਕੌਰਵ) ਪੈਦਾ ਕੀਤੇ ਗਏ। ਨਾਗੇਸ਼ਵਰ ਨੇ ਹੀ ਕਿਹਾ ਕਿ ਵਿਸ਼ਨੂੰ ਦਾ ਸੁਦਰਸ਼ਨ ਚੱਕਰ ਗਾਈਡਿਡ ਮਿਜ਼ਾਈਲ ਸੀ, ਜਿਹੜਾ ਦੁਸ਼ਮਣ ਦਾ ਪਿੱਛਾ ਕਰਕੇ ਉਸ ਨੂੰ ਮਾਰ ਦੇਂਦਾ ਸੀ ਅਤੇ ਵਾਪਸ ਵਿਸ਼ਨੂ ਜੀ ਦੇ ਕੋਲ ਆ ਜਾਂਦਾ ਸੀ। ਰਾਵਣ ਕੋਲ 24 ਕਿਸਮ ਦੇ ਹਵਾਈ ਜਹਾਜ਼ ਅਤੇ ਕਈ ਏਅਰਪੋਰਟ ਸਨ।ਇਸੇ ਕਾਨਫਰੰਸ ਵਿਚ ਇੱਕ ਯੂਨੀਵਰਸਿਟੀ ਦੇ ਜਿਓਲੋਜਿਸਟ ਅਸ਼ੋਕ ਖੋਸਲਾ ਨੇ ਕਿਹਾ ਸੀ ਕਿ ਬ੍ਰਹਮਾ ਨੇ ਸਭ ਤੋਂ ਪਹਿਲਾਂ ਡਾਇਨਾਸੋਰ ਦੀ ਖੋਜ ਕੀਤੀ ਅਤੇ ਇਸ ਨੂੰ ਰਾਜਸੌਰਸ ਕਿਹਾ, ਜਿਸ ਦਾ ਜ਼ਿਕਰ ਸਾਡੀਆਂ ਪ੍ਰਾਚੀਨ ਕਿਤਾਬਾਂ ਵਿਚ ਮਿਲਦਾ ਹੈ।ਕੇਂਦਰੀ ਮੰਤਰੀ ਸਤਿਆਪਾਲ ਸਿੰਘ ਨੇ ਕਿਹਾ ਕਿ ਡਾਰਵਿਨ ਦਾ ਕ੍ਰਮ ਵਿਕਾਸ ਸਿਧਾਂਤ ਬਿਲਕੁਲ ਗਲਤ ਹੈ, ਸਾਡੇ ਕਿਸੇ ਵੀ ਬਜ਼ੁਰਗ ਨੇ ਏਪ ( ਬਾਂਦਰ ਵਰਗੇ ) ਤੋਂ ਮਨੁੱਖ ਬਣਦਾ ਨਹੀਂ ਵੇਖਿਆ ਅਤੇ ਨਾ ਹੀ ਸਾਡੀ ਕਿਸੇ ਪ੍ਰਾਚੀਨ ਕਿਤਾਬ ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਡਾਰਵਿਨ ਸਿਧਾਂਤ ਨੂੰ ਸਕੂਲਾਂ ਅਤੇ ਕਾਲਜਾਂ ਦੇ ਸਿਲੇਬਸ ਵਿੱਚੋਂ ਹਟਾ ਦੇਣਾ ਚਾਹੀਦਾ ਹੈ। ਰਾਜਸਥਾਨ ਦੇ ਇੱਕ ਜੱਜ ਮਹੇਸ਼ ਚੰਦਰ ਸ਼ਰਮਾ ਨੇ ਕਿਹਾ ਕਿ ਮੋਰਨੀ ਮੋਰ ਦੇ ਹੰਝੂਆਂ ਨਾਲ ਗਰਭਵਤੀ ਹੁੰਦੀ ਹੈ। ਹਿੰਦੂ ਪੁਜਾਰੀਆਂ ਦਾ ਮੰਨਣਾ ਹੈ ਕਿ ਹਵਨ ਜਿਸ ਵਿਚ ਲੱਕੜੀਆਂ ਅਤੇ ਦੇਸੀ ਘਿਓ ਬਾਲਿਆ ਜਾਂਦਾ ਹੈ, ਉਸ ਨਾਲ ਹਵਾ ਸ਼ੁੱਧ ਹੁੰਦੀ ਹੈ, ਜਦਕਿ ਇਸ ਵਿਚੋਂ ਹਵਾ ਪ੍ਰਦੂਸ਼ਤ ਕਰਨ ਵਾਲੀ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ। 2016 ਵਿਚ ਜਗਨ ਨਾਥ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਬਿਆਨ ਦਿੱਤਾ ਕਿ ਚਾਰ ਸੌ ਗੀਰ ਗਾਵਾਂ ਦੇ ਪੇਸ਼ਾਬ ਤੋਂ 3 ਤੋਂ ਲੈ ਕੇ 10 ਮਿਲੀਗ੍ਰਾਮ ਸੋਨਾ ਬਣ ਸਕਦਾ ਹੈ। 102ਵੀਂ ਵਿਗਿਆਨ ਕਾਨਫਰੰਸ 2015 ਵਿਚ ਇੱਕ ਰਿਟਾਇਰ ਹੋਏ ਕੈਪਟਨ ਅਨੰਦ ਬੋਦਾਸ ਨੇ ਕਿਹਾ ਕਿ ਹਿੰਦੂ ਸੰਤ ਭਾਰਦਵਾਜ ਨੇ 7000 ਸਾਲ ਪਹਿਲਾਂ ਹਵਾਈ ਜਹਾਜ਼ ਬਣਾਉਣ ਦੀ ਵਿਧੀ ਦੱਸ ਦਿੱਤੀ ਸੀ। ਪਾਇਲਟਾਂ ਦੀ ਖੁਰਾਕ ਵਿਚ ਦੁੱਧ ਅਤੇ ਪਾਣੀ ਹੇਠ ਉਗਣ ਵਾਲੀ ਵਨਸਪਤੀ ਨਾਲ ਉਹਨਾਂ ਦੇ ਕੱਪੜੇ ਬਣਦੇ ਸਨ।

ਪਿੱਛੇ ਜਿਹੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਸਪੇਸ ਦਿਵਸ 'ਤੇ ਕੁਝ ਸਕੂਲਾਂ ਦੇ ਵਿਦਿਆਰਥੀਆਂ ਦੇ ਇਕੱਠ ਵਿਚ ਪੁੱਛਿਆ-ਸਪੇਸ (ਖਲਾਅ) ਵਿਚ ਸਭ ਤੋਂ ਪਹਿਲਾਂ ਕੌਣ ਗਿਆ ਸੀ? ਕੁਝ ਵਿਦਿਆਰਥੀਆਂ ਨੇ ਕਿਹਾ ਕਿ ਨੀਲ ਆਰਮ ਸਟਰੋਂਗ ਸਭ ਤੋਂ ਪਹਿਲਾਂ ਖਲਾਅ ਵਿਚ ਗਿਆ ਸੀ। ਅਜੇ ਕੁਝ ਹੁਸ਼ਿਆਰ ਵਿਦਿਆਰਥੀ ਬੋਲਣ ਵਾਲੇ ਸਨ ਕਿ ਨੀਲ ਆਰਮ ਸਟਰੋਂਗ ਸਭ ਤੋਂ ਪਹਿਲਾਂ ਚੰਨ 'ਤੇ ਗਿਆ ਸੀ ਅਤੇ ਸਭ ਤੋਂ ਪਹਿਲਾਂ ਖਲਾਅ ਵਿਚ ਜਾਣ ਵਾਲਾ ਵਿਅਕਤੀ ਰੂਸੀ ਨਾਗਰਿਕ ਯੂਰੀ ਗਗਾਰੀਨ ਸੀ, ਪਰ ਅਨੁਰਾਗ ਠਾਕੁਰ ਨੇ ਕਿਹਾ -ਸਭ ਤੋਂ ਪਹਿਲਾਂ ਖਲਾਅ ਵਿਚ ਹਨੂੰਮਾਨ ਜੀ ਗਏ ਸਨ। ਵਿਦਿਆਰਥੀਓ, ਕੇਵਲ ਪੱਛਮੀ ਲੇਖਕਾਂ ਦੀਆਂ ਕਿਤਾਬਾਂ ਨਾ ਪੜ੍ਹੋ, ਭਾਰਤੀ ਪ੍ਰਾਚੀਨ ਕਿਤਾਬਾਂ ਵੀ ਪੜ੍ਹੋ, ਜਿਨ੍ਹਾਂ ਤੋਂ ਅਸਲ ਗਿਆਨ ਮਿਲਦਾ ਹੈ। ਸਰਕਾਰ ਨੇ ਸਕੂਲਾਂ, ਕਾਲਜਾਂ ਦੇ ਸਿਲੇਬਸ ਵਿੱਚੋਂ ਤੱਤਾਂ ਦਾ ਪਿਰੀਓਡਿਕ ਟੇਬਲ ਹਟਾ ਦਿੱਤਾ ਹੈ, ਜਿਸ ਵਿਚ ਤੱਤਾਂ ਦੀ ਉਹਨਾਂ ਦੇ ਭੌਤਿਕ ਅਤੇ ਰਸਾਇਣਿਕ ਗੁਣਾਂ ਦੇ ਅਧਾਰ 'ਤੇ ਗਰੁੱਪਬੰਦੀ ਕੀਤੀ ਹੋਈ ਹੈ , ਸ਼ਾਇਦ ਇਹ ਸੋਚ ਕੇ ਕਿ ਮਨੁੱਖ ਤਾਂ ਕੇਵਲ ਪੰਜ ਤੱਤਾਂ ਦਾ ਬਣਿਆ ਹੈ, ਤਾਂ ਇਹ ਸੌ ਤੋਂ ਵੱਧ ਤੱਤਾਂ ਵਾਲਾ ਚਾਰਟ ਕਿੱਥੋਂ ਆ ਗਿਆ। ਹੁਣ ਦੱਸੋ ਕਿ ਵਿਗਿਆਨ ਦਾ ਜਾਣਕਾਰ ਅਜਿਹੇ ਊਟ-ਪਟਾਂਗ ਅਤੇ ਹਾਸੋਹੀਣੇ ਬਿਆਨਾਂ 'ਤੇ ਹੱਸੇ ਜਾਂ ਅਜਿਹੇ ਬਿਆਨਾਂ ਨਾਲ ਵਿਗਿਆਨਕ ਸੁਭਾਅ ਨੂੰ ਲੱਗ ਰਹੇ ਖੋਰੇ ਕਾਰਨ ਰੋਵੇ? ਜੇਕਰ ਇਹਨਾਂ 'ਚ ਥੋੜ੍ਹੀ ਜਿੰਨੀ ਵੀ ਸ਼ਰਮ ਹੁੰਦੀ ਤਾਂ ਸੰਵਿਧਾਨ ਦੇ ਅਨੁਛੇਦ 51 ਏ (ਐੱਚ) ਦਾ ਖਿਆਲ ਕਰ ਲੈਂਦੇ, ਜਿਸ ਅਨੁਸਾਰ ਹਰ ਭਾਰਤੀ ਦਾ ਫਰਜ਼ ਹੈ ਕਿ ਉਹ ਵਿਗਿਆਨਕ ਸੁਭਾਅ ਦਾ ਪ੍ਰਚਾਰ, ਪ੍ਰਸਾਰ ਕਰੇ।

**# ਸੰਪਰਕ : 94176-32228**

# 'ਚਾਚਾ ਚਤਰਾ' ਸਦਾ ਯਾਦ ਰਹਿਣਗੇ

**ਬੀ ਐੱਸ ਨਾਗਰਾ**

ਮਸ਼ਹੂਰ ਪੰਜਾਬੀ ਕਲਾਕਾਰ ਜਸਵਿੰਦਰ ਭੱਲਾ 65 ਸਾਲ ਦੀ ਉਮਰੇ ਹੀ ਇਸ ਜਗਤ ਨੂੰ ਅਲਵਿਦਾ ਕਹਿ ਗਿਆ। ਇਹ ਹਰਮਨ ਪਿਆਰਾ ਐਕਟਰ ਜਿਸ ਦਾ ਜਨਮ 4 ਮਈ 1960 ਨੂੰ ਪਿੰਡ ਰਕਬਾ ਦੋਰਾਹਾ ਵਿਖੇ ਹੋਇਆ। 22 ਅਗਸਤ 2025 ਨੂੰ ਫੋਰਟਿਸ ਹਸਪਤਾਲ ਮੋਹਾਲੀ ਵਿੱਚ ਦੋ ਦਿਨ ਦੇ ਇਲਾਜ ਦੌਰਾਨ ਹਾਸਰਸ ਦੀ ਦੁਨੀਆ ਵਿੱਚ ਇੱਕ ਖਲਾਅ ਪੈਦਾ ਕਰ ਗਿਆ। ਅਕਾਦਮਿਕ ਤੌਰ 'ਤੇ ਉਨ੍ਹਾਂ ਨੇ ਬੀ ਐੱਸ ਸੀ (ਐਗਰੀਕਲਚਰ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕਰਨ ਬਾਅਦ ਐੱਮ ਐੱਸ ਸੀ ਪਸਾਰ ਸਿੱਖਿਆ ਕੀਤੀ ਅਤੇ ਪੀ ਐੱਚ ਡੀ ਦੀ ਡਿਗਰੀ ਮੇਰਠ ਯੂਨੀਵਰਸਿਟੀ ਤੋਂ ਹਾਸਲ ਕੀਤੀ। ਉਨ੍ਹਾਂ ਨੇ ਲੁਧਿਆਣਾ ਯੂਨੀਵਰਸਿਟੀ ਵਿੱਚ ਬਤੌਰ ਡਾਇਰੈਕਟਰ ਪਸਾਰ ਸਿੱਖਿਆ ਪਦ 'ਤੇ ਨੌਕਰੀ ਕੀਤੀ। ਉਨ੍ਹਾਂ ਨੇ ਲੱਗਭੱਗ ਪੰਜਾਹ ਫਿਲਮਾਂ ਵਿੱਚ ਕੰਮ ਕੀਤਾ ਅਤੇ ਲੋਕਾਂ ਨੂੰ ਆਪਣੇ ਹਾਸਰਸ ਅਤੇ ਵਿਅੰਗ ਨਾਲ ਭਰੇ ਬੋਲਾਂ ਨਾਲ ਜਿੱਥੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਈਆਂ, ਉੱਥੇ ਮੌਜੂਦਾ ਸਰਕਾਰੀ ਢਾਂਚੇ ਅਤੇ ਅਫ਼ਸਰਸ਼ਾਹੀ ਨੂੰ ਸੌਖਿਆਂ ਹੀ ਆਪਣੇ ਢੰਗ ਨਾਲ ਉਜਾਗਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਜਦੋਂ ਅੱਤਵਾਦ ਅਤੇ ਕੋਵਿਡ ਦਾ ਸਮਾਂ ਚੱਲ ਰਿਹਾ ਸੀ, ਉਸ ਵਕਤ ਜਦੋਂ ਸਾਰਿਆਂ ਦੇ ਮਨਾਂ 'ਤੇ ਡਰ, ਸਹਿਮ ਅਤੇ ਉਦਾਸੀ ਛਾਈ ਸੀ, ਅਜਿਹੇ ਦੌਰ ਵਿੱਚ ਵੀ ਇਸ ਕਲਾਕਾਰ ਨੇ ਦਿਲਾਂ ਨੂੰ ਹੌਸਲਾ ਦੇਣ ਦੇ ਨਾਲ ਬੁੱਲ੍ਹਾਂ 'ਤੇ ਮੁਸਕਾਨ ਲਿਆਉਣ ਦਾ ਪੂਰਾ ਯਤਨ ਕੀਤਾ ਸੀ। ਜਦੋਂ ਯੂਨੀਵਰਸਿਟੀ ਵਿੱਚ ਉਲੰਪੀਅਨ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਕੈਂਪਸ ਵਿਖੇ 1983 ਵਿੱਚ ਕਤਲ ਕਰ ਦਿੱਤਾ ਸੀ, ਹਾਲਾਤ ਬਹੁਤ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਸੀ, ਪਰ ਅਜਿਹੇ ਸਮੇਂ ਵੀ ਪੰਜਾਬ ਦੇ ਸਮਾਜਿਕ ਅਤੇ ਸਿਆਸਤ ਭਰੇ ਸਮੇਂ ਵਿੱਚ ਇਸ ਕਲਾਕਾਰ ਨੇ ਉੱਭਰ ਕੇ ਮਨਾਂ ਦੇ ਭਾਰ ਨੂੰ ਘਟਾਉਣ ਦਾ ਪੂਰਾ ਯਤਨ ਕੀਤਾ।



ਉਂਜ ਤਾਂ ਫਿਲਮ ਇੰਡਸਟਰੀ ਵਿੱਚ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਬੀ ਐੱਨ ਸ਼ਰਮਾ ਆਦਿ ਕਾਮੇਡੀ ਖੇਤਰ ਵਿੱਚ ਪ੍ਰਮੁੱਖ ਕਲਾਕਾਰ ਕੰਮ ਕਰ ਰਹੇ ਹਨ, ਪਰ ਭੱਲਾ ਭੱਲਾ ਹੀ ਹੈ। ਇਸ ਦੀ ਜਗ੍ਹਾ ਪਤਾ ਨਹੀਂ ਕਿਸੇ ਕਲਾਕਾਰ ਨੂੰ ਕਿੰਨਾ ਕੁ ਸਮਾਂ ਅਤੇ ਕਿੰਨੀ ਕੁ ਮਿਹਨਤ ਕਰਨੀ ਪਵੇਗੀ। ਸਮਾਂ ਭਾਵੇਂ ਆਪਣੀ ਚਾਲ ਚੱਲਦਾ ਰਹੇਗਾ, ਪਰ 'ਛਣਕਾਟਾ' ਦੀਆਂ ਆਵਾਜ਼ਾਂ ਅਤੇ 'ਚਾਚਾ ਚਤਰਾ' ਸਦਾ ਯਾਦ ਰਹਿਣਗੇ। ਓਦਾਂ ਤਾਂ ਸਾਰੀਆਂ ਹੀ ਫਿਲਮਾਂ ਵਿੱਚ ਵਧੀਆ ਕਿਰਦਾਰ ਨਿਭਾਇਆ ਹੈ, ਪਰ 'ਕੈਰੀ ਓਨ ਜੱਟਾ' ਫਿਲਮ ਹਿੰਦੀ ਫਿਲਮ 'ਛੋਲੇ' ਵਾਂਗ ਇੱਕ ਇਤਿਹਾਸਕ ਸਥਾਨ ਪ੍ਰਾਪਤ ਕਰ ਗਈ ਹੈ। ਉਂਜ ਤਾਂ ਇਸ ਵਿੱਚ ਸਾਰੇ ਹੀ ਕਲਾਕਾਰਾਂ ਵਧੀਆ ਐਕਟਿੰਗ ਕੀਤੀ ਹੈ ਪਰ ਇਸ ਫਿਲਮ ਨੂੰ ਜਿੰਨੀ ਵਾਰ ਵੀ ਵੇਖਿਆ ਜਾਏ, ਓਨੀ ਵਾਰ ਹੀ ਇੰਜ ਲਗਦਾ ਹੈ, ਜਿਵੇਂ ਪਹਿਲੀ ਵਾਰ ਵੇਖ ਰਹੇ ਹੋਈਏ। ਸਾਰੀ ਫਿਲਮ ਦੌਰਾਨ ਜਦੋਂ ਵੀ ਕਿਹਾ ਜਾਂਦਾ ਹੈ ਕਿ ਕਾਲਾ ਕੋਟ ਐਵੇਂ ਨਹੀਂ ਪਾਇਆ ਤਾਂ ਹਰ ਵਾਰ ਵੱਖਰਾ ਹੀ ਉੱਤਰ ਪੁੱਤਰਾਂ ਵੱਲੋਂ ਜੋੜਿਆ ਜਾਂਦਾ ਹੈ ਕਿ ਰਫੂ ਕਰਾ ਕੇ, ਪ੍ਰੈੱਸ ਕਰਾ ਕੇ ਆਦਿ ਬਜਾਏ ਕੋਰਟ ਵਿੱਚ ਕੇਸ ਲੜਨ ਦੀ ਥਾਂ ਜਸਵਿੰਦਰ ਭੱਲਾ ਆਪਣੇ ਪੁੱਤਰਾਂ ਨੂੰ ਠੀਕ ਰਾਹ 'ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ, ਪਰ ਘੱਟ ਹੀ ਸਫ਼ਲ ਹੁੰਦੇ ਨਜ਼ਰ ਆਉਂਦੇ ਹਨ ਤੇ ਸ਼ਾਇਦ ਇਹ ਕੁਝ ਹੱਦ ਤੱਕ ਸਮਾਜਿਕ ਮੌਜੂਦਾ ਹਾਲਾਤ ਨੂੰ ਵੀ ਪ੍ਰਤੀਬਿੰਬਤ ਕਰਦੇ ਹਨ। ਉਨ੍ਹਾਂ ਦਾ ਡਾਇਲਾਗ 'ਗੰਦੀ ਔਲਾਦ ਨਾ ਮਜ਼ਾ ਨਾ ਸੁਆਦ' ਮਾਪਿਆਂ ਦੇ ਕੌੜੇ ਹਾਲਾਤ ਨੂੰ ਬਿਆਨ ਕਰਦਾ ਹੈ। ਫਿਲਮ 'ਵਿਆਹ 70 ਕਿਲੋਮੀਟਰ' ਵਿੱਚ ਜਦੋਂ ਭਤੀਜੇ ਦੇ ਵਿਆਹ ਲਈ ਕੁੜੀ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਿਹਾ ਜਾਂਦਾ ਹੈ ਕਿ 'ਕਾਮੇਡੀ ਨਾ ਕਰ ਕਾਮੇਡੀ ਮੈਂ ਬਥੇਰੀ ਕਰਲੂੰ, ਜਿਹੜਾ ਤੈਨੂੰ ਕੰਮ ਕਿਹਾ ਹੈ, ਉਹ ਕਰ'। 'ਜੱਟ ਐਂਡ ਜੂਲੀਅਟ' ਵਿੱਚ ਐਕਟਰ ਸੌਖਿਆਂ ਹੀ ਕਹਿੰਦੇ ਹਨ 'ਚੰਡੀਗੜ੍ਹ ਢਹਿ ਜਾਊ ਪਿੰਡਾਂ ਵਰਗਾ ਤਾਂ ਰਹਿ ਜਾਊ, ਜੇ ਪਿੰਡ ਹੀ ਢਹਿ ਜਾਊ, ਫਿਰ ਪਿੱਛੇ ਕੀ ਰਹਿ ਜਾਊ' ਸੰਨ 2003 ਵਿੱਚ ਸਿਵਲ ਸਕੱਤਰੇਤ ਵਿੱਚ ਜਦੋਂ ਇਨ੍ਹਾਂ ਨਾਲ ਠੀਕ ਵਰਤਾਰਾ ਨਾ ਕੀਤਾ ਗਿਆ ਤਾਂ ਵੀ ਇਨ੍ਹਾਂ ਦੇ ਦਿਲ ਵਿੱਚ ਕੋਈ ਗੁੱਸਾ ਨਹੀਂ ਆਇਆ, ਬਲਕਿ ਛੇਤੀ ਹੀ 'ਛਣਕਾਟਾ 2003' ਅਤੇ 'ਚਾਚਾ ਸੁਧਰ ਗਿਆ' ਵਿੱਚ ਆਪਣੇ ਹੀ ਢੰਗ ਨਾਲ ਜੁਆਬ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਹੀ ਵਿਅੰਗ ਕਰਦੇ ਹੋਏ, 'ਮਾਹੌਲ ਠੀਕ ਹੈ' ਵਿੱਚ ਬਤੌਰ ਰਿਸ਼ਵਤ ਲੈਣ ਵਾਲੇ ਸਿਪਾਹੀ ਦਾ ਰੋਲ ਕਰਦੇ ਹੋਏ ਦੁਕਾਨਦਾਰਾਂ ਤੋਂ ਸੁਰੱਖਿਆ ਖਾਤਰ ਪੈਸੇ ਲੈਣ ਦੀ ਮੰਗ ਕੀਤੀ ਜਾਂਦੀ ਹੈ। ਜੀਜਾ ਜੀ (2005), ਚੱਕ ਦੇ ਫੱਟੇ (2008) ਅਤੇ ਪਾਵਰ ਕੱਟ (2012) ਵੀ ਮਸ਼ਹੂਰ ਦੇਣ ਹੈ ਇਸ ਬਹੁਮੁਖੀ ਸ਼ਖਸੀਅਤ ਦੀ ਅੱਜ ਦੀ ਔਲਾਦ ਬਾਰੇ 'ਡੈਡੀ ਕੂਲ, ਮੁੰਡੇ ਫੂਲ' ਵਿੱਚ ਸੰਵਾਦ 'ਦੋ ਹੀ ਜੰਮੇ, ਦੋਵੇਂ ਨਿਕੰਮੇ' ਕਾਫ਼ੀ ਮਾਰਗ ਦਰਸ਼ਕ ਹੈ।

ਦੋ ਸਾਲ ਪਹਿਲਾਂ ਬਣੀ ਫਿਲਮ 'ਐੱਸ ਐੱਚ ਓ ਸ਼ੇਰ ਸਿੰਘ' ਵਿੱਚ ਪੰਜਾਹ ਹਜ਼ਾਰ ਰਿਸ਼ਵਤ ਲੈਣ ਕਰਕੇ ਹੀਰੋ (ਭੱਲਾ) ਨੂੰ ਸਸਪੈਂਡ ਕੀਤਾ ਜਾਂਦਾ ਹੈ। ਜਦੋਂ ਇਹ ਢਾਬੇ 'ਤੇ ਜਾ ਕੇ ਮਾਲਕ ਨੂੰ ਬੁਲਾਉਂਦੇ ਹਨ ਤਾਂ ਉਹ ਕਹਿੰਦਾ ਹੈ ਕਿ ਮੈਂ ਤੁਹਾਡੇ ਲਈ ਦੁੱਧ ਵਿੱਚ ਪੱਤੀ ਪਾ ਕੇ ਲਿਆਉਂਦਾ ਹਾਂ ਤਾਂ ਅੱਗੋਂ ਜੁਆਬ ਮਿਲਦਾ ਹੈ ਕਿ ਦੁੱਧ 'ਚ ਪੱਤੀ ਪਾ ਕੇ ਨਾ ਲਿਆ, ਢਾਬੇ ਵਿੱਚ ਹਿੱਸਾ ਪੱਤੀ ਦੀ ਗੱਲ ਕਰ ਤੇ ਦੱਸ ਕਿੰਨਾ ਕੁ ਚੱਲਦਾ ਹੈ। ਥੋੜ੍ਹੀ ਦੇਰ ਬਾਅਦ ਪਤਨੀ ਆਪਣੇ ਪਿਤਾ ਜੋ ਕਿ ਐੱਸ ਐੱਸ ਪੀ ਹੈ, ਨੂੰ ਕਹਿ ਕੇ ਬਹਾਲ ਕਰਾਉਂਦੀ ਹੈ ਤੇ ਅੱਗੇ ਤੋਂ ਰਿਸ਼ਵਤ ਨਾ ਲੈਣ ਦੀ ਕਸਮ ਥਾਣੇਦਾਰ ਚੁੱਕਦਾ ਹੈ।

**# ਸੰਪਰਕ : 94641-49119**

# ਜਦੋਂ ਹੜ੍ਹ ਬਣੇ ਕਹਿਰ : ਪੰਜਾਬ ਦੀ ਤ੍ਰਾਸਦੀ

**ਰਾਜਿੰਦਰ ਸਿੰਘ ਰਾਜਨ**

ਕੁਦਰਤ ਆਪਣੇ ਆਪ ਵਿੱਚ ਬੇਹੱਦ ਖ਼ੂਬਸੂਰਤ, ਸੁਮੇਲ ਭਰਿਆ ਅਤੇ ਸੰਤੁਲਿਤ ਹੈ, ਪਰ ਜਦੋਂ ਇਨਸਾਨ ਇਸ ਨਾਲ ਛੇੜਛਾੜ ਕਰਦਾ ਹੈ ਤਾਂ ਇਸ ਦੀ ਖ਼ੂਬਸੂਰਤੀ ਹੌਲੀ-ਹੌਲੀ ਮਿਟਣ ਲੱਗਦੀ ਹੈ ਤੇ ਇਸ ਦੇ ਭਿਆਨਕ ਰੂਪ ਨਾਲ ਮਨੁੱਖੀ ਜੀਵਨ ਦੀ ਉਹ ਗੱਡੀ ਨੂੰ ਲੀਹੋਂ ਲਾਹ ਦਿੰਦੀ ਹੈ, ਜੋ ਬੜੇ ਸ਼ਾਨਦਾਰ ਢੰਗ ਨਾਲ ਚੱਲ ਰਹੀ ਹੁੰਦੀ ਹੈ ਤੇ ਫਿਰ ਇਸ ਦੇ ਭਿਆਨਕ ਨਤੀਜੇ ਸਭ ਦੇ ਸਾਹਮਣੇ ਹੁੰਦੇ ਹਨ। ਹਜ਼ਾਰਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ। ਘਰਾਂ ਦੇ ਚਿਰਾਗ ਬੁਝ ਜਾਂਦੇ ਹਨ, ਹਰੇ-ਭਰੇ ਖੇਤ ਸੁੰਨੇ ਹੋ ਜਾਂਦੇ ਹਨ, ਉਦਯੋਗ, ਸੜਕਾਂ, ਪੁਲ ਤੇ ਇਮਾਰਤਾਂ ਖੰਡਰਾਂ ਵਿੱਚ ਤਬਦੀਲ ਹੋ ਜਾਂਦੀਆਂ ਹਨ। ਬਿਮਾਰੀਆਂ ਫੈਲਣ ਦਾ ਖ਼ਤਰਾ ਵਧ ਜਾਂਦਾ ਹੈ।

ਜਦੋਂ ਇਹ ਕੁਦਰਤੀ ਕਹਿਰ ਹੜ੍ਹਾਂ ਦੇ ਰੂਪ ਵਿੱਚ ਟੁੱਟਦਾ ਹੈ ਤਾਂ ਮਨੁੱਖੀ ਬੇਬਸੀ ਹੋਰ ਵੀ ਸਾਫ਼ ਦਿਖਾਈ ਦਿੰਦੀ ਹੈ।ਦਰਿਆ, ਜੋ ਆਮ ਦਿਨੀਂ ਜੀਵਨ ਦਾ ਸਰੋਤ ਮੰਨੇ ਜਾਂਦੇ ਹਨ, ਅਚਾਨਕ ਹੀ ਆਪਣੇ ਕਿਨਾਰੇ ਤੋੜ ਕੇ ਕਾਲ ਦੇ ਸਮਾਨ ਬਣ ਜਾਂਦੇ ਹਨ। ਮਾਸੂਮ ਪਿੰਡ ਪਲਕ ਝਪਕਦਿਆਂ ਹੀ ਪਾਣੀ ਵਿੱਚ ਡੁੱਬ ਜਾਂਦੇ ਹਨ, ਲੋਕਾਂ ਰੁੜ੍ਹਦੇ ਦੇਖੇ ਜਾਂਦੇ ਹਨ, ਅਨੇਕਾਂ ਨੂੰ ਰਾਹਤ ਟੀਮਾਂ ਦੇ ਮਾਹਰ ਮੌਤ ਦੇ ਮੂੰਹ ਵਿੱਚੋਂ ਕੱਢਣ ਵਿੱਚ ਸਫ਼ਲ ਹੋ ਜਾਂਦੇ ਹਨ, ਲੋਕਾਂ ਦੇ ਸੁਪਨੇ ਤੇ ਘਰਾਂ ਦੀਆਂ ਬੁਨਿਆਦਾਂ ਇੱਕੋ ਵਾਰ ਵਿੱਚ ਵਹਿ ਜਾਂਦੀਆਂ ਹਨ। ਖੇਤਾਂ ਵਿੱਚ ਖੜ੍ਹੀ ਫ਼ਸਲ, ਜਿਸ ਵਿੱਚ ਕਿਸਾਨ ਆਪਣਾ ਪਸੀਨਾ ਹੀ ਨਹੀਂ, ਸਗੋਂ ਉਮੀਦਾਂ ਵੀ ਬੀਜਦਾ ਹੈ, ਪਾਣੀ ਦੇ ਭੰਵਰ ਵਿੱਚ ਗਾਇਬ ਹੋ ਜਾਂਦੀ ਹੈ। ਪਸ਼ੂ ਜੋ ਕਿਸਾਨ ਦਾ ਅਸਲੀ ਧਨ ਹੁੰਦੇ ਹਨ, ਹੜ੍ਹਾਂ ਦੀ ਮਾਰ ਵਿੱਚ ਲਾਪਤਾ ਹੋ ਜਾਂਦੇ ਹਨ।

ਹੜ੍ਹ ਸਿਰਫ਼ ਪਾਣੀ ਦਾ ਤੂਫ਼ਾਨ ਨਹੀਂ, ਇਹ ਮਨੁੱਖੀ ਜੀਵਨ, ਸੁਪਨਿਆਂ ਅਤੇ ਭਰੋਸਿਆਂ ਦਾ ਸਭ ਤੋਂ ਵੱਡਾ ਇਮਤਿਹਾਨ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਕੁਦਰਤ ਨਾਲ ਛੇੜਛਾੜ ਦੇ ਨਤੀਜੇ ਕਿੰਨੇ ਭਿਆਨਕ ਹੋ ਸਕਦੇ ਹਨ। ਜੇਕਰ ਅਸੀਂ ਸਮੇਂ ਸਿਰ ਕੁਦਰਤ ਦੇ ਸੰਤੁਲਨ ਨੂੰ ਨਹੀਂ ਸਮਝਾਂਗੇ ਤਾਂ ਇਹ ਹੜ੍ਹਾਂ ਵਾਂਗ ਹਰ ਵਾਰ ਸਾਡੀਆਂ ਸੱਭਿਆਚਾਰਕ, ਸਮਾਜਕ ਅਤੇ ਆਰਥਿਕ ਬੁਨਿਆਦਾਂ ਨੂੰ ਲਹਿਰਾਂ ਵਿੱਚ ਡੁਬੋ ਦੇਵੇਗਾ।

ਪੰਜਾਬ ਇਤਿਹਾਸਕ ਤੌਰ 'ਤੇ ਦਰਿਆਈ ਇਲਾਕਾ ਹੋਣ ਕਰਕੇ ਹੜ੍ਹਾਂ ਦੀ ਮਾਰ ਝੱਲਦਾ ਰਿਹਾ ਹੈ ਅਤੇ ਝੱਲ ਰਿਹਾ ਹੈ। ਰਵੀ, ਬਿਆਸ, ਸਤਲੁਜ ਤੇ ਘੱਗਰ ਵਰਗੇ ਦਰਿਆ ਹੜ੍ਹ ਦੇ ਮੁੱਖ ਕਾਰਨ ਬਣਦੇ ਹਨ। ਪਿਛਲੇ ਸਮੇਂ ਵੱਲ ਜੇ ਝਾਤ ਮਾਰੀਏ ਤਾਂ ਸੰਨ 1955, 1976, 1988, 1993, 2019, 2023 (ਜੁਲਾਈ) ਵਿੱਚ ਬਹੁਤ ਜ਼ਿਆਦਾ ਹੜ੍ਹ ਆਏ, ਜਿਸ ਵਿੱਚ ਲੋਕਾਂ ਦੀ ਜਾਨ-ਮਾਲ ਦਾ ਵੱਡਾ ਨੁਕਸਾਨ ਹੋਇਆ, ਜਿਸ ਦੇ ਮੁੱਖ ਕਾਰਨ ਪਹਾੜੀ ਇਲਾਕਿਆਂ (ਹਿਮਾਚਲ, ਜੰਮੂ-ਕਸ਼ਮੀਰ) ਵਿੱਚ ਭਾਰੀ ਮੀਂਹ, ਦਰਿਆਵਾਂ, ਨਹਿਰਾਂ ਦੇ ਬੰਨ੍ਹਾਂ ਦਾ ਟੁੱਟਣਾ, ਨਿਕਾਸੀ ਪ੍ਰਣਾਲੀ ਦਾ ਕੱਚਾ ਹੋਣਾ, ਗੈਰਕਾਨੂੰਨੀ ਰੇਤ ਖ਼ਨਣ ਤੇ ਦਰਿਆ ਦੇ ਰਾਹਾਂ ਦੀ ਤਬਾਹੀ ਹੋਣਾ ਸੀ।

ਇਹਨਾਂ ਬਰਸਾਤਾਂ ਤੋਂ ਬਾਅਦ ਹੁਣ 2025 ਦੀਆਂ ਭਾਰੀ ਬਰਸਾਤਾਂ ਨੇ ਤਬਾਹੀ ਦਾ ਅਜਿਹਾ ਇਤਿਹਾਸ ਲਿਖ ਦਿੱਤਾ ਹੈ, ਜੋ ਪਿਛਲੇ ਸਾਰੇ ਰਿਕਾਰਡਾਂ ਤੋਂ ਵੱਧ ਕੇ ਹੈ। ਅਸਮਾਨ ਤੋਂ ਵਰਸਦਾ ਪਾਣੀ ਜਿਵੇਂ ਕਹਿਰ ਬਣ ਕੇ ਧਰਤੀ ਉੱਤੇ ਉਤਰਿਆ ਹੋਵੇ। ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਹੋਵੇ ਜਾਂ ਸਰਕਾਰੀ ਅਦਾਰੇ, ਸੜਕਾਂ ਦੇ ਜਾਲ ਹੋਣ ਜਾਂ ਖੇਤਾਂ ਦੀ ਰੌਣਕ, ਹਰ ਪਾਸੇ ਬੇਮਿਸਾਲ ਨੁਕਸਾਨ ਦਾ ਦ੍ਰਿਸ਼ ਮਨੁੱਖਤਾ ਨੂੰ ਹਿਲਾ ਗਿਆ ਹੈ।

ਪ੍ਰਸ਼ਾਸਨ ਵੱਲੋਂ ਜਾਰੀ ਕੀਤੀਆਂ ਅਗਾਊਂ ਚੇਤਾਵਨੀਆਂ ਕਾਰਨ ਕਈ ਕੀਮਤੀ ਜਾਨਾਂ ਬਚ ਗਈਆਂ, ਪਰ ਜਿਹੜੇ ਇਲਾਕੇ ਕਦੇ ਹੜ੍ਹ ਦੀ ਕਲਪਨਾ ਤੱਕ ਨਹੀਂ ਕਰਦੇ ਸਨ, ਉਥੇ ਅਚਾਨਕ ਆਏ ਸੈਲਾਬ ਨੇ ਲੋਕਾਂ ਨੂੰ ਬੇਖ਼ਬਰ ਹੀ ਡੁਬੋ ਦਿੱਤਾ। ਜਾਨ ਬਚਾਉਣ ਲਈ ਕਈ ਪਰਵਾਰ ਉੱਛਲਦੀਆਂ ਲਹਿਰਾਂ ਦੀ ਰਫ਼ਤਾਰ ਵਿੱਚ ਰੁੜ੍ਹ ਗਏ ਤੇ ਅਨੇਕਾਂ ਨੂੰ ਬਾਹਰ ਕੱਢਿਆ ਗਿਆ, ਪਰ ਇਸ ਦੌਰਾਨ ਅਨੇਕਾਂ ਲੋਕ ਆਪਣੀ ਉਮਰ ਭਰ ਦੀ ਪੂੰਜੀ, ਖੇਤਾਂ ਦੀ ਪੈਦਾਵਾਰ, ਘਰਾਂ ਦੀਆਂ ਚੌਖਟਾਂ ਅਤੇ ਜੀਵਨ ਭਰ ਦੀ ਕਮਾਈ ਹੜ੍ਹ ਦੇ ਹਵਾਲੇ ਕਰ ਬੈਠੇ।

ਲੋਕਾਂ ਦੀ ਜ਼ਿੰਦਗੀ ਹੋਵੇ ਜਾਂ ਸਰਕਾਰੀ ਸੰਸਥਾਵਾਂ, ਸੜਕਾਂ ਦੀ ਮਿਹਨਤ, ਹਰ ਪੱਖ ਤੋਂ ਬੇਮਿਸਾਲ ਨੁਕਸਾਨ ਦਾ ਦ੍ਰਿਸ਼ ਪੈਦਾ ਹੋਇਆ। ਖੇਤੀਬਾੜੀ ਹੜ੍ਹ ਦੇ ਹੱਥੀਂ ਬੇਰਹਿਮੀ ਨਾਲ ਰੌਂਦੀ ਗਈ, ਗਰੀਬਾਂ ਦੇ ਕੱਚੇ ਘਰ ਸੁਪਨਾ ਬਣ ਕੇ ਰਹਿ ਗਏ ਅਤੇ ਬੇਵੱਸ ਲੋਕ ਆਪਣੀਆਂ ਅੱਖਾਂ ਸਾਹਮਣੇ ਆਪਣੀ ਮਿਹਨਤ ਦੇ ਸਾਲਾਂ-ਸਾਲਾਂ ਦੇ ਸੁਪਨੇ ਪਾਣੀ ਵਿੱਚ ਵਗਦੇ ਦੇਖਦੇ ਰਹੇ। ਮਾਲ-ਡੰਗਰ ਹਾਲੋਂ-ਬੇਹਾਲ ਹੋ ਗਿਆ। ਭੁੱਖੇ ਮਾਲ ਡੰਗਰ, ਜਿਨ੍ਹਾਂ ਨੇ ਕਦੇ ਸਿਰ ਉਠਾ ਕੇ ਨਹੀਂ ਦੇਖਿਆ ਹੋਣਾ, ਉਹ ਵੀ ਸਿਰ ਉਠਾ ਕੇ ਹੜ੍ਹਾਂ ਵਿੱਚ ਤੈਰਦੇ ਦੇਖੇ ਗਏ ਤੇ ਭੁੱਖ ਨਾਲ ਰੰਭਦੇ ਭਾਵ ਮੈਂ-ਮੈਂ ਕਰਦੇ ਪਾਏ ਗਏ, ਜਿਨ੍ਹਾਂ ਦਾ ਚਾਰਾ ਵੀ ਡੁੱਬ ਗਿਆ ਤੇ ਤੂੜੀ ਦੇ ਮੂਸਲ ਵੀ ਪਾਣੀਆਂ ਦੇ ਹਵਾਲੇ ਹੋ ਗਏ। ਪਾਣੀ ਵਿੱਚ ਕਦੇ ਕਿਸੇ ਦੀਆਂ ਗਾਵਾਂ ਛਾਲ਼ਾਂ ਮਾਰਦੀਆਂ ਦਿਸਦੀਆਂ, ਕਦੇ ਕਿਸੇ ਦੇ ਬੱਛੜੇ ਰੁੜ੍ਹ ਕੇ ਅਣਜਾਣੇ ਪਾਸੇ ਵੱਲ ਵਗਦੇ ਨਜ਼ਰ ਆਏ।

**ਡੈਮਾਂ ਦੇ ਫਲੱਡ ਗੇਟ ਖੁੱਲ੍ਹੇ** : ਦੇਸ਼ ਦੇ ਮਹੱਤਵਪੂਰਨ ਰਣਜੀਤ ਸਾਗਰ ਡੈਮ (ਸ਼ਾਹਪੁਰ ਕੰਡੀ, ਪਠਾਨਕੋਟ), ਭਾਖੜਾ ਡੈਮ, ਪੌਂਗ ਡੈਮ ਸਮੇਤ ਬਿਆਸ ਦਰਿਆ ਤੇ ਹੋਰ ਨਦੀਆਂ-ਨਹਿਰਾਂ ਵਿੱਚ ਪਾਣੀ ਦੇ ਪੱਧਰ ਵਧਣ ਕਾਰਨ ਹੜ੍ਹ ਨੇ ਕਹਿਰ ਮਚਾਇਆ। ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਦੇ ਕਾਰਨ ਪਠਾਨਕੋਟ ਜ਼ਿਲ੍ਹੇ ਦੇ ਸਰਹੱਦੀ ਇਲਾਕੇ ਦੇ ਉਝ ਦਰਿਆ, ਜਲਾਲੀਆ ਦਰਿਆ, ਚੱਕੀ ਦਰਿਆ ਅਤੇ ਹੋਰ ਖੱਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਰਣਜੀਤ ਸਾਗਰ ਡੈਮ ਦੀ ਝੀਲ ਦਾ ਪਾਣੀ ਖਤਰੇ ਦੇ ਨਿਸ਼ਾਨ 'ਤੇ ਪੁੱਜਣ ਤੋਂ ਪਹਿਲਾਂ ਫਲੱਡ ਗੇਟ ਖੋਲ੍ਹਣੇ ਪਏ, ਜਿਸ ਨਾਲ ਪਾਣੀ ਦੇ ਬੇਕਾਬੂ ਬਹਾਵ ਨੇ ਨਹਿਰਾਂ ਵਿੱਚ ਪਾੜ ਪਾ ਦਿੱਤੇ ਤੇ ਅਨੇਕਾਂ ਪਿੰਡ ਹੜ੍ਹਾਂ ਦੀ ਮਾਰ ਦਾ ਸ਼ਿਕਾਰ ਹੋਏ।

**ਸੜਕਾਂ, ਪੁਲਾਂ ਤੇ ਸੰਪਰਕ ਟੁੱਟੇ** : ਜਲਾਲੀਆ ਦਰਿਆ ਦੇ ਤੂਫ਼ਾਨੀ ਰੂਪ ਨੇ ਬਮਿਆਲ ਜਾਣ ਵਾਲੇ ਮੁੱਖ ਮਾਰਗ ਦਾ ਕਰੀਬ 40 ਫੁੱਟ ਚੌੜਾ ਹਿੱਸਾ ਪਾਣੀ ਵਿੱਚ ਰੁੜ੍ਹ ਕੇ ਨਿਗਲ ਲਿਆ। ਇਸ ਅਚਾਨਕ ਆਫ਼ਤ ਨਾਲ ਪੰਜਾਬ ਦਾ ਸਿੱਧਾ ਸੜਕੀ ਸੰਪਰਕ ਹੀ ਟੁੱਟ ਗਿਆ। ਲੋਕਾਂ ਨੂੰ ਆਪਣੀ ਮੰਜ਼ਲ ਤੱਕ ਪਹੁੰਚਣ ਲਈ ਮਜਬੂਰਨ ਘੰਟਿਆਂ ਦਾ ਲੰਮਾ ਚੱਕਰ ਕੱਟ ਕੇ ਜੰਮੂ ਕਸ਼ਮੀਰ ਦੇ ਕਠੂਆ ਖੇਤਰ ਰਾਹੀਂ ਪੰਜਾਬ ਵੱਲ ਆਉਣਾ-ਜਾਣਾ ਪੈ ਰਿਹਾ ਹੈ। ਪਠਾਨਕੋਟ-ਡਲਹੌਜ਼ੀ-ਚੰਬਾ ਜਰਨੈਲੀ ਸੜਕਾਂ ਪਹਾੜਾ ਦੇ ਮਲਬੇ ਹੇਠਾਂ ਸੁੱਤੀਆਂ ਪਈਆਂ ਨੇ, ਜਿਵੇਂ ਕੁਦਰਤ ਦੇ ਕਹਿਰ ਨੇ ਮਨੁੱਖੀ ਰਾਹਾਂ ਨੂੰ ਹੀ ਨਿਗਲ ਲਿਆ ਹੋਵੇ। ਪਠਾਨਕੋਟ ਦੇ ਚੱਕੀ ਦਰਿਆ ਨੇ ਤੂਫ਼ਾਨੀ ਰੂਪ ਧਾਰ ਕੇ ਹੋਰ ਵੱਡੀ ਮੁਸੀਬਤ ਪੈਦਾ ਕਰ ਦਿੱਤੀ। ਪਾਣੀ ਦੇ ਚੜ੍ਹਾਅ ਨੇ ਪਠਾਨਕੋਟ ਤੋਂ ਜੰਮੂ ਨੂੰ ਜੋੜਦਾ ਪੁਰਾਣਾ ਪੁਲ ਆਪਣੇ ਨਾਲ ਬੇਰਹਮੀ ਨਾਲ ਵਹਾ ਲਿਆ। ਸੁਰੱਖਿਆ ਦੇ ਮੱਦੇਨਜ਼ਰ ਨਵਾਂ ਪੁਲ ਵੀ ਸੁੰਨੀਆਂ ਸੜਕਾਂ ਵਾਂਗ ਆਵਾਜਾਈ ਲਈ ਬੰਦ ਕਰਨਾ ਪਿਆ।ਉੱਧਰ ਪਠਾਨਕੋਟ-ਜਲੰਧਰ ਹਾਈਵੇ ਉੱਤੇ ਵੀ ਤਬਾਹੀ ਦਾ ਮੰਜ਼ਰ ਘੱਟ ਨਹੀਂ ਸੀ। ਪੁਰਾਣਾ ਪੁਲ ਦਰਿਆ ਦੇ ਗੁੱਸੇ ਅੱਗੇ ਟਿਕ ਨਾ ਸਕਿਆ ਅਤੇ ਢਹਿ ਕੇ ਮਲਬੇ ਦਾ ਹਿੱਸਾ ਬਣ ਗਿਆ।

**ਪ੍ਰਸ਼ਾਸਨ ਦੀ ਕਾਰਵਾਈ ਤੇ ਲੋਕਾਂ ਦੀਆਂ ਉਮੀਦਾਂ**: ਦੁਖਾਂਤ ਭਰੀ ਬਰਸਾਤੀ ਤਬਾਹੀ ਨੂੰ ਦੇਖਦੇ ਹੋਏ ਪਠਾਨਕੋਟ ਦੇ ਚੱਕੀ ਦਰਿਆ ਦੇ ਕਿਨਾਰੇ ਸ਼ੈਲੀ ਕੁੱਲੀਆਂ ਤੇ ਭਦਰੋਆ ਖੇਤਰ ਦੇ ਘਰ ਖਾਲੀ ਕਰਵਾ ਕੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ ਗਿਆ। ਮਿਲਟਰੀ ਹਸਪਤਾਲ ਦੀ ਚਾਰਦੀਵਾਰੀ ਦਾ ਵੀ ਕੁਝ ਹਿੱਸਾ ਬਰਸਾਤੀ ਪਾਣੀ ਦੇ ਹਵਾਲੇ ਹੋ ਗਿਆ।

ਰਾਵੀ ਦਰਿਆ ਦਾ ਕਹਿਰ: ਡੇਰਾ ਬਾਬਾ ਨਾਨਕ (ਗੁਰਦਾਸਪੁਰ) ਰਾਵੀ ਦਰਿਆ ਦੇ ਉਫ਼ਾਨੀ ਪਾਣੀਆਂ ਨੇ ਖੇਤਰ ਵਿੱਚ ਹੜ੍ਹ ਦਾ ਡਰਾਉਣਾ ਮੰਜ਼ਰ ਪੈਦਾ ਕਰ ਦਿੱਤਾ ਹੈ। ਛੱਲਾਂ ਮਾਰਦੇ ਪਾਣੀ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਪਿੰਡ ਚੰਦੂ ਨੰਗਲ, ਜੌੜੀਆਂ ਖੁਰਦ, ਜੋ ਇਤਿਹਾਸਕ ਗੁਰਦੁਆਰਾ ਟਾਹਲੀ ਸਾਹਿਬ ਲਈ ਪ੍ਰਸਿੱਧ ਹੈ, ਚਾਰੋਂ ਪਾਸਿਆਂ ਤੋਂ ਪਾਣੀ ਨਾਲ ਘਿਰ ਗਿਆ। ਪਿੰਡ ਜੌੜੀਆਂ ਖੁਰਦ ਦੀ ਜ਼ਮੀਨ ਕੁਝ ਉੱਚੀ ਹੋਣ ਕਾਰਨ ਪਾਣੀ ਸਿਰਫ਼ ਸ਼ੁਰੂਆਤੀ ਘਰਾਂ ਤੱਕ ਹੀ ਪਹੁੰਚਿਆ ਹੈ, ਪਰ ਆਵਾਜਾਈ ਦੇ ਸਾਰੇ ਰਸਤੇ ਬੰਦ ਹੋ ਜਾਣ ਕਾਰਨ ਲੋਕ ਆਪਣੇ ਘਰਾਂ ਵਿੱਚ ਕੈਦ ਹੋ ਗਏ ਹਨ। ਜੀਵਨ ਮੁਕੰਮਲ ਤੌਰ 'ਤੇ ਠੱਪ ਹੋ ਕੇ ਰਹਿ ਗਿਆ। ਪਿੰਡ ਜੌੜੀਆਂ ਖੁਰਦ ਡੇਰਾ ਬਾਬਾ ਨਾਨਕ ਦੇ ਰਹਿਣ ਵਾਲੇ ਜਸਬੀਰ ਸਿੰਘ ਪਨਸੋਤਰਾ ਨੇ ਦੱਸਿਆ ਕਿ ਹੜ੍ਹ ਦੀ ਇਹ ਦਹਿਸ਼ਤ ਬੱਚਿਆਂ ਦੇ ਮਨਾਂ ਵਿੱਚ ਡਰ ਅਤੇ ਖੌਫ ਦੀਆਂ ਡੂੰਘੀਆਂ ਲਕੀਰਾਂ ਖਿੱਚ ਗਈ ਹੈ। ਪਿੰਡ ਵਾਸੀਆਂ ਦੇ ਚਿਹਰਿਆਂ 'ਤੇ ਬੇਬਸੀ, ਚਿੰਤਾ ਅਤੇ ਅਣਸੁਣੀ ਚੁੱਪ ਸਾਫ਼ ਪੜ੍ਹੀ ਜਾ ਸਕਦੀ ਸੀ।

**ਹੜ੍ਹਾਂ ਦੀ ਕਹਾਣੀ** - ਮਾਤਾ ਗੁਰਬਚਨ ਕੌਰ ਦੀ ਯਾਦਾਂ ਵਿੱਚੋਂ 94 ਸਾਲ ਦੇ ਕਰੀਬ ਮੇਰੀ ਮਾਂ ਬਜ਼ੁਰਗ ਮਾਤਾ ਗੁਰਬਚਨ ਕੌਰ, ਪਤਨੀ ਸਵ: ਅਮਰ ਸਿੰਘ ਪ੍ਰਦੇਸੀ (ਸੇਵਾ-ਮੁਕਤ ਕਾਨੂੰਗੋ, ਲੇਖਕ ਤੇ ਪੱਤਰਕਾਰ) ਮੁਹੱਲਾ ਓਂਕਾਰ ਨਗਰ ਗੁਰਦਾਸਪੁਰ ਨੇ ਉਹ ਦਰਦ ਭਰੇ ਦਿਨ ਯਾਦ ਕਰਦੇ ਹੋਏ ਦੱਸੇ, ਜੋ ਸੰਨ 1955 ਵਿੱਚ ਆਏ ਹੜ੍ਹਾਂ ਦੀ ਇੱਕ ਸੱਚੀਂ ਦਾਸਤਾਨ ਵਾਪਰੀ ਸੀ। ਮਾਤਾ ਗੁਰਬਚਨ ਕੌਰ ਅਨੁਸਾਰ ਉਨ੍ਹਾ ਦੇ ਸਹੁਰੇ ਪਿੰਡ ਜੀਓ ਜੁਲਾਈ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਵਿੱਚ ਸਨ। ਉਨ੍ਹਾਂ ਦਿਨਾਂ ਵਿੱਚ (ਸੰਨ 1955) ਆਏ ਜ਼ਬਰਦਸਤ ਹੜ੍ਹਾਂ ਨੇ ਪਿੰਡ ਜੀਓ ਜੁਲਾਈ, ਸਾਹਲੇ ਚੱਕ ਸਮੇਤ ਆਲੇ-ਦੁਆਲੇ ਦੇ ਅਨੇਕਾਂ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਦੇ ਫਲਸਰੂਪ ਹੜ੍ਹਾਂ ਕਾਰਨ ਘਰਾਂ ਦੇ ਘਰ ਢਹਿ ਕੇ ਮਿੱਟੀ ਵਿੱਚ ਮਿਲ ਗਏ। ਗਲੀਆਂ, ਦੁਕਾਨਾਂ, ਖੇਤ-ਸਭ ਕੁਝ ਪਾਣੀ ਦੀ ਭੇਟ ਚੜ੍ਹ ਗਏ, ਬੱਚਿਆਂ ਦਾ ਰੋਣਾ, ਪਸ਼ੂਆਂ ਦੀਆਂ ਬੇਬਸੀ ਭਰੀਆਂ ਆਵਾਜ਼ਾਂ ਤੇ ਲੋਕਾਂ ਦੇ ਚੀਕਾਂ-ਸਿਸਕੀਆਂ ਨਾਲ ਪਿੰਡ ਇਕ ਵੱਡਾ ਦੁੱਖਾਂ ਦਾ ਦਰਬਾਰ ਬਣ ਗਿਆ। ਹੜ੍ਹਾਂ ਨੇ ਐਸੀ ਬਰਬਾਦੀ ਲਿਆਂਦੀ ਕਿ ਜ਼ਿੰਦਗੀ ਦਾ ਰੁਖ ਹੀ ਮੁੜ ਗਿਆ। ਰੋਟੀ-ਪਾਣੀ ਦੀ ਕਮੀ ਨੇ ਹਾਲਤ ਹੋਰ ਵੀ ਬੇਹਾਲ ਕਰ ਦਿੱਤੇ, ਜਾਨ ਬਚਾਉਣ ਦੇ ਨਾਲ-ਨਾਲ ਭੁੱਖ ਦੀ ਲੜਾਈ ਵੀ ਇਕ ਵੱਡੀ ਕਸੌਟੀ ਬਣ ਗਈ। ਸਰਕਾਰ ਨੇ ਹੈਲੀਕਾਪਟਰਾਂ ਰਾਹੀਂ ਭੁੰਨੇ ਛੋਲਿਆਂ, ਗੁੜ ਆਦਿ ਵਸਤਾਂ ਤੇ ਤੀਲਾਂ ਦੀਆਂ ਡੱਬੀਆ ਦੇ ਪੈਕਟ ਸੁੱਟੇ, ਤਾਂ ਕਿ ਲੋਕ ਭੁੱਖਮਰੀ ਦਾ ਸ਼ਿਕਾਰ ਨਾ ਹੋ ਸਕਣ। ਇਸ ਤੋਂ ਇਲਾਵਾ ਸਿਰ ਲੁਕਾਉਣ ਲਈ ਤੰਬੂ, ਕਨਾਤਾਂ ਵਗੈਰਾ ਵੀ ਸੁੱਟੀਆਂ। ਇਹ ਦੁਖਾਂਤ ਅੱਜ ਵੀ ਭੁਲਾਇਆਂ ਨਹੀਂ ਭੁੱਲਦਾ।ਹਾਲ ਹੀ ਵਿੱਚ ਹੋਈ ਬਰਸਾਤ ਨੇ ਇਕ ਵਾਰ ਮੁੜ ਪੁਰਾਣੀਆਂ ਯਾਦ ਨੂੰ ਤਾਜ਼ਾ ਕਰਾ ਦਿੱਤਾ ਹੈ। ਮਾਤਾ ਜੀ ਦੱਸਦੇ ਹਨ ਕਿ ਅੱਜ ਵੀ ਜਦੋਂ ਮੀਂਹ ਦੀਆਂ ਬੂੰਦਾਂ ਤੇਜ਼ੀ ਨਾਲ ਵੱਜਦੀਆਂ ਹਨ ਤਾਂ ਮੇਰਾ ਦਿਲ ਕੰਬ ਜਾਂਦਾ ਹੈ।

ਖੈਰ ! ਆਫ਼ਤਾਂ ਨੂੰ ਪੂਰੀ ਤਰ੍ਹਾਂ ਰੋਕਿਆ ਤਾਂ ਨਹੀਂ ਜਾ ਸਕਦਾ, ਪਰ ਸਮਝਦਾਰੀ ਤੇ ਤਿਆਰੀ ਨਾਲ ਇਨ੍ਹਾਂ ਦੇ ਨੁਕਸਾਨ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਸਰਕਾਰ ਲਈ ਲਾਜ਼ਮੀ ਹੈ ਕਿ ਪੇਸ਼ਗੀ ਚੇਤਾਵਨੀ ਪ੍ਰਣਾਲੀ ਹੋਰ ਮਜ਼ਬੂਤ ਕੀਤੀ ਜਾਵੇ, ਤਾਂ ਜੋ ਆਮ ਲੋਕ ਸਮੇਂ 'ਤੇ ਸਾਵਧਾਨ ਹੋ ਸਕਣ। ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ, ਬਚਾਅ ਅਭਿਆਸ ਕਰਵਾਉਣੇ ਅਤੇ ਆਫ਼ਤ ਪ੍ਰਬੰਧਨ ਨੂੰ ਸਿੱਖਿਆ ਦਾ ਹਿੱਸਾ ਬਣਾਉਣਾ ਵੀ ਬਹੁਤ ਜ਼ਰੂਰੀ ਹੈ। ਮਨੁੱਖ ਭਾਵੇਂ ਕਿੰਨਾ ਵੀ ਵਿਕਸਤ ਹੋ ਜਾਵੇ, ਪਰ ਕੁਦਰਤ ਦੇ ਸਾਹਮਣੇ ਉਸ ਦੀ ਹਸਤੀ ਬਹੁਤ ਨਿਮਾਣੀ ਹੈ। ਲੋੜ ਹੈ ਕਿ ਅਸੀਂ ਕੁਦਰਤ ਨਾਲ ਮੇਲ-ਜੋਲ ਕਰੀਏ, ਵਾਤਾਵਰਣ ਦੀ ਸੰਭਾਲ ਕਰੀਏ ਤੇ ਸਮਾਜਿਕ ਏਕਤਾ ਨਾਲ ਮਿਲ ਕੇ ਪ੍ਰਭਾਵਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਈਏ, ਕਿਉਂਕਿ ਹੜ੍ਹ ਸਿਰਫ਼ ਪਾਣੀ ਦੀ ਤਬਾਹੀ ਨਹੀਂ, ਸਗੋਂ ਇਹ ਸਾਡੀ ਮਨੁੱਖਤਾ, ਸਾਡੀ ਸਮਝਦਾਰੀ ਅਤੇ ਸਾਡੇ ਇਕੱਠ ਨੂੰ ਵੀ ਪਰਖਦਾ ਹੈ, ਸੋ ਕੁਦਰਤ ਸਾਡੀ ਮਾਂ ਹੈ, ਇਸ ਦੀ ਖ਼ੂਬਸੂਰਤੀ ਵੀ ਸਾਡੀ ਹੈ ਤੇ ਇਸ ਦੀ ਤਬਾਹੀ ਵੀ ਸਾਡੀ। ਜੇ ਅਸੀਂ ਇਸ ਨਾਲ ਪਿਆਰ ਕਰਾਂਗੇ, ਇਸ ਦੀ ਇੱਜ਼ਤ ਕਰਾਂਗੇ, ਤਾਂ ਇਹ ਸਾਨੂੰ ਜੀਵਨ ਦੇਣ ਵਾਲੀ ਛਾਂ ਵਾਂਗ ਸਦਾ ਸਹਾਰਾ ਦੇਵੇਗੀ।

ਸਰਕਾਰ ਤੇ ਪ੍ਰਸ਼ਾਸਨ ਦੇ ਹੈਲੀਕਾਪਟਰਾਂ ਰਾਹੀਂ ਕੀਤੇ ਪ੍ਰਬੰਧ ਲੋਕ-ਚਰਚਾ ਵਿੱਚ ਸ਼ਾਨਦਾਰ ਉਦਾਹਰਣ ਵਾਂਗ ਉਭਰ ਕੇ ਸਾਹਮਣੇ ਆਏ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕਰਦਿਆਂ ਪਾਣੀ ਨਾਲ ਪ੍ਰਭਾਵਿਤ ਹੋਏ ਪਿੰਡਾਂ ਦੀ ਹਾਲਤ ਆਪਣੀਆਂ ਅੱਖਾਂ ਨਾਲ ਵੇਖੀ। ਉਨ੍ਹਾਂ ਲੋਕਾਂ ਨੂੰ ਯਕੀਨ ਦਿਵਾਇਆ ਕਿ ਸਰਕਾਰ ਵੱਲੋਂ ਫਸਲਾਂ ਅਤੇ ਘਰਾਂ ਦਾ ਮੁਆਵਜ਼ਾ ਜਲਦੀ ਹੀ ਮੁਹੱਈਆ ਕਰਵਾਇਆ ਜਾਵੇਗਾ।

**# ਸੰਪਰਕ : 94174-27656**

# ਸਰਕਾਰ ਦੀ ਅਣਦੇਖੀ ਕਾਰਨ ਹੜ੍ਹਾਂ ਦਾ ਸੰਤਾਪ ਭੋਗ ਰਹੇ ਹਨ ਦਰਜਨ ਪਿੰਡਾਂ ਦੇ ਲੋਕ

- 300 ਏਕੜ ਝੋਨੇ ਦੀ ਫਸਲ ਹੋਈ ਤਬਾਹ, ਪਿੰਡਾਂ 'ਤੇ ਵੀ ਮੰਡਰਾ ਰਿਹੈ ਖਤਰਾ
- ਆਪਣੇ ਪੱਧਰ 'ਤੇ ਲੋਕ ਲੱਗੇ ਹੋਏ ਹਨ ਬਚਾਅ ਕਾਰਜਾਂ 'ਚ



ਬੋਹਾ (ਨਿਰੰਜਣ ਬੋਹਾ)

ਜ਼ਿਲ੍ਹਾ ਮਾਨਸਾ ਦੇ ਬੁਢਲਾਡਾ ਸਬ ਡਵੀਜ਼ਨ ਦੇ ਦਰਜਨ ਦੇ ਕਰੀਬ ਪਿੰਡ ਪਿਛਲੇ ਚਾਰ ਦਹਾਕਿਆਂ ਤੋਂ ਸਰਕਾਰ ਦੀ ਅਣਦੇਖੀ ਕਾਰਨ ਹੜ੍ਹਾਂ ਨਾਲ ਜੂਝ ਰਹੇ ਹਨ।ਇਨ੍ਹਾਂ ਪਿੰਡਾਂ 'ਚ ਸਰਹਿੰਦ ਚੋਅ (ਡਰੇਨ) ਦੇ ਪਾਣੀ ਕਾਰਨ ਹਰ ਸਾਲ ਬਰਸਾਤਾਂ ਦੀ ਰੁੱਤ ਦੌਰਾਨ ਫਸਲਾਂ ਤੇ ਘਰਾਂ 'ਤੇ ਹੜ੍ਹਾਂ ਦਾ ਖਤਰਾ ਮੰਡਰਾਉਣ ਲੱਗ ਜਾਂਦਾ ਹੈ।ਇਸ ਵਾਰ ਵੀ 300 ਕਿਲ੍ਹਿਆਂ ਦੇ ਕਰੀਬ ਫਸਲਾਂ ਤਬਾਹ ਹੋ ਚੁੱਕੀਆਂ ਹਨ ਅਤੇ ਪਿੰਡਾਂ 'ਤੇ ਖਤਰਾ ਅਜੇ ਬਰਕਰਾਰ ਹੈ।ਦੱਸਣਯੋਗ ਹੈ ਕਿ ਜਦੋਂ ਵੀ ਪੰਜਾਬ 'ਚ ਵਿਆਪਕ ਤੌਰ 'ਤੇ ਹੜ੍ਹ ਆਉਂਦੇ ਹਨ ਤਾਂ ਇਸ ਡਵੀਜ਼ਨ ਦੇ ਪਿੰਡ ਆਲਮਪੁਰ ਮੰਦਰਾਂ, ਜੋਈਆਂ, ਟਾਹਲੀਆਂ, ਅੱਕਾਂਵਾਲੀ, ਚਹਿਲਾਂਵਾਲੀ, ਦਲੇਲਵਾਲਾ, ਲਖਮੀਰਵਾਲਾ, ਕਾਸਿਮਪੁਰ ਛੀਨਾ, ਨਾਮਾਨੰਦੀ, ਕੋਰਵਾਲਾ, ਭੈਣੀ ਆਦਿ ਪਿੰਡਾਂ ਦੇ ਲੋਕਾਂ ਦੇ ਸਾਹ ਸੂਤੇ ਜਾਂਦੇ ਹਨ। ਪਿਛਲੇ ਇੱਕ ਹਫਤੇ ਤੋਂ ਇਨ੍ਹਾਂ ਪਿੰਡਾਂ ਦੇ ਲੋਕ ਸਰਹਿੰਦ ਚੋਅ 'ਚ ਆਏ ਬੇਸ਼ੁਮਾਰ ਪਾਣੀ ਤੋਂ ਆਪਣੀਆਂ ਫਸਲਾਂ ਨੂੰ ਬਚਾਉਣ ਲਈ ਜਿੱਥੇ ਦਿਨ-ਰਾਤ ਪਹਿਰਾ ਦੇ ਰਹੇ ਹਨ, ਉੱਥੇ ਪਿੰਡ ਬਚਾਉਣ ਲਈ ਵੀ ਜੀਅ-ਜਾਨ ਨਾਲ ਮੁਸ਼ੱਕਤ ਕਰ ਰਹੇ ਹਨ। ਪਿੰਡ ਜੋਈਆਂ ਤੋਂ ਆਲਮਪੁਰ ਮੰਦਰਾਂ ਦੇ ਵਿਚਕਾਰ ਤਕਰੀਬਨ 15 ਕਿਲੇ ਲੰਬੀ ਦੂਰੀ ਤੱਕ ਸਰਹਿੰਦ ਚੋਅ ਦੀ ਜੋਈਆਂ ਪਿੰਡ ਵਾਲੇ ਪਾਸੇ ਪਟੜੀ ਨਾ ਹੋਣ ਕਾਰਨ ਪਾਣੀ ਉੱਛਲ ਗਿਆ ਹੈ ਅਤੇ 300 ਕਿਲ੍ਹਿਆਂ ਦੇ ਕਰੀਬ ਫਸਲਾਂ ਤਬਾਹ ਹੋ ਗਈਆਂ ਹਨ।ਇਨ੍ਹਾਂ ਫਸਲਾਂ ਤੋਂ ਹੁੰਦਾ ਹੋਇਆ ਪਾਣੀ ਪਿੰਡ ਆਲਮਪੁਰ ਮੰਦਰਾਂ ਵੱਲ ਵਧ ਰਿਹਾ ਸੀ, ਪਰ ਇਸ ਪਿੰਡ ਦੇ ਵਾਸੀਆਂ ਨੇ ਦਿਨ-ਰਾਤ ਇੱਕ ਕਰਕੇ ਪਾਣੀ ਨੂੰ ਬੰਨ੍ਹ ਮਾਰ ਕੇ ਰੋਕਿਆ ਹੋਇਆ ਹੈ।ਇਸ ਬੰਨ੍ਹ ਨੂੰ ਤੋੜਨ ਲਈ ਕਈ ਵਾਰ ਸਥਿਤੀ ਤਣਾਅਪੂਰਨ ਵੀ ਬਣੀ, ਪਰ ਦੋਨੋਂ ਪਿੰਡਾਂ ਦੀਆਂ ਪੰਚਾਇਤਾਂ ਤੇ ਮੋਹਤਬਰ ਬੰਦਿਆਂ ਦੀ ਸਿਆਣਪ ਕਾਰਨ ਟਕਰਾਅ ਟਲ ਗਿਆ।ਸਾਬਕਾ ਅਧਿਆਪਕ ਆਗੂ ਮਾ. ਗੁਰਬਚਨ ਸਿੰਘ ਮੰਦਰਾਂ ਨੇ ਦੱਸਿਆ ਕਿ ਇੱਕ ਪਾਸੇ ਜ਼ੋਰਦਾਰ ਬਾਰਿਸ਼ ਕਾਰਨ ਪਿੰਡ ਦੇ ਲੋਕਾਂ ਨੂੰ ਆਪਣੀਆਂ ਫਸਲਾਂ ਦੀ ਚਿੰਤਾ ਸੀ ਤੇ ਦੂਸਰੇ ਪਾਸੇ ਸਰਕਾਰੀ ਦੀ ਅਣਦੇਖੀ ਕਾਰਨ ਪਿੰਡ ਬਚਾਉਣ ਦਾ ਖਤਰਾ ਮੰਡਰਾਉਣ ਲੱਗ ਜਾਂਦਾ ਹੈ।ਇਹ ਸਥਿਤੀ 1985, 1987, 1988 ਤੇ 1993 'ਚ ਵੀ ਉਤਪੰਨ ਹੋ ਚੁੱਕੀ ਹੈ।ਸ. ਹਰਤੇਜ ਸਿੰਘ ਚਹਿਲ ਨੇ ਦੱਸਿਆ ਕਿ ਡਰੇਨ ਵਿੱਚ ਬਹੁਤ ਸਾਰੇ ਦਰੱਖਤ ਹਨ ਤੇ ਜਲ ਬੂਟੀ ਵੀ ਜੋ ਪਾਣੀ ਦੇ ਵਹਾਅ ਨੂੰ ਰੋਕਦੇ ਹਨ ਤੇ ਚੋਅ ਟੁੱਟ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਡਰੇਨ ਦੀ ਸਫਾਈ ਨਾ ਹੋਣ ਕਾਰਨ ਹਰ ਸਾਲ ਇਹ ਖਤਰਾ ਵਧਦਾ ਹੀ ਜਾ ਰਿਹਾ ਹੈ।ਇਨ੍ਹਾਂ ਪਿੰਡਾਂ ਦੇ ਲੋਕਾਂ 'ਚ ਰੋਸ ਹੈ ਕਿ ਪਿਛਲੇ ਤਕਰੀਬਨ ਦਸ ਦਿਨਾਂ ਤੋਂ ਹੜ੍ਹਾਂ ਦੀ ਸਥਿਤੀ ਨਾਲ ਜੂਝ ਰਹੇ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਾਰ ਲੈਣ ਲਈ ਕੋਈ ਵੀ ਪ੍ਰਸ਼ਾਸਨਿਕ, ਮਾਲ ਜਾਂ ਡਰੇਨੇਜ ਵਿਭਾਗ ਦਾ ਅਧਿਕਾਰੀ ਤੇ ਨਾ ਹੀ ਕੋਈ ਰਾਜਨੀਤਕ ਨੁਮਾਇੰਦਾ ਉਨ੍ਹਾਂ ਦੀ ਸਾਰ ਲੈਣ ਲਈ ਪੁੱਜਿਆ ਹੈ।ਇਸ ਕਰਕੇ ਲੋਕ ਆਪਣੇ ਪੱਧਰ 'ਤੇ ਹੀ ਹੜ੍ਹਾਂ ਨਾਲ ਜੂਝ ਰਹੇ ਹਨ।ਇਲਾਕਾ ਨਿਵਾਸੀਆਂ ਦੀ ਮੰਗ ਹੈ ਕਿ ਸਰਹਿੰਦ ਚੋਅ ਦੀ ਸਹੀ ਤਰੀਕੇ ਨਾਲ ਪੁਟਾਈ ਕਰਵਾਈ ਜਾਵੇ ਅਤੇ ਇਸ ਵਿੱਚੋਂ ਜਲ ਬੂਟੀ ਤੇ ਰੁੱਖ ਪੁੱਟੇ ਜਾਣ, ਨਾਲ ਹੀ ਜਿਸ ਥਾਂ 'ਤੇ ਚੋਅ ਦੀ ਪਟੜੀ ਨਹੀਂ ਹੈ, ਉਹ ਬਣਾਈ ਜਾਵੇ ਤਾਂ ਕਿ ਲੋਕਾਂ 'ਤੇ ਹਰ ਸਾਲ ਮੰਡਰਾਉਣ ਵਾਲਾ ਖਤਰਾ ਟਲ ਸਕੇ।

# ਹੜ੍ਹ ਪੀੜਤਾਂ ਨੂੰ ਫੌਰੀ ਮੁਆਵਜ਼ੇ ਲਈ ਕੇਕੇਯੂ ਨੇ ਸੌਂਪਿਆ ਮੰਗ ਪੱਤਰ



ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ)-ਪੰਜਾਬ ਵਿੱਚ ਹੜ੍ਹਾਂ ਨਾਲ ਫਸਲਾਂ, ਡੰਗਰਾਂ, ਘਰਾਂ ਦੇ ਹੋਏ ਭਾਰੀ ਨੁਕਸਾਨ ਦੇ ਫੌਰੀ ਮੁਆਵਜ਼ੇ ਦੀ ਮੰਗ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਏਡੀਸੀ ਜਨਰਲ ਲਵਪ੍ਰੀਤ ਸਿੰਘ ਔਲਖ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਭੇਜਿਆ ਗਿਆ।

ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਤੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਿਛਲੇ ਦਿਨਾਂ ਵਿੱਚ ਜਿੱਥੇ ਲੱਖਾਂ ਏਕੜ ਫ਼ਸਲ ਤਬਾਹ ਹੋਈ ਹੈ ਉੱਥੇ ਹੀ ਹਜ਼ਾਰਾਂ ਦੁਧਾਰੂ ਪਸ਼ੂ ਤੇ ਹਜ਼ਾਰਾਂ ਘਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ ਤੇ ਲੱਖਾਂ ਲੋਕ ਵੀ ਬੇਘਰ ਹੋ ਗਏ ਹਨ, ਅਜਿਹੇ ਸਮੇਂ ਪੰਜਾਬ ਸਰਕਾਰ ਨੂੰ ਫੌਰੀ ਰਾਹਤ ਦੇਣੀ ਚਾਹੀਦੀ ਸੀ, ਪਰ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ।ਇਸ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਇੱਕ ਏਕੜ ਨੂੰ ਇਕਾਈ ਮੰਨ ਕੇ ਪ੍ਰਤੀ ਏਕੜ 50 ਹਜ਼ਾਰ ਰੁਪਏ ਫਸਲਾਂ ਦਾ ਮੁਆਵਜ਼ਾ ਤੇ ਦੁਧਾਰੂ ਪਸ਼ੂਆਂ ਦਾ ਇੱਕ ਲੱਖ ਰੁਪਏ ਅਤੇ ਘਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਅਤੇ ਇਸੇ ਤਰ੍ਹਾਂ ਪ੍ਰਤੀ ਮਜ਼ਦੂਰ ਪਰਿਵਾਰ 25 ਹਜ਼ਾਰ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਫੌਰੀ ਮੁਆਵਜ਼ੇ ਦਾ ਐਲਾਨ ਨਹੀਂ ਕਰਦੀ ਤੇ ਮੁਆਵਜ਼ਾ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਇਸ ਮੌਕੇ ਵਫ਼ਦ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਕੁਲਦੀਪ ਸਿੰਘ, ਜ਼ਿਲ੍ਹਾ ਆਗੂ ਗੁਰਮੇਲ ਸਿੰਘ ਉੱਭਾਵਾਲ, ਯੂਥ ਵਿੰਗ ਦੇ ਆਗੂ ਹਰਦੀਪ ਸਿੰਘ ਬਹਾਦਰਪੁਰ, ਮਲਕੀਤ ਸਿੰਘ, ਹਰਦਮ ਸਿੰਘ ਰਾਜੋਮਾਜਰਾ, ਜੀਵਨ ਸਿੰਘ ਜਹਾਂਗੀਰ, ਦਰਸ਼ਨ ਸਿੰਘ, ਭੀਮ ਸਿੰਘ, ਰਾਏ ਸਿੰਘ ਸਤੀਪੁਰਾ ਹਾਜ਼ਰ ਸਨ।

# ਅਕਾਲੀ ਆਗੂ ਬਰਜਿੰਦਰ ਬਰਾੜ ਨੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ



ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਬਰਾੜ ਨੇ ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਦੀ ਵੰਡ ਕਰਕੇ ਪੀੜਤ ਪਰਵਾਰਾਂ ਦੀ ਸਹਾਇਤਾ ਕੀਤੀ।ਉਨ੍ਹਾਂ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਯਕੀਨ ਦਿਵਾਇਆ ਕਿ ਅਕਾਲੀ ਦਲ ਦੀਆਂ ਟੀਮਾਂ ਪ੍ਰਭਾਵਿਤ ਖੇਤਰਾਂ ਵਿੱਚ ਹਰ ਸੰਭਵ ਮਦਦ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ।ਬਰਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸਤਲੁਜ ਦਰਿਆ ਵਿੱਚ ਪਾਣੀ ਦੇ ਵਧੇਰੇ ਦਬਾਅ ਤੇ ਭਾਰੀ ਬਾਰਸ਼ ਕਾਰਨ ਹੜ੍ਹ ਨੇ ਧਰਮਕੋਟ ਹਲਕੇ ਦੇ ਕਈ ਪਿੰਡਾਂ ਵਿੱਚ ਭਾਰੀ ਨੁਕਸਾਨ ਕੀਤਾ ਹੈ।ਫਸਲਾਂ ਤੇ ਪਸ਼ੂਆਂ ਦੇ ਚਾਰੇ ਦੀ ਬਰਬਾਦੀ ਨੇ ਲੋਕਾਂ ਨੂੰ ਮੁਸ਼ਕਲਾਂ ਵਿੱਚ ਪਾ ਦਿੱਤਾ ਹੈ।

ਇਸ ਸਥਿਤੀ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀ ਟੀਮ ਵੱਲੋਂ ਪੀਣ ਵਾਲਾ ਸਾਫ ਪਾਣੀ, ਤਰਪਾਲਾਂ, ਖਾਣ-ਪੀਣ ਦੀਆਂ ਵਸਤਾਂ ਤੇ ਹੋਰ ਜ਼ਰੂਰੀ ਸਮੱਗਰੀ ਪ੍ਰਭਾਵਿਤ ਪਰਵਾਰਾਂ ਤੱਕ ਪਹੁੰਚਾਈ ਜਾ ਰਹੀ ਹੈ।ਉਨ੍ਹਾਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਧਰਮਕੋਟ ਦੇ ਹੜ੍ਹ ਪੀੜਤ ਪਿੰਡਾਂ ਨੂੰ ਸਰਕਾਰੀ ਰਾਹਤ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਜੋ ਪੀੜਤਾਂ ਨੂੰ ਲੰਬੇ ਸਮੇਂ ਲਈ ਸਹਾਇਤਾ ਮਿਲ ਸਕੇ।ਇਸ ਮੌਕੇ ਜੋਗਿੰਦਰ ਸਿੰਘ ਪੱਪੂ ਕਾਹਨੇਵਾਲਾ, ਜਸਵਿੰਦਰ ਸਿੰਘ ਮਨੇਸ ਖੰਭੇ, ਨੰਬਰਦਾਰ ਨਛੱਤਰ ਸਿੰਘ ਢੋਲਣੀਆਂ, ਮਨਫੂਲ ਸਿੰਘ ਲਾਡੀ ਮਸਤੇਵਾਲਾ, ਗੁਰਜੰਟ ਸਿੰਘ ਨੰਬਰਦਾਰ, ਚਮਕੌਰ ਸਿੰਘ ਮੋਗੇ ਵਾਲਾ, ਮੇਜਰ ਸਿੰਘ ਰਊਵਾਲਾ, ਸਾਬਕਾ ਸਰਪੰਚ ਰਣਜੀਤ ਸਿੰਘ ਰਾਣਾ ਡਾਇਰੈਕਟਰ, ਗੁਰਜੰਟ ਸਿੰਘ ਚਾਹਲ, ਤੇਜਿੰਦਰ ਸਿੰਘ ਗਿੱਲ,ਜਸਵੀਰ ਸਿੰਘ, ਜਤਿੰਦਰ ਸਿੰਘ, ਗੁਰਜੰਟ ਸਿੰਘ, ਇਕਬਾਲਦੀਪ ਸਿੰਘ ਹੈਰੀ ਸਮੇਤ ਕਈ ਹੋਰ ਅਕਾਲੀ ਆਗੂ ਹਾਜ਼ਰ ਸਨ। ਸਾਰੇ ਆਗੂਆਂ ਨੇ ਮਿਲ ਕੇ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਰਾਹਤ ਕਾਰਜਾਂ ਨੂੰ ਹੋਰ ਤੇਜ਼ ਕਰਨ ਦਾ ਪ੍ਰਣ ਲਿਆ। ਇਸ ਸਹਾਇਤਾ ਮੁਹਿੰਮ ਨੇ ਪੀੜਤ ਲੋਕਾਂ ਵਿੱਚ ਆਸ ਦੀ ਕਿਰਨ ਜਗਾਈ ਹੈ। ਪਿੰਡ ਵਾਸੀਆਂ ਨੇ ਬਰਜਿੰਦਰ ਸਿੰਘ ਬਰਾੜ ਅਤੇ ਅਕਾਲੀ ਦਲ ਦੀ ਟੀਮ ਦੀ ਇਸ ਸਹਾਇਤਾ ਲਈ ਦਿਲੋਂ ਸ਼ੁਕਰੀਆ ਅਦਾ ਕੀਤਾ।

# ਕੇਵਲ ਕੁੱਲੇਵਾਲੀਏ ਦਾ ਗੀਤ 'ਬਲੌਕ ਚੇਨ ਇੰਡੀਆ ਕੀ' ਰਿਲੀਜ਼



ਸਮਰਾਲਾ (ਸੁਰਜੀਤ ਸਿੰਘ)-ਗੀਤਕਾਰ ਤੇ ਗਾਇਕ ਕੇਵਲ ਕੁਲੇਵਾਲੀਆ ਦਾ ਗੀਤ 'ਆਈ ਬਲਾਕ ਚੇਨ ਇੰਡੀਆ ਕੀ' ਇੰਡੋਨੇਸ਼ੀਆ ਦੇ ਬਾਲੀ ਟਾਪੂ ਵਿਖੇ ਰਿਲੀਜ਼ ਕੀਤਾ ਗਿਆ।ਬਾਲੀ ਦੀਪ ਵਿਖੇ ਆਯੋਜਿਤ ਐਕਸਪੋ ਵਿਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਕਲਾਕਾਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਇੰਡੀਆ ਤੋਂ ਸਿਰਫ ਕੇਵਲ ਕੁਲੇਵਾਲੀਆ ਨੂੰ ਹੀ ਇਹ ਸੁਭਾਗ ਪ੍ਰਾਪਤ ਹੋਇਆ।ਮਾਸਟਰ ਸਟੋਕ ਟੈਕਨੋ ਸੋਫਤ ਕੰਪਨੀ ਵਲੋਂ ਸਪਾਂਸਰ ਕੀਤੇ ਕੁਲੇਵਾਲੀਏ ਦੇ ਇਸ ਗੀਤ ਨੇ ਬਾਲੀ ਦੀਪ ਵਿਖੇ ਗੋਰੇ ਗੋਰੀਆਂ ਨੂੰ ਵੀ ਥਿਰਕਣ ਲਾ ਦਿੱਤਾ।ਪ੍ਰਿੰਸੀਪਲ ਡਾ ਪਰਮਿੰਦਰ ਸਿੰਘ ਬੈਨੀਪਾਲ ਨੇ ਮੁਬਾਰਕਾਂ ਦਿੰਦਿਆਂ ਕਿਹਾ ਹੈ ਕਿ ਕੇਵਲ ਕੁਲੇਵਾਲੀਆ ਨੇ ਇੰਡੋਨੇਸ਼ੀਆ ਦੀ ਧਰਤੀ ਤੇ ਪ੍ਰੋਗਰਾਮ ਪੇਸ਼ ਕਰਕੇ ਆਪਣੇ ਦੇਸ਼ ਭਾਰਤ ਦਾ ਮਾਣ ਵਧਾਇਆ ਹੈ।ਸੰਗੀਤ ਸੁਰਿੰਦਰ ਬੱਬੂ ਦੁਆਰਾ ਦਿੱਤਾ ਗਿਆ ਹੈ।ਇਸ ਗੀਤ ਵਿੱਚ ਸਹਾਇਕ ਗਾਇਕ ਅਨਮੋਲ ਰੰਗਲੇ ਅਤੇ ਪ੍ਰਮਿੰਦਰ ਸੇਖੋਂ ਹਨ ਅਤੇ ਇਹ ਗੀਤ 'ਅਲਾਪ' ਸਟੂਡੀਓ ਘੁੰਗਰਾਲੀ ਵਿਖੇ ਰਿਕਾਰਡ ਕੀਤਾ ਗਿਆ ਹੈ।

# ਹਾਮਦ ਵਾਲਾ ਹਿਠਾੜ ਵਿਖੇ ਫਾਇਰਿੰਗ 'ਚ ਦੋ ਜ਼ਖ਼ਮੀ, ਸਰਪੰਚ ਦੇ ਪਤੀ ਸਮੇਤ ਪੰਜ ਖਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮੱਲਾਂਵਾਲਾ ਨਜ਼ਦੀਕੀ ਪਿੰਡ ਹਾਮਦ ਵਾਲਾ ਹਿਠਾੜ ਵਿਖੇ ਇਕ ਮਾਮੂਲੀ ਝਗੜੇ ਨੂੰ ਲੈ ਕੇ ਫਾਇਰਿੰਗ ਹੋਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਵਿਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ਵਿੱਚ ਪਿੰਡ ਦੇ ਸਰਪੰਚ ਦੇ ਪਤੀ ਸਮੇਤ ਪੰਜ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਗੁਰਲਾਲ ਸਿੰਘ ਪੁੱਤਰ ਮਹਿਣ ਸਿੰਘ ਵਾਸੀ ਹਾਮਦ ਵਾਲਾ ਹਿਠਾੜ ਨੇ ਦੱਸਿਆ ਕਿ 24 ਅਗਸਤ 2025 ਦੀ ਦੁਪਹਿਰ ਨੂੰ ਉਸ ਦੇ ਗੁਆਂਢੀ ਹਰਚਰਨ ਸਿੰਘ, ਜਿਸ ਦੀ ਪਤਨੀ ਰਾਜਵਿੰਦਰ ਕੌਰ ਪਿੰਡ ਦੀ ਮੌਜੂਦਾ ਸਰਪੰਚ ਹੈ, ਆਪਣੇ ਟਰੈਕਟਰ 'ਤੇ ਸ਼ਮਸ਼ਾਨਘਾਟ ਤੋਂ ਘਾਹ-ਫੂਸ ਲਿਆ ਕੇ ਉਨ੍ਹਾਂ ਦੇ ਘਰ ਦੇ ਸਾਹਮਣੇ ਸੁੱਟ ਰਿਹਾ ਸੀ। ਗੁਰਲਾਲ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਮਹਿਣ ਸਿੰਘ ਨੇ ਇਸ ਗੱਲ ਦਾ ਵਿਰੋਧ ਕੀਤਾ ਅਤੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ, ਤਾਂ ਹਰਚਰਨ ਸਿੰਘ ਨੇ ਗਾਲੀ-ਗਲੋਚ ਕੀਤੀ ਅਤੇ ਮੌਕੇ ਤੋਂ ਚਲਾ ਗਿਆ।

ਗੁਰਲਾਲ ਸਿੰਘ ਨੇ ਦੱਸਿਆ ਕਿ ਅਗਲੀ ਰਾਤ ਲਗਭਗ 11 ਵਜੇ ਹਰਚਰਨ ਸਿੰਘ ਆਪਣੇ ਨਾਲ ਚਾਰ ਹੋਰ ਵਿਅਕਤੀਆਂ ਨੂੰ ਲੈ ਕੇ ਆਇਆ। ਇਹ ਸਾਰੇ ਇੱਕ ਸਵਿਫਟ ਕਾਰ ਵਿੱਚ ਆਏ ਸਨ ਅਤੇ ਇਨ੍ਹਾਂ ਵਿੱਚ ਗੁਰਸਾਹਿਬ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਸੁਧਾਰਾ, ਰਣਬੀਰ ਸਿੰਘ ਉਰਫ ਬੀਰਾ ਪੁੱਤਰ ਨਿਸ਼ਾਨ ਸਿੰਘ ਵਾਸੀ ਹਾਮਦ ਵਾਲਾ ਹਿਠਾੜ ਤੇ ਦੋ ਅਣਪਛਾਤੇ ਵਿਅਕਤੀ ਸ਼ਾਮਲ ਸਨ। ਗੁਰਲਾਲ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਦੋਸ਼ੀਆਨ ਨੇ ਉਸ ਦੇ ਘਰ ਦੇ ਬਾਹਰ ਆ ਕੇ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਵਿੱਚੋਂ ਇਕ ਫਾਇਰ ਉਸ ਦੇ ਤੇ ਉਸ ਦੀ ਭਰਜਾਈ ਕੁਲਵਿੰਦਰ ਕੌਰ ਦੇ ਲੱਗਿਆ। ਗੁਰਲਾਲ ਸਿੰਘ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਗੁਰਲਾਲ ਸਿੰਘ ਨੇ ਦੱਸਿਆ ਕਿ ਉਸ ਦਾ ਤੇ ਕੁਲਵਿੰਦਰ ਕੌਰ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ 'ਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੱਲਾਂਵਾਲਾ ਦੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਹਰਚਰਨ ਸਿੰਘ ਸਮੇਤ ਪੰਜ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਕੇ ਕੇ ਯੂ ਨੇ ਪੈਦਲ ਮਾਰਚ ਕਰਕੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

## ਹੜ੍ਹ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਰਾਸ਼ੀ ਪ੍ਰਦਾਨ ਕਰੇ ਪੰਜਾਬ ਸਰਕਾਰ : ਪ੍ਰਗਟ, ਚਮਕੌਰ ਰੋਡੇ



ਮੋਗਾ (ਇਕਬਾਲ ਸਿੰਘ ਖਹਿਰਾ)

ਕਿਰਤੀ ਕਿਸਾਨ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਲੈ ਕੇ ਮੋਗਾ ਵਿਖੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਦੀ ਅਗਵਾਈ ਹੇਠ ਕੀਤਾ ਪੈਦਲ ਮਾਰਚ ਕਰਦਿਆਂ ਡਿਪਟੀ ਕਮਿਸ਼ਨਰ ਮੋਗਾ ਨੂੰ ਸੌਂਪਿਆ ਮੰਗ ਪੱਤਰ। ਇਸ ਦੌਰਾਨ ਜ਼ਿਲ੍ਹਾ ਜਨਰਲ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਕਿਹਾ ਕਿ ਇਸ ਪ੍ਰਦਰਸ਼ਨ ਦਾ ਉਦੇਸ਼ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਨੁਕਸਾਨੇ ਗਏ ਲੋਕਾਂ, ਮਕਾਨਾਂ, ਪਸ਼ੂਆਂ ਤੇ ਬਰਬਾਦ ਹੋਈਆਂ ਫਸਲਾਂ ਨੂੰ ਪੰਜਾਬ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਜਥੇਬੰਦੀ ਦੇ ਦਫ਼ਤਰ ਅੱਗੇ ਇਕੱਤਰ ਹੋਏ ਕਿਸਾਨਾਂ, ਨੌਜਵਾਨਾਂ ਤੇ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਜਲਦ ਗਿਰਦਾਵਰੀ ਦੀ ਪ੍ਰਕਿਰਿਆ ਨੂੰ ਪੂਰਿਆਂ ਕਰੇ ਤੇ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਨੁਕਸਾਨੇ ਗਏ ਕਿਸਾਨਾਂ-ਮਜ਼ਦੂਰਾਂ ਨੂੰ ਤੁਰੰਤ ਮੁਆਵਜ਼ਾ ਰਾਸ਼ੀ ਪ੍ਰਦਾਨ ਕਰੇ।ਇਸ ਦੌਰਾਨ ਜਥੇਬੰਦੀ ਦੇ ਦਫ਼ਤਰ ਤੋਂ ਪੈਦਲ ਮਾਰਚ ਕੀਤਾ ਗਿਆ, ਜੋ ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਤੱਕ ਕੀਤਾ ਗਿਆ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਹੜ੍ਹਾਂ ਕਰਕੇ ਗੁੱਸੇ ਵਿੱਚ ਕਿਸਾਨਾਂ ਨੇ ਨਾਅਰੇਬਾਜ਼ੀ ਵੀ ਕੀਤੀ।ਮੋਗਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਸ ਸਾਰੇ ਮਾਮਲੇ ਦੇ ਸਬੰਧ ਵਿੱਚ ਮੰਗ ਪੱਤਰ ਸੌਂਪਣਾ ਚਾਹਿਆ ਤਾਂ ਉਹ ਗੈਰਹਾਜ਼ਰ ਸਨ, ਜੋ ਏਡੀਸੀ ਮੈਡਮ ਚਾਰੂਮਿੱਤਾ ਜ਼ਰੀਏ ਪੰਜਾਬ ਸਰਕਾਰ ਦੇ ਨਾਮ ਸੌਂਪਿਆ ਗਿਆ।

ਇਸ ਮੌਕੇ ਸਟੇਜ ਦਾ ਸੰਚਾਲਨ ਕੁਲਦੀਪ ਸਿੰਘ ਖੁਖਰਾਣਾ ਨੇ ਕੀਤਾ ਤੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਤੇ ਜਨਰਲ ਸਕੱਤਰ ਚਮਕੌਰ ਸਿੰਘ ਰੋਡੇਖੁਰਦ ਨੇ ਸੰਬੋਧਨ ਕੀਤਾ।ਅੱਜ ਦੇ ਪ੍ਰਦਰਸ਼ਨ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਜਸਪਾਲ ਸਿੰਘ ਪੁਰਾਣੇਵਾਲਾ ਨਾਜ਼ਰ ਸਿੰਘ ਖਾਈ, ਵਿੱਤ ਸਕੱਤਰ ਕੁਲਜੀਤ ਸਿੰਘ, ਸਾਰਜ ਸਿੰਘ ਪੰਡੋਰੀ, ਗੁਰਪ੍ਰੀਤ ਸਿੰਘ, ਹਰਮਨ ਸਿੰਘ, ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ, ਤੀਰਥਵਿੰਦਰ ਸਿੰਘ ਘੱਲ ਕਲਾਂ, ਬੂਟਾ ਸਿੰਘ ਤਖਾਣਬੱਧ, ਮੋਹਨ ਸਿੰਘ, ਅਵਤਾਰ ਸਿੰਘ ਡਾਲਾ, ਅਜਮੇਰ ਸਿੰਘ ਛੋਟਾਘਰ, ਬਲਕਰਨ ਸਿੰਘ ਵੈਰੋਕੇ, ਜਗਵਿੰਦਰ ਕੌਰ ਰਾਜਿਆਣਾ, ਨਛੱਤਰ ਸਿੰਘ ਦੌਧਰ, ਛਿੰਦਰ ਮੱਲੇਆਣਾ, ਬਲਵਿੰਦਰ ਸਿੰਘ ਮਾਛੀਕੇ, ਬਲਜੀਤ ਸਿੰਘ ਲੰਡੇ, ਬੂਟਾ ਸਿੰਘ ਰਾਜਿਆਣਾ ਤੋਂ ਇਲਾਵਾ ਹੋਰ ਬਹੁਤ ਸਾਰੇ ਵੱਖ ਵੱਖ ਬਲਾਕਾਂ ਤੋਂ ਕਿਸਾਨ ਆਗੂ ਹਾਜ਼ਰ ਹੋਏ।

# ਸਰਕਾਰੀ ਜ਼ਮੀਨ ਦੀ ਦੁਰਵਰਤੋਂ ਦੇ ਮਾਮਲੇ 'ਚ ਬਜੀਦਪੁਰ ਦੀ ਸਰਪੰਚ ਮੁਅੱਤਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ (ਡੀ.ਡੀ.ਪੀ.ਓ.), ਹਰਜਿੰਦਰ ਸਿੰਘ ਨੇ ਪਿੰਡ ਬਜੀਦਪੁਰ ਦੀ ਸਰਪੰਚ ਪਰਮਿੰਦਰ ਰਾਣੀ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਉਨ੍ਹਾਂ ਵੱਲੋਂ ਸਰਕਾਰੀ ਜ਼ਮੀਨ ਦੀ ਦੁਰਵਰਤੋਂ ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਦੇ ਸਿੱਧ ਹੋਣ ਤੋਂ ਬਾਅਦ ਕੀਤੀ ਗਈ ਹੈ। ਇਸ ਫ਼ੈਸਲੇ ਨਾਲ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕੀਤੀ ਗਈ ਹੈ। ਮੁਅੱਤਲੀ ਦਾ ਇਹ ਫ਼ੈਸਲਾ ਲੰਬੀ ਜਾਂਚ ਤੋਂ ਬਾਅਦ ਲਿਆ ਗਿਆ, ਜਿਸ ਦੀ ਸ਼ੁਰੂਆਤ ਬੀਡੀਪੀਓ ਘੱਲ ਖੁਰਦ ਦੇ ਦਫ਼ਤਰ ਤੋਂ ਆਈ ਰਿਪੋਰਟ ਤੋਂ ਹੋਈ ਸੀ। ਬੀਡੀਪੀਓ ਦੀ ਰਿਪੋਰਟ ਅਨੁਸਾਰ, ਸਰਪੰਚ ਨੇ ਪਿੰਡ ਬਜੀਦਪੁਰ ਵਿਚ ਖਸਰਾ ਨੰਬਰ 19//16ਮਿਨ (4-0) ਅਤੇ 19//15 (6-2) 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਛੱਪੜ ਦੀ ਪੁਟਾਈ ਕਰਵਾਈ ਸੀ। ਇਹ ਦੋਵੇਂ ਖਸਰੇ ਪ੍ਰੋਵਿਸ਼ਨਲ ਗੌਰਮਿੰਟ ਦੀ ਮਲਕੀਅਤ ਹਨ ਤੇ ਇਨ੍ਹਾਂ ਵਿੱਚੋਂ ਇੱਕ ਜ਼ਮੀਨ ਸਕੂਲ ਦੀ ਹੈ। ਇਨ੍ਹਾਂ ਖਸਰਿਆਂ ਦੀ ਮਾਲਕੀ ਗ੍ਰਾਮ ਪੰਚਾਇਤ ਬਜੀਦਪੁਰ ਦੀ ਨਹੀਂ ਹੈ।

ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਸਰਪੰਚ ਨੇ ਇਹ ਕੰਮ ਕਰਾਉਣ ਤੋਂ ਪਹਿਲਾਂ ਪੰਚਾਇਤੀ ਰਾਜ ਵਿਭਾਗ ਤੋਂ ਕੋਈ ਵੀ ਤਕਨੀਕੀ ਪ੍ਰਵਾਨਗੀ ਨਹੀਂ ਲਈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਿਨਾਂ ਕਿਸੇ ਅਧਿਕਾਰੀ ਦੀ ਮਨਜ਼ੂਰੀ ਦੇ ਸਕੂਲ ਗਰਾਊਂਡ ਦੀ ਚਾਰਦੀਵਾਰੀ ਨੂੰ ਵੀ ਢਾਹ ਦਿੱਤਾ ਸੀ। ਇਹ ਸਾਰੇ ਕੰਮ ਨਿਯਮਾਂ ਦੀ ਉਲੰਘਣਾ ਸਨ। ਉੱਪ-ਮੰਡਲ ਮੈਜਿਸਟਰੇਟ ਫ਼ਿਰੋਜ਼ਪੁਰ ਦੇ ਦਫ਼ਤਰ ਵੱਲੋਂ ਵੀ ਇਸ ਮਾਮਲੇ ਦੀ ਜਾਂਚ ਕੀਤੀ ਗਈ। ਉਨ੍ਹਾਂ ਆਪਣੀਆਂ ਰਿਪੋਰਟਾਂ ਵਿੱਚ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕੀਤੀ। ਨਾਇਬ ਤਹਿਸੀਲਦਾਰ ਫ਼ਿਰੋਜ਼ਪੁਰ ਦੀ ਰਿਪੋਰਟ ਵਿੱਚ ਵੀ ਇਹ ਦਰਜ ਹੈ ਕਿ ਮੌਕੇ 'ਤੇ ਖੇਤਰ 19//15 (6-2) ਵਿੱਚ ਛੱਪੜ ਪੁੱਟਿਆ ਗਿਆ ਹੈ ਤੇ ਮਿੱਟੀ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਹਨ, ਜਿਸ ਨਾਲ ਸਰਕਾਰੀ ਜਾਇਦਾਦ ਦਾ ਨੁਕਸਾਨ ਹੋਇਆ ਹੈ। ਡੀਡੀਪੀਓ ਨੇ ਦੱਸਿਆ ਕਿ ਦੋਸ਼ ਸਿੱਧ ਹੋਣ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ, ਕਿਉਂਕਿ ਅਜਿਹੇ ਦੋਸ਼ੀ ਸਰਪੰਚ ਦਾ ਆਪਣੇ ਅਹੁਦੇ 'ਤੇ ਬਣੇ ਰਹਿਣਾ ਲੋਕ ਹਿੱਤ ਵਿੱਚ ਨਹੀਂ ਹੈ। ਇਹ ਹੁਕਮ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤੇ ਗਏ ਹਨ।

# ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਏਡੀਸੀ ਦਫਤਰ ਅੱਗੇ ਧਰਨਾ




ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਨਰੇਗਾ ਵਰਕਰ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਬੀਡੀਪੀਓ ਦਫਤਰਾਂ ਸਾਹਮਣੇ ਪੁਤਲਾ ਫੂਕ ਪ੍ਰਦਰਸ਼ਨ ਦੀ ਕੜੀ ਤਹਿਤ ਮੁਕਤਸਰ ਸਾਹਿਬ ਤਹਿਸੀਲ ਦੇ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਪਹੁੰਚੇ ਨਰੇਗਾ ਮਜ਼ਦੂਰਾਂ ਨੇ ਪਹਿਲਾਂ ਏਡੀਸੀ ਦਫਤਰ ਸਾਹਮਣੇ ਵਿਸ਼ਾਲ ਇਕੱਠ ਕਰਕੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਵਿਰੁੱਧ ਨਰੇਗਾ ਦਾ ਕੰਮ ਬੰਦ ਕਰਨ ਤਹਿਤ ਰੋਸ ਰੈਲੀ ਕੀਤੀ ਗਈ ਅਤੇ ਮਜ਼ਦੂਰ ਮੰਗਾਂ ਲਈ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਮਨਰੇਗਾ ਵਰਕਰ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ, ਆਰ ਐੱਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਜਗਜੀਤ ਸਿੰਘ ਜੱਸੇਆਣਾ, ਨਰੇਗਾ ਵਰਕਰ ਯੂਨੀਅਨ ਦੇ ਜ਼ਿਲ੍ਹਾ ਪੱਧਰੀ ਆਗੂ ਕਾਰਜ ਸਿੰਘ ਗੁੜੀ ਸੰਘਰ, ਗੁਰਦੀਪ ਸਿੰਘ ਤੇ ਕਰਨਵੀਰ ਸਿੰਘ ਕਾਨਿਆਂ ਵਾਲੀ, ਸੁਖਦੇਵ ਸਿੰਘ ਸਾਬਕਾ ਮੈਂਬਰ ਪੰਨੀਵਾਲਾ ਫੱਤਾ ਤੇ ਗੁਰਵਿੰਦਰ ਸਿੰਘ ਧੂੜੀਆ ਨੇ ਸੰਬੋਧਨ ਕਰਦਿਆਂ ਮੋਦੀ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਚੇਤਾਵਨੀ ਭਰੇ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਵਿੱਚ ਨਰੇਗਾ ਦਾ ਬੰਦ ਕੀਤਾ ਗਿਆ ਕੰਮ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਇਗਾ, ਸਗੋਂ ਕੰਮ ਬੰਦ ਕਰਨ ਵਿਰੁੱਧ ਮੋਦੀ ਸਰਕਾਰ ਖਿਲਾਫ ਜ਼ੋਰਦਾਰ ਸੰਘਰਸ਼ ਆਰੰਭ ਕੀਤਾ ਜਾਵੇਗਾ ਅਤੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਲਈ ਦੂਸਰੀਆਂ ਮਜ਼ਦੂਰ ਜਥੇਬੰਦੀਆਂ ਨਾਲ ਸਾਂਝਾ ਮੋਰਚਾ ਬਣਾ ਕੇ ਮੁਹਿੰਮ ਨੂੰ ਤੇਜ਼ ਕੀਤਾ ਜਾਵੇਗਾ। ਉਕਤ ਆਗੂਆਂ ਨੇ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ 100 ਦਿਨ ਦੀ ਬਜਾਏ ਮਜ਼ਦੂਰਾਂ ਨੂੰ 365 ਦਿਨ ਹਰ ਹਾਲ 'ਚ ਕੰਮ ਦੇਵੇ ਅਤੇ ਸਾਰੇ ਪਰਵਾਰ ਨੂੰ ਕੰਮ ਮਿਲਣਾ ਚਾਹੀਦਾ, ਕੰਮ ਨਹੀਂ ਤਾਂ ਪੌਣੀ ਦਿਹਾੜੀ ਦਾ ਬੇਰੁਜ਼ਗਾਰੀ ਭੱਤਾ ਮਿਲਣਾ ਚਾਹੀਦਾ ਅਤੇ ਜਿੱਥੇ ਮਜ਼ਦੂਰ ਕੰਮ ਕਰਦੇ ਹਨ, ਉੱਥੇ ਹੀ ਮਜ਼ਦੂਰਾਂ ਦੀ ਹਾਜ਼ਰੀ ਲਾਉਣੀ ਚਾਹੀਦੀ ਹੈ।

ਨਰੇਗਾ ਵਿੱਚ ਪਿੰਡਾਂ ਦੇ ਸਿਆਸੀ ਚੌਧਰੀਆਂ ਦੀ ਦਾਖਲ ਅੰਦਾਜ਼ੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਨੂੰ ਸਰਕਾਰ ਬੰਦ ਕਰਾਵੇ। ਇਸੇ ਤਰ੍ਹਾਂ ਨਰੇਗਾ ਮਜ਼ਦੂਰਾਂ ਨੂੰ ਡਾਕਟਰ ਸਹੂਲਤਾਂ, ਪੀਣ ਵਾਲਾ ਪਾਣੀ ਤੇ ਕੰਮ ਕਰਨ ਵਾਲੇ ਸੰਦ ਵਗੈਰਾ ਹਰ ਕੀਮਤ 'ਤੇ ਦਿੱਤੇ ਜਾਣੇ ਚਾਹੀਦੇ ਹਨ। ਅੰਤ ਵਿੱਚ ਮੰਗ ਪੱਤਰ ਸੌਂਪਿਆ ਗਿਆ ਅਤੇ ਕਿਹਾ ਗਿਆ ਕਿ ਨਰੇਗਾ ਦਾ ਹੱਕ ਖੋਹਣ ਵਾਲੀਆਂ ਸਰਕਾਰਾਂ ਦਾ ਪਿੰਡ ਪਿੰਡ ਵਿਰੋਧ ਕੀਤਾ ਜਾਵੇਗਾ।

# ਦੁਕਾਨ ਮਕਾਨ ਬਚਾਓ ਸੰਘਰਸ਼ ਕਮੇਟੀ ਤੇ ਏਕਤਾ ਉਗਰਾਹਾਂ ਵੱਲੋਂ ਦੁੱਨੇਕੇ 'ਚ ਰੋਸ ਪ੍ਰਦਰਸ਼ਨ



ਮੋਗਾ (ਇਕਬਾਲ ਸਿੰਘ ਖਹਿਰਾ)

ਦੁਕਾਨ ਮਕਾਨ ਬਚਾਓ ਸੰਘਰਸ਼ ਕਮੇਟੀ ਦੁੱਨੇਕੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਦੁੱਨੇਕੇ ਵਿਖੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ ਦੀ ਅਗਵਾਈ ਵਿੱਚ ਭਾਰਤਮਾਲਾ ਪ੍ਰਜੈਕਟ ਅਧੀਨ ਹੋ ਰਹੇ ਉਜਾੜੇ ਦੇ ਵਿਰੋਧ ਵਿੱਚ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ।

ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਮੋਗਾ-2 ਪ੍ਰਧਾਨ ਇਕਬਾਲ ਸਿੰਘ ਸਿੰਘਾਂਵਾਲਾ ਨੇ ਕਿਹਾ ਕਿ ਇਹ ਆਮ ਲੋਕਾਂ ਨਾਲ ਬਹੁਤ ਵੱਡਾ ਧੱਕਾ ਹੈ ਕਿ ਸਰਕਾਰ ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤੇ ਬਿਨਾਂ ਉਨ੍ਹਾਂ ਦੇ ਘਰ ਢਾਅ ਰਹੀ ਹੈ।ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਦੀ ਧੱਕੇਸ਼ਾਹੀ ਦਾ ਆਲਮ ਇਹ ਹੈ ਕਿ ਲੋਕਾਂ ਦੇ ਮੋਗਾ-ਫਿਰੋਜ਼ਪੁਰ ਰੋਡ ਤੇ ਬਣੇ ਕੀਮਤੀ ਮਕਾਨਾਂ ਨੂੰ ਵੀ ਚਾਹੀ ਜ਼ਮੀਨ ਦਿਖਾ ਆਪਣੀ ਮਰਜ਼ੀ ਨਾਲ ਨਿਗੂਣਾ ਮੁਆਵਜ਼ਾ ਤਹਿ ਕਰ ਲੋਕਾਂ ਦੇ ਘਰ ਤਹਿਸ ਨਹਿਸ ਕੀਤੇ ਜਾ ਰਹੇ ਹਨ। ਬਲਾਕ ਮੋਗਾ ਵੰਨ ਪ੍ਰਧਾਨ ਜਗਜੀਤ ਸਿੰਘ ਮੱਦੋਕੇ, ਬਲਾਕ ਧਰਮਕੋਟ ਦੇ ਪ੍ਰਧਾਨ ਗੁਰਦੇਵ ਸਿੰਘ ਕਿਸ਼ਨਪੁਰਾ, ਬਲਾਕ ਨਿਹਾਲ ਸਿੰਘ ਵਾਲਾ ਦੇ ਸਕੱਤਰ ਬੂਟਾ ਸਿੰਘ ਭਾਗੀਕੇ ਨੇ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਜਦੋਂ ਤੱਕ ਮਕਾਨਾਂ ਦਾ ਸਹੀ ਮੁਆਵਜ਼ਾ ਸਰਕਾਰ ਵੱਲੋਂ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।ਇਸ ਮੌਕੇ ਉਕਤ ਤੋਂ ਇਲਾਵਾ ਕਪਤਾਨ ਸਿੰਘ, ਸੁਖਜੀਤ ਸਿੰਘ, ਜਸਵਿੰਦਰ ਸਿੰਘ ਸ਼ਿੰਦਾ, ਜਸਵਿੰਦਰ ਸਿੰਘ, ਜਸਵੰਤ ਸਿੰਘ, ਜਗਜੀਤ ਸਿੰਘ ਕੋਕਰੀ ਤੇ ਜੀਤ ਸਿੰਘ ਡੇਮਰੂ ਨੇ ਵੀ ਸੰਬੋਧਨ ਕੀਤਾ।

# ਭਾਜਪਾ ਦੀ ਬੀ ਟੀਮ ਵਜੋਂ ਕੰਮ ਕਰ ਰਹੇ ਮੁੱਖ ਮੰਤਰੀ ਭਗਵੰਤ ਮਾਨ : ਡਾਲਵੀਆ

## ਹੜ੍ਹਾਂ ਨੂੰ ਕੁਦਰਤੀ ਆਫਤ ਵਜੋਂ ਐਲਾਨ ਕਰੇ ਮਾਨ ਸਰਕਾਰ, ਫਿਰ ਮਿਲੇਗਾ ਕੇਂਦਰੀ ਫੰਡ : ਪ੍ਰਗਟ ਸਿੰਘ



ਬਠਿੰਡਾ (ਪਰਵਿੰਦਰ ਜੀਤ ਸਿੰਘ)

ਆਲ ਇੰਡੀਆ ਕਾਂਗਰਸ ਕਮੇਟੀ ਦੇ ਸੈਕਟਰੀ ਪੰਜਾਬ ਦੇ ਸਹਿ ਇੰਚਾਰਜ ਰਵਿੰਦਰ ਰਾਓ ਉੱਤਮ ਡਾਲਵੀਆ ਤੇ ਵਿਧਾਇਕ ਪ੍ਰਗਟ ਸਿੰਘ ਸ਼ੁੱਕਰਵਾਰ ਬਠਿੰਡਾ ਪਹੁੰਚੇ, ਜਿੱਥੇ ਉਨ੍ਹਾਂ ਪ੍ਰੈੱਸ ਕਾਨਫਰੰਸ ਕਰਕੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ 'ਤੇ ਗੰਭੀਰ ਇਲਜ਼ਾਮ ਲਾਉਂਦਿਆਂ ਪੰਜਾਬ ਵਿੱਚ ਹੜ੍ਹਾਂ ਨਾਲ ਹੋ ਰਹੇ ਨੁਕਸਾਨ ਨੂੰ ਦੋਨਾਂ ਸਰਕਾਰਾਂ ਦੀ ਮਿਲੀਭੁਗਤ ਕਰਾਰ ਦਿੱਤਾ।ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਕਾਂਗਰਸੀ ਆਗੂ ਹਰਦੀਪ ਸਿੰਘ ਕਿੰਗਰਾ, ਜ਼ਿਲ੍ਹਾ ਪ੍ਰਧਾਨ ਬਠਿੰਡਾ ਸ਼ਹਿਰੀ ਰਾਜਨ ਗਰਗ, ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਖੁਸ਼ਬਾਜ ਸਿੰਘ ਜਟਾਣਾ, ਡਾਇਰੈਕਟਰ ਮਾਰਕਫੈੱਡ ਟਹਿਲ ਸਿੰਘ ਸੰਧੂ, ਰਣਜੀਤ ਸਿੰਘ ਗਹਿਰੀ, ਮੀਤ ਪ੍ਰਧਾਨ ਰੁਪਿੰਦਰ ਬਿੰਦਰਾ, ਬਲਾਕ ਪ੍ਰਧਾਨ ਮਾਧੋ ਸ਼ਰਮਾ ਤੇ ਯੂਥ ਕਾਂਗਰਸ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਕੀ ਸਮੇਤ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ। ਇਸ ਮੌਕੇ ਰਵਿੰਦਰ ਡਾਲਵੀਆਂ ਨੇ ਕਿਹਾ ਕਿ ਭਾਜਪਾ ਸਿਆਸੀ ਖੇਡਾਂ ਕਰਕੇ ਪਾਣੀ ਨਾਲ ਪੰਜਾਬ ਨੂੰ ਡੋਬਣਾ ਚਾਹੁੰਦੀ ਹੈ ਤਾਂ ਜੋ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋ ਸਕੇ, ਇਸ ਦੀ ਹਮਾਇਤ ਮੁੱਖ ਮੰਤਰੀ ਭਗਵੰਤ ਮਾਨ ਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਕਰ ਰਹੇ ਹਨ, ਕਿਉਂਕਿ ਆਪ ਭਾਜਪਾ ਦੀ ਬੀ ਟੀਮ ਵਜੋਂ ਕੰਮ ਕਰ ਰਹੀ ਹੈ ਅਤੇ ਮਿਲੀਭੁਗਤ ਕਰਕੇ ਹੀ ਸੂਬੇ ਦਾ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੋਟ ਚੋਰੀ ਨਾਲ ਸੱਤਾ 'ਤੇ ਕਾਬਜ਼ ਹੋ ਰਹੇ ਹਨ, ਪਰ ਹੁਣ ਇਨ੍ਹਾਂ ਦੀਆਂ ਸਿਆਸੀ ਖੇਡਾਂ ਨਹੀਂ ਚੱਲਣਗੀਆਂ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾ ਅਰਜਨ ਖੜਗੇ ਦੀ ਅਗਵਾਈ ਵਿੱਚ ਕਾਂਗਰਸ ਸੰਵਿਧਾਨ ਨੂੰ ਬਚਾਉਣ ਤੇ ਸਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰਨ ਲਈ ਵਚਨਬੱਧ ਹੈ ਅਤੇ ਮੋਦੀ ਸਰਕਾਰ ਤੇ ਮਾਨ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

ਇਸ ਮੌਕੇ ਵਿਧਾਇਕ ਪ੍ਰਗਟ ਸਿੰਘ ਨੇ ਕਿਹਾ ਕਿ ਜਦੋਂ ਤੱਕ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਕੁਦਰਤੀ ਆਫਤ ਦਾ ਐਲਾਨ ਨਹੀਂ ਕਰਦੀ, ਉਦੋਂ ਤੱਕ ਕੇਂਦਰੀ ਫੰਡ ਨਹੀਂ ਮਿਲੇਗਾ।ਉਨ੍ਹਾਂ ਦੋਸ਼ ਲਾਇਆ ਕਿ ਹੁਣ ਤੱਕ ਮਾਨ ਸਰਕਾਰ ਨੇ ਕਦੇ ਵੀ ਹੜ੍ਹਾਂ ਦੀ ਰੋਕਥਾਮ ਲਈ ਸਬੰਧਤ ਵਿਭਾਗਾਂ ਦੀਆਂ ਕੋਈ ਮੀਟਿੰਗਾਂ ਨਹੀਂ ਕੀਤੀਆਂ ਤੇ ਨਾ ਹੀ ਹੜ੍ਹਾਂ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕੋਈ ਮੀਟਿੰਗਾਂ ਕੀਤੀਆਂ, ਜਿਸ ਕਰਕੇ ਅਚਨਚੇਤ ਆਏ ਇਸ ਹੜ੍ਹ ਤੇ ਸਿਆਸੀ ਦਖਲ ਅੰਦਾਜ਼ੀ ਕਰਕੇ ਸੂਬੇ ਦੇ ਹਾਲਾਤ ਵਿਗੜ ਗਏ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੁਰੰਤ ਆਪਣੀ ਜ਼ਿੰਮੇਵਾਰੀ ਸਮਝਣ ਤੇ ਹੋ ਰਹੇ ਨੁਕਸਾਨ 'ਤੇ ਤੁਰੰਤ ਮੁਆਵਜ਼ੇ ਦਾ ਐਲਾਨ ਕਰਨ ਅਤੇ ਕੁਦਰਤੀ ਆਫਤ ਐਲਾਨ ਕਰਕੇ ਕੇਂਦਰ ਤੋਂ ਫੰਡ ਮੰਗਣ।

## ਮਾਮਲਾ ਪੰਜਾਬੀ ਯੂਨੀਵਰਸਿਟੀ ਵਿਖੇ ਮਹਾਨ ਸ਼ਬਦ ਕੋਸ਼ ਦੀ ਬੇਅਦਬੀ ਦਾ

# ਪਸ਼ਚਾਤਾਪ ਦੀ ਅਰਦਾਸ ਉਪਰੰਤ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਗੋਇੰਦਵਾਲ ਸਾਹਿਬ ਭੇਜਿਆ

- ਮਹਾਨ ਕੋਸ਼ ਦੀ ਬੇਅਦਬੀ ਕਰਨ ਕਰਵਾਉਣ ਵਾਲਿਆਂ ਖਿਲਾਫ ਹੋਵੇ ਸਖਤ ਕਾਰਵਾਈ : ਗੜ੍ਹੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਿੱਖ ਪੰਥ ਦੇ ਅਹਿਮ ਸ੍ਰੋਤ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) ਦੀ ਹੋਈ ਬੇਅਦਬੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ।ਸ਼ੁੱਕਰਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ੍ਰ. ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ 'ਚ ਇੱਕ ਵਿਸ਼ੇਸ਼ ਵਫਦ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਵਿਖੇ ਪਹੁੰਚਿਆ, ਜਿੱਥੇ ਸਬੰਧਤ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਗਈ।

ਦੱਸ ਦੇਈਏ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਯੂਨੀਵਰਸਿਟੀ ਵੱਲੋਂ ਮਹਾਨ ਕੋਸ਼ ਨੂੰ ਆਪਣੇ ਲੋਗੋ 'ਤੇ ਛਾਪਣ ਲਈ ਪ੍ਰੋਜੈਕਟ ਚੱਲ ਰਿਹਾ ਸੀ।ਇਸ ਦੌਰਾਨ ਜੋ ਮਹਾਨ ਕੋਸ਼ ਛਾਪਿਆ ਗਿਆ ਉਸ 'ਚ ਤਰੁੱਟੀਆਂ ਦੀ ਭਰਮਾਰ ਸਾਹਮਣੇ ਆਈ, ਜਿਸ ਤੋਂ ਬਾਅਦ ਯੂਨੀਵਰਸਿਟੀ ਵੱਲੋਂ ਕਮੇਟੀ ਦਾ ਗਠਨ ਕੀਤਾ ਗਿਆ।ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਦੀ ਅਗਵਾਈ 'ਚ ਯੂਨੀਵਰਸਿਟੀ ਵੱਲੋਂ ਇਸ ਮਹਾਨ ਕੋਸ਼ ਨੂੰ ਨਸ਼ਟ ਕਰਨ ਲਈ ਕਾਰਵਾਈ ਅਰੰਭੀ ਗਈ, ਜਿਸ ਤੋਂ ਬਾਅਦ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਯੂਨੀਵਰਸਿਟੀ ਦੇ ਅੰਦਰ ਹੀ ਇੱਕ ਵੱਡਾ ਟੋਆ ਪੁੱਟ ਕੇ ਉਸ 'ਚ ਪਾਣੀ ਛੱਡ ਕੇ ਮਹਾਨ ਕੋਸ਼ ਦੀਆਂ ਹਜ਼ਾਰਾਂ ਕਾਪੀਆਂ ਸੁੱਟ ਦਿੱਤੀਆਂ ਗਈਆਂ।ਜ਼ਿਕਰਏ ਖਾਸ ਹੈ ਕਿ ਮਹਾਨ ਕੋਸ਼ ਅੰਦਰ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ਤੇ ਹੋਰ ਗ੍ਰੰਥਾਂ ਵਿੱਚੋਂ ਸ਼ਬਦ ਹਨ ਨਾਲ ਹੋਰ ਧਰਮਾਂ ਸਬੰਧੀ ਵੀ ਸ਼ਬਦ ਤੇ ਜਾਣਕਾਰੀ ਮੌਜੂਦ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ੍ਰ. ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ 'ਚ ਪਹੁੰਚੇ ਵਫਦ ਵੱਲੋਂ ਇਸ ਘਟਨਾ ਦੀ ਨਿੰਦਾ ਕਰਦਿਆਂ ਸਖਤ ਕਾਰਵਾਈ ਦੀ ਮੰਗ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪਹੁੰਚੇ ਗੁ. ਦੂਖ ਨਿਵਾਰਨ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਜੀ ਨੇ ਪਸ਼ਚਾਤਾਪ ਦੀ ਅਰਦਾਸ ਕਰਦਿਆਂ ਸੇਵਾ ਅਰੰਭ ਕਰਵਾਈ ਤੇ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਸਸਕਾਰ ਲਈ ਗੋਇੰਦਵਾਲ ਸਾਹਿਬ ਲੈ ਜਾਇਆ ਗਿਆ।ਇਸ ਮੌਕੇ ਬੋਲਦਿਆਂ ਸ੍ਰ. ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਜਦੋਂ ਕੋਈ ਵੀ ਧਾਰਮਿਕ ਗ੍ਰੰਥ , ਪੋਥੀ ਜਾਂ ਸ੍ਰੋਤ ਪੁਸਤਕਾਂ ਨੂੰ ਨਸ਼ਟ ਕੀਤਾ ਜਾਂਦਾ ਹੈ ਤਾਂ ਉਸ ਦਾ ਕੋਈ ਵਿਧੀ ਵਿਧਾਨ ਹੁੰਦਾ ਹੈ ਇਹ ਕੋਈ ਆਮ ਪੁਸਤਕ ਨਹੀਂ ਹੁੰਦੀ।ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ।ਇਸੇ ਤਰ੍ਹਾਂ ਸਿੱਖੀ ਅੰਦਰ ਇਹ ਵਿਧਾਨ ਹੈ ਕਿ ਇਤਿਹਾਸਿਕ ਗ੍ਰੰਥਾਂ ਪੋਥੀਆਂ ਤੇ ਪੁਸਤਕਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਲੈ ਜਾਇਆ ਜਾਂਦਾ ਹੈ, ਜਿੱਥੇ ਪਾਵਨ ਮਰਯਾਦਾ ਅਨੁਸਾਰ ਸਸਕਾਰ ਹੁੰਦਾ ਹੈ।ਇੱਥੇ ਵੀ ਅਜਿਹਾ ਹੋਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਹੈ, ਪਰ ਯੂਨੀ. ਅਧਿਕਾਰੀਆਂ ਵੱਲੋਂ ਸੰਸਥਾ ਨੂੰ ਇਤਲਾਹ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ।ਉਨ੍ਹਾਂ ਕਿਹਾ ਕਿ ਜੇਕਰ ਕੋਈ ਗਲਤੀ ਹੋਈ ਸੀ ਉਸ ਨੂੰ ਨਸ਼ਟ ਕੀਤਾ ਜਾਣਾ ਸੀ ਤਾਂ ਸੰਸਥਾ ਨਾਲ ਗੱਲ ਕਰਦੇ ਤੇ ਸੰਸਥਾ ਵੱਲੋਂ ਗੋਇੰਦਵਾਲ ਸਾਹਿਬ ਵਿਖੇ ਪੂਰੀ ਮਰਯਾਦਾ ਅਨੁਸਾਰ ਸਸਕਾਰ ਕੀਤਾ ਜਾਂਦਾ।

ਸ. ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਜਿਸ ਯੂਨੀਵਰਸਿਟੀ ਦੇ ਵਿਦਵਾਨਾਂ ਤੋਂ ਸਮੁੱਚਾ ਪੰਥ ਸੇਧ ਲੈਂਦਾ ਹੈ, ਉੱਥੇ ਹੀ ਅਜਿਹੀ ਘਟਨਾ ਵਾਪਰੇ ਇਹ ਅੱਤ ਨਿੰਦਣਯੋਗ ਹੈ।ਇਸ ਮੌਕੇ ਯੂਨਾਇਟਡ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਸ. ਸੁਰਜੀਤ ਸਿੰਘ ਗੜ੍ਹੀ ਤੇ ਹੋਰਨਾਂ ਮੈਂਬਰਾਂ ਵੱਲੋਂ ਸਾਥ ਲਈ ਧੰਨਵਾਦ ਕੀਤਾ ਗਿਆ।ਯੂਨਾਇਟਡ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਜੁਗਰਾਜ ਸਿੰਘ ਮਝੈਲ ਨੇ ਦੱਸਿਆ ਕਿ ਅੱਜ ਲੋੜ ਹੈ ਕਿ ਯੂਨੀ. 'ਚ ਮੌਜੂਦ ਇਤਿਹਾਸਕ ਖਜ਼ਾਨੇ ਦੀ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ ਜਾਵੇ।ਇਸ ਦੇ ਨਾਲ ਹੀ ਯੂਨੀ. ਦੇ ਵਿਦਿਆਰਥੀ ਸ੍ਰ. ਯਾਦਵਿੰਦਰ ਸਿੰਘ ਨੇ ਮੰਗ ਕੀਤੀ ਜਿੱਥੇ ਇਸ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ, ਉਥੇ ਮਹਾਨ ਕੋਸ਼ ਤਿਆਰ ਕਰਨ ਵਾਲੇ ਅਧਿਕਾਰੀਆਂ ਖਿਲਾਫ ਵੀ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ।ਇਸ ਮੌਕੇ ਸ. ਸੁਰਜੀਤ ਸਿੰਘ ਗੜ੍ਹੀ ਅੰਤ੍ਰਿੰਗ ਕਮੇਟੀ ਮੈਂਬਰ ਸ਼੍ਰੋਮਣੀ ਕਮੇਟੀ, ਗਿਆਨੀ ਪ੍ਰਨਾਮ ਸਿੰਘ ਮੁੱਖ ਗ੍ਰੰਥੀ ਗੁ. ਦੂਖ ਨਿਵਾਰਨ ਸਾਹਿਬ, ਗਿਆਨੀ ਅਵਤਾਰ ਸਿੰਘ ਮੁੱਖ ਗ੍ਰੰਥੀ ਗੁ. ਪਾਤਸ਼ਾਹੀ ਨੌਂਵੀ ਬਹਾਦਰਗੜ੍ਹ ਪਟਿਆਲਾ, ਸ. ਭਾਗ ਸਿੰਘ ਮੈਨੇਜਰ ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਸਮੇਤ ਵੱਡੀ ਗਿਣਤੀ 'ਚ ਸੰਗਤ ਮੌਜੂਦ ਰਹੀ।

# ਗਹਿਰਾ ਅਫ਼ਸੋਸ, ਅਣਜਾਣੇ 'ਚ ਹੋਈ ਭੁੱਲ : ਵੀ ਸੀ

ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਵਿੱਚ ਮਹਾਨ ਕੋਸ਼ ਦੱਬਣ ਦੇ ਮਾਮਲੇ ਵਿੱਚ ਵਾਈਸ ਚਾਂਸਲਰ ਜਗਦੀਪ ਸਿੰਘ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਗਹਿਰਾ ਅਫ਼ਸੋਸ ਹੈ।ਇਹ ਅਣਜਾਣੇ ਵਿੱਚ ਭੁੱਲ ਹੋਈ ਹੈ।ਵਾਈਸ ਚਾਂਸਲਰ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਤਕਰੀਬਨ 16 ਸਾਲ ਪਹਿਲਾਂ ਪ੍ਰਕਾਸ਼ਿਤ ਕੀਤੇ ਗਏ ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਦੇ ਗ਼ਲਤੀਆਂ ਵਾਲ਼ੇ ਰੂਪ ਨੂੰ ਸਮੇਟਣ ਹਿੱਤ ਅਪਣਾਈ ਗਈ ਵਿਧੀ ਸਬੰਧੀ ਕੁੱਝ ਸੰਵੇਦਨਸ਼ੀਲ ਹਿਰਦਿਆਂ ਨੂੰ ਠੇਸ ਪਹੁੰਚੀ ਹੈ।ਮੈਨੂੰ ਇਸ ਗੱਲ ਦਾ ਗਹਿਰਾ ਅਫ਼ਸੋਸ ਹੈ।ਜੋ ਵੀ ਵਾਪਰਿਆ ਉਸ ਪਿੱਛੇ ਕੋਈ ਸਾਜ਼ਿਸ਼ ਜਾਂ ਗ਼ਲਤ ਮਨਸ਼ਾ ਨਹੀਂ ਸੀ, ਇਹ ਅਣਜਾਣੇ ਵਿੱਚ ਹੋਈ ਭੁੱਲ ਹੈ।ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ 2006 ਦੌਰਾਨ ਅੰਗਰੇਜ਼ੀ ਵਿੱਚ, 2009 ਦੌਰਾਨ ਪੰਜਾਬੀ ਵਿੱਚ ਅਤੇ 2013 ਦੌਰਾਨ ਹਿੰਦੀ ਵਿੱਚ ਪ੍ਰਕਾਸ਼ਿਤ ਕੀਤੇ ਗਏ 'ਮਹਾਨ ਕੋਸ਼' ਵਿੱਚ ਗ਼ਲਤੀਆਂ ਹੋਣ ਸਬੰਧੀ ਮੁੱਦਾ ਪਿਛਲੇ ਸਾਲਾਂ ਦੌਰਾਨ ਲਗਾਤਾਰ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ।ਯੂਨੀਵਰਸਿਟੀ ਨੇ 2019 ਵਿੱਚ ਇਸ ਕੋਸ਼ ਦੀ ਵਿੱਕਰੀ ਬੰਦ ਕਰਦਿਆਂ ਇਸ ਨੂੰ ਵਿੱਕਰੀ ਕੇਂਦਰਾਂ ਤੋਂ ਵਾਪਸ ਮੰਗਵਾ ਲਿਆ ਸੀ।ਇਸ ਮਸਲੇ ਦੇ ਹੱਲ ਲਈ ਮੌਜੂਦਾ ਪੰਜਾਬ ਸਰਕਾਰ ਸੁਹਿਰਦਤਾ ਨਾਲ਼ ਵਿਚਾਰ ਕਰ ਰਹੀ ਸੀ।ਸਰਕਾਰ ਵੱਲੋਂ ਗਠਿਤ ਹਾਈ ਲੈਵਲ ਕਮੇਟੀ ਲਗਾਤਾਰ ਇਕੱਤਰਤਾਵਾਂ ਕਰ ਕੇ ਵਿਚਾਰ ਚਰਚਾ ਕਰ ਰਹੀ ਸੀ। ਇਸ ਕਮੇਟੀ ਦੀ ਹਾਲ ਹੀ ਵਿੱਚ 5 ਅਗਸਤ 2025 ਨੂੰ ਹੋਈ ਮੀਟਿੰਗ ਵਿੱਚ ਇਹ ਫ਼ੈਸਲਾ ਹੋਇਆ ਸੀ ਕਿ ਗ਼ਲਤੀਆਂ ਵਾਲ਼ੇ ਇਸ ਸਾਰੇ ਭੰਡਾਰ ਨੂੰ 15 ਦਿਨਾਂ ਅੰਦਰ ਸਮੇਟ ਲਿਆ ਜਾਵੇ।ਅਜਿਹਾ ਕਰਨ ਪਿੱਛੇ ਇਰਾਦਾ ਬਿਲਕੁਲ ਨੇਕ ਸੀ।ਹੁਣ ਵਿਰੋਧ ਸਾਹਮਣੇ ਆਉਣ ਉੱਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਸਭ ਕਾਰਵਾਈ ਨੂੰ ਅੰਜਾਮ ਦਿੰਦਿਆਂ ਇਹ ਭੁੱਲ/ਉਕਾਈ ਹੋਈ ਹੈ ਕਿ ਇਸ ਮਕਸਦ ਸਬੰਧੀ ਸਿੱਖ ਰਹਿਤ ਮਰਿਆਦਾ ਵਾਲ਼ੀ ਵਿਧੀ ਅਪਣਾਈ ਜਾਣੀ ਚਾਹੀਦੀ ਸੀ।ਨੇਕ ਇਰਾਦੇ ਤਹਿਤ ਕਾਰਜ ਕਰਦਿਆਂ ਅਣਜਾਣੇ ਵਿੱਚ ਹੋਈ ਇਸ ਭੁੱਲ ਦਾ ਮੈਨੂੰ ਗਹਿਰਾ ਅਫ਼ਸੋਸ ਹੈ।

ਯੂਨੀਵਰਸਿਟੀ ਮੁਖੀ ਹੋਣ ਦੇ ਨਾਤੇ ਮੈਂ ਇਸ ਲਈ ਸਮੁੱਚੀ ਕੌਮ ਤੋਂ ਮੁਆਫ਼ੀ ਮੰਗਦਾ ਹਾਂ। ਅਥਾਰਿਟੀ ਹੁਣ ਇਸ ਕਾਰਜ ਨੂੰ ਸਿੱਖ ਮਰਿਆਦਾ ਤਹਿਤ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ ਪ੍ਰਾਪਤ ਕਰ ਕੇ ਹੀ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

### ਵੀਸੀ ਸਮੇਤ 4 ਖਿਲਾਫ ਮਾਮਲਾ ਦਰਜ

ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਵਿੱਚ ਮਹਾਨ ਕੋਸ਼ ਦੀਆਂ ਕਾਪੀਆਂ ਦੱਬਣ ਨੂੰ ਲੈ ਕੇ ਵੱਡੀ ਪੱਧਰ ਉੱਤੇ ਵਿਰੋਧ ਕੀਤਾ ਜਾ ਰਿਹਾ ਹੈ।

ਇਸ ਮਾਮਲੇ ਵਿੱਚ ਹੁਣ ਥਾਣਾ ਅਰਬਨ ਅਸਟੇਟ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਰਜਿਸਟਰਾਰ, ਡੀਨ ਅਕਾਦਮਿਕ ਤੇ ਪਬਲੀਕੇਸ਼ਨਜ਼ ਬਿਊਰੋ ਦੇ ਇੰਚਾਰਜ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

# ਦਿਮਾਗੀ ਤੌਰ 'ਤੇ ਪ੍ਰੇਸ਼ਾਨ ਔਰਤ ਰੇਲਗੱਡੀ ਤੋਂ ਗਾਇਬ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਰਹਿਣ ਵਾਲੀ 47 ਸਾਲਾ ਅਮਰਜੀਤ ਕੌਰ ਨਾਮ ਦੀ ਔਰਤ, ਜਿਸ ਨੂੰ ਦਿਮਾਗੀ ਪ੍ਰੇਸ਼ਾਨੀ ਸੀ, ਜਲੰਧਰ ਤੋਂ ਚੱਲੀ ਇੱਕ ਰੇਲਗੱਡੀ ਵਿੱਚੋਂ ਗਾਇਬ ਹੋ ਗਈ ਹੈ। ਪਰਵਾਰ ਨੇ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਫਿਰੋਜ਼ਪੁਰ ਥਾਣੇ ਵਿੱਚ ਦਰਜ ਕਰਵਾਈ ਹੈ। ਗਾਇਬ ਹੋਈ ਔਰਤ ਦੇ ਪੁੱਤਰ ਸਤਨਾਮ ਸਿੰਘ ਨੇ ਪੁਲਸ ਨੂੰ ਦਿੱਤੀ ਜਾਣਕਾਰੀ ਵਿੱਚ ਦੱਸਿਆ ਕਿ ਉਸ ਦੀ ਮਾਂ ਅਮਰਜੀਤ ਕੌਰ 13 ਜੁਲਾਈ 2025 ਨੂੰ ਆਪਣੇ ਭਤੀਜੇ ਗੁਰਦਿੱਤ ਸਿੰਘ ਤੇ ਉਸ ਦੀ ਪਤਨੀ ਨਾਲ ਜਲੰਧਰ ਤੋਂ ਰੇਲਗੱਡੀ ਵਿੱਚ ਸਵਾਰ ਹੋਈ ਸੀ। ਸਫ਼ਰ ਦੌਰਾਨ ਅਮਰਜੀਤ ਕੌਰ ਨੂੰ ਅਚਾਨਕ ਘਬਰਾਹਟ ਹੋਣ ਲੱਗੀ, ਜਿਸ 'ਤੇ ਉਸ ਦੇ ਭਤੀਜੇ ਨੇ ਉਸ ਨੂੰ ਪਾਣੀ ਪਿਲਾਇਆ। ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦੀ ਮਾਂ ਕੁਝ ਸਮੇਂ ਬਾਅਦ ਰੇਲਗੱਡੀ ਦੀ ਖਿੜਕੀ ਕੋਲ ਜਾ ਕੇ ਖੜ੍ਹ ਗਈ ਤੇ ਫਿਰ ਉੱਥੋਂ ਚਲੀ ਗਈ। ਜਦੋਂ ਉਹ ਸੁਲਤਾਨਪੁਰ ਲੋਧੀ ਪਹੁੰਚੇ ਤਾਂ ਪਤਾ ਲੱਗਾ ਕਿ ਅਮਰਜੀਤ ਕੌਰ ਡੱਬੇ ਵਿੱਚ ਮੌਜੂਦ ਨਹੀਂ ਸੀ। ਇਸ ਤੋਂ ਬਾਅਦ ਪਰਿਵਾਰ ਨੇ ਹਰ ਥਾਂ ਉਸ ਦੀ ਭਾਲ ਕੀਤੀ, ਪਰ ਉਹ ਨਹੀਂ ਮਿਲੀ। ਸਤਨਾਮ ਸਿੰਘ ਨੇ ਐੱਸਐੱਚਓ, ਸਿਟੀ ਥਾਣਾ ਫਿਰੋਜ਼ਪੁਰ ਸ਼ਹਿਰ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੀ ਮਾਂ ਦੀ ਗੁੰਮਸ਼ੁਦਗੀ ਸਬੰਧੀ ਮੁੱਢਲੀ ਰਿਪੋਰਟ ਦਰਜ ਕਰਨ ਦੀ ਕ੍ਰਿਪਾਲਤਾ ਕਰਨ। ਫਿਲਹਾਲ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਔਰਤ ਦੀ ਭਾਲ ਜਾਰੀ ਹੈ।

# ਰਾਹਤ ਕੈਂਪਾਂ 'ਚ ਭੁੱਖ ਨਾਲ ਤੜਫ ਰਹੇ ਨੇ ਹੜ੍ਹ ਪੀੜਤ

## ਪ੍ਰਸ਼ਾਸਨ ਨੇ ਛੱਡਿਆ ਅਧੂਰੇ ਹਾਲ 'ਚ !



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਲਗਾਤਾਰ ਭਾਰੀ ਬਰਸਾਤ ਤੇ ਸਤਲੁਜ ਨਦੀ ਦੇ ਵਧਦੇ ਪਾਣੀ ਕਾਰਨ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਹੜ੍ਹ ਨੇ ਕਹਿਰ ਮਚਾਇਆ ਹੋਇਆ ਹੈ। ਸਤਲੁਜ ਦੀਆਂ ਮਾਰੂ ਲਹਿਰਾਂ ਨਾਲ ਬਰਬਾਦੀ ਦੇ ਮੰਜਰਾਂ ਵਿੱਚ ਫਿਰੋਜ਼ਪੁਰ ਦੇ ਹੜ੍ਹ-ਪੀੜਤ ਲੋਕ ਹੁਣ ਰਾਹਤ ਕੈਂਪਾਂ ਵਿੱਚ ਵੀ ਤੜਫ ਰਹੇ ਹਨ। ਹੜ੍ਹ-ਪੀੜਤਾਂ ਨੂੰ ਰਾਹਤ ਦੇਣ ਲਈ ਪ੍ਰਸ਼ਾਸਨ ਵੱਲੋਂ 13 ਰਾਹਤ ਕੈਂਪ ਲਗਾਏ ਗਏ ਹਨ, ਜਿੱਥੇ ਲੱਗਭਗ 2,000 ਤੋਂ ਵੱਧ ਲੋਕ ਪਹੁੰਚਾਏ ਗਏ ਹਨ, ਪਰ ਇਹ ਕੈਂਪ ਆਪਣੇ ਮਕਸਦ 'ਤੇ ਖਰੇ ਨਹੀਂ ਉਤਰ ਰਹੇ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਜਿਸ ਨਾਲ ਸਰਕਾਰ ਵੱਲੋਂ 'ਰਾਹਤ' ਦੇ ਨਾਂ 'ਤੇ ਲਗਾਏ ਕੈਂਪ ਲੋਕਾਂ ਲਈ ਨਵੀਂ ਸਜ਼ਾ ਬਣ ਗਏ ਹਨ। ਰਾਹਤ ਕੈਂਪਾਂ ਵਿੱਚ ਲੋਕ ਰੋਟੀ ਤੇ ਪਾਣੀ ਲਈ ਤਰਸ ਰਹੇ ਹਨ। ਪਿੰਡ ਬਾਰੇ ਕੇ ਵਿਖੇ ਚੱਲ ਰਹੇ ਰਾਹਤ ਕੈਂਪ ਵਿੱਚ ਅੱਜ ਬਜ਼ੁਰਗ, ਬੱਚੇ ਤੇ ਮਹਿਲਾਵਾਂ ਨੂੰ ਦੁਪਹਿਰ ਤੱਕ ਵੀ ਖਾਣਾ ਨਹੀਂ ਮਿਲਿਆ। ਕਈ ਹੜ੍ਹ-ਪੀੜਤਾਂ ਦਾ ਕਹਿਣਾ ਹੈ ਕਿ ਜਦ ਤੱਕ ਮੁੱਖ ਮੰਤਰੀ ਦੇ ਦੌਰੇ ਦੀ ਉਮੀਦ ਸੀ ਤੱਦ ਤੱਕ ਖਾਣਾ ਮਿਲਦਾ ਰਿਹਾ, ਪਰ ਬਾਅਦ ਵਿੱਚ ਪ੍ਰਸ਼ਾਸਨ ਵੱਲੋਂ ਕੈਂਪਾਂ ਵਿੱਚੋਂ ਸਾਮਾਨ ਹਟਾ ਲਿਆ ਗਿਆ। ਕੈਂਪ ਵਿੱਚ ਰਹਿ ਰਹੇ ਪਿੰਡ ਟੇਢੀਵਾਲਾ ਦੇ ਵਸਨੀਕ ਮੱਖਣ ਸਿੰਘ, ਲੱਡੂ ਸਿੰਘ, ਰਮਨ ਕੌਰ, ਰਾਜ ਕੌਰ, ਸੀਮਾ ਰਾਣੀ ਆਦਿ ਹੋਰ ਵੀ ਕਈ ਪਿੰਡਾਂ ਦੇ ਲੋਕਾਂ ਨੇ ਪ੍ਰਸ਼ਾਸਨ ਵੱਲੋਂ ਜਾਰੀ ਸਹੂਲਤਾਂ ਦੀ ਕਮੀਆ ਬਾਰੇ ਦੱਸਿਆ ਹੈ। ਖਾਣਾ ਬਣਾਉਣ ਵਾਲੀਆਂ ਆਂਗਣਵਾੜੀ ਵਰਕਰਾਂ ਨੇ ਵੀ ਕਿਹਾ ਕਿ ਉਨ੍ਹਾਂ ਕੋਲ ਸਮੱਗਰੀ ਹੀ ਨਹੀਂ ਹੈ, ਇਸ ਕਰਕੇ ਉਹ ਭੋਜਨ ਤਿਆਰ ਨਹੀਂ ਕਰ ਸਕੀਆਂ।

ਕੈਂਪ ਵਿੱਚ ਰਹਿ ਰਹੀ ਇੱਕ ਬਜ਼ੁਰਗ ਔਰਤ ਨੇ ਦੱਸਿਆ ਕਿ ਉਸ ਨੂੰ ਖਾਣਾ ਖਾਣ ਤੋਂ ਬਾਅਦ ਦਵਾਈ ਲੈਣੀ ਹੁੰਦੀ ਹੈ, ਪਰ ਖਾਣਾ ਨਾ ਮਿਲਣ ਕਾਰਨ ਉਹ ਦਵਾਈ ਨਹੀਂ ਖਾ ਸਕੀ। ਹੋਰ ਲੋਕਾਂ ਨੇ ਵੀ ਸ਼ਿਕਾਇਤ ਕੀਤੀ ਕਿ ਅਧਿਕਾਰੀ ਸਿਰਫ਼ ਫੋਟੋਆਂ ਖਿੱਚਵਾ ਕੇ ਚਲੇ ਜਾਂਦੇ ਹਨ ਤੇ ਬਾਅਦ ਵਿੱਚ ਕਿਸੇ ਦੀ ਹਾਲਤ ਨਹੀਂ ਪੁੱਛਦੇ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਰਾਹਤ ਲਈ ਖਾਨ ਪੀਣ ਲਈ ਤੇ 160 ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਪਰ ਲੋਕਾਂ ਦਾ ਅਨੁਭਵ ਇਸ ਤੋਂ ਵੱਖਰਾ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਫੜੀ ਹੜ੍ਹ ਪੀੜਤਾਂ ਦੀ ਬਾਂਹ, 1.5 ਕਰੋੜ ਰਿਲੀਜ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਡਾ. ਐਸ ਪੀ ਸਿੰਘ ਓਬਰਾਏ ਦੀ ਅਗਵਾਈ ਹੇਠ ਕਾਰਜ ਕਰ ਰਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਅੰਦਰ ਹੜ੍ਹ ਪੀੜਤਾਂ ਦੀ ਮੱਦਦ ਲਈ ਵੱਡੀ ਪੱਧਰ 'ਤੇ ਇੰਤਜ਼ਾਮ ਕੀਤੇ ਜਾ ਰਹੇ ਹਨ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਟਰੱਸਟ ਤੋਂ ਮਿਲੀ ਜਾਣਕਾਰੀ ਅਨੁਸਾਰ ਡੇਢ ਕਰੋੜ ਰੁਪਏ ਤਰੁੰਤ ਜਾਰੀ ਕਰ ਦਿੱਤੇ ਗਏ ਹਨ ਤੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਲੋੜੀਂਦਾ ਸਮਾਨ (ਮੱਛਰਦਾਨੀ, ਕੰਬਲ, ਦਵਾਈਆਂ, ਰਾਸ਼ਣ ਕਿੱਟਾਂ, ਹਰਾ ਚਾਰਾ, ਤਰਪਾਲਾਂ, ਸਾਫ਼ ਪਾਣੀ) ਭੇਜਿਆ ਜਾ ਰਿਹਾ ਹੈ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਹੜ੍ਹ ਪੀੜਤ ਇਲਾਕਿਆਂ 'ਚ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਦਿਨ-ਰਾਤ ਕੰਮ ਕਰ ਰਹੀਆਂ ਹਨ ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੂਰੀ ਟੀਮ ਵੱਲੋਂ ਹੜ ਪੀੜ੍ਹਤਾਂ ਲਈ ਕੰਮ ਕਰ ਰਹੀਆਂ ਟਰੱਸਟ ਦੀਆਂ ਟੀਮਾਂ ਨੂੰ ਵਲੰਟੀਅਰ ਤੌਰ 'ਤੇ ਕੰਮ ਕਰਨ ਲਈ ਸਨੇਹੇ ਭੇਜ ਦਿੱਤੇ ਗਏ ਹਨ ਤਾਂ ਜੁ ਹੰਗਾਮੀ ਹਾਲਤ ਵਿੱਚ ਮੱਦਦ ਕੀਤੀ ਜਾ ਸਕੇ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਸਾਲਾਂ 'ਚ ਟਰੱਸਟ ਵੱਲੋਂ ਹੜ੍ਹਾਂ ਨਾਲ ਪ੍ਰਭਾਵਤ ਵੱਡੀ ਗਿਣਤੀ 'ਚ ਲੋਕਾਂ ਨੂੰ ਨਵੇਂ ਮਕਾਨ ਬਣਾ ਕੇ ਦਿੱਤੇ ਗਏ ਹਨ ਤੇ ਜ਼ਰੂਰਤ ਅਨੁਸਾਰ ਰਿਪੇਅਰ ਵੀ ਕਰਾਏ ਗਏ ਹਨ।ਦੱਸਣਾ ਬਣਦਾ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ ਇਹ ਸਾਰਾ ਖਰਚ ਡਾਕਟਰ ਓਬਰਾਏ ਵੱਲੋਂ ਅਪਣੀ ਨੇਕ ਕਮਾਈ 'ਚੋਂ 98% ਹਿੱਸਾ ਕੱਢ ਕੇ ਕੀਤਾ ਜਾਂਦਾ ਹੈ।

# ਤੇਜ਼ ਮੀਂਹ/ਹਨੇਰੀ ਕਾਰਨ ਗਰਗ ਐਗਰੋ ਫੂਡ ਦੀ ਕੰਧ ਡਿੱਗੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਗਰਗ ਐਗਰੋ ਫੂਡ ਘੋਲੀਆ ਕਲਾਂ (ਬਾਘਾ ਪੁਰਾਣਾ) ਦੀ ਕੰਧ ਤੇਜ਼ ਮੀਂਹ ਤੇ ਹਨੇਰੀ ਦੇ ਕਾਰਨ ਡਿੱਗ ਜਾਣ ਕਾਰਨ ਭਾਰੀ ਨੁਕਸਾਨ ਹੋਣ ਦਾ ਪਤਾ ਲੱਗਾ ਹੈ, ਜਿਸ ਵਿੱਚ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।ਜਾਣਕਾਰੀ ਦਿੰਦਿਆਂ ਗਰਗ ਐਗਰੋ ਫੂਡ ਦੇ ਮਾਲਕ ਲਲਿਤ ਕੁਮਾਰ ਗਰਗ ਨੇ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਪੈ ਰਹੀ ਲਗਾਤਾਰ ਬਾਰਿਸ਼ ਤੇ ਤੇਜ਼ ਹਨੇਰੀ ਕਾਰਨ ਐਗਰੋ ਫੂਡ ਦੀ 60 ਫੁੱਟ ਲੰਮੀ ਤੇ 10 ਫੁੱਟ ਉੱਚੀ ਕੰਧ ਡਿੱਗ ਨਾਲ ਉਨ੍ਹਾਂ ਦਾ ਭਾਰੀ ਨੁਕਸਾਨ ਹੋਇਆ ਹੈ, ਪਰ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਵੀ ਲਗਾਤਾਰ ਤੇਜ਼ ਬਾਰਿਸ਼ਾਂ ਜਾਂ ਹਨੇਰੀ ਝੱਖੜ ਆਉਂਦਾ ਹੈ ਤਾਂ ਉਨ੍ਹਾਂ ਦਾ ਭਾਰੀ ਨੁਕਸਾਨ ਹੋ ਜਾਂਦਾ ਹੈ।ਇਸ ਮੌਕੇ ਉਨ੍ਹਾਂ ਨਾਲ ਫੈਕਟਰੀ ਦੇ ਮਜ਼ਦੂਰ ਵੀ ਹਾਜ਼ਰ ਸਨ।


# ਟਰਾਂਸਫਾਰਮਰ ਚੋਰੀ ਗਰੋਹ ਬੇਨਕਾਬ, 25 ਕਿੱਲੋ ਤਾਂਬਾ ਬਰਾਮਦ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਟਰਾਂਸਫਾਰਮਰਾਂ 'ਚੋਂ ਤਾਂਬੇ ਦੀ ਚੋਰੀ ਕਰਨ ਵਾਲੇ ਗਰੋਹ ਨੂੰ ਬੇਨਕਾਬ ਕਰਦਿਆਂ 25 ਕਿੱਲੋ ਚੋਰੀਸ਼ੁਦਾ ਤਾਂਬਾ ਬਰਾਮਦ ਕੀਤਾ ਹੈ।ਇਹ ਕਾਰਵਾਈ ਡਾ. ਅਖਿਲ ਚੌਧਰੀ, ਆਈ.ਪੀ.ਐੱਸ., ਸੀਨੀਅਰ ਸੁਪਰਿੰਟੈਂਡੈਂਟ ਆਫ਼ ਪੁਲਸ ਦੀ ਅਗਵਾਈ ਤੇ ਐਸ.ਪੀ. (ਡੀ) ਅਤੇ ਡੀ.ਐਸ.ਪੀ. ਗਿੱਦੜਬਾਹਾ ਦੀ ਸੀਧੀ ਦੇਖ-ਰੇਖ ਹੇਠ ਜ਼ਿਲ੍ਹੇ ਵਿੱਚ ਚੋਰੀ ਤੇ



ਹੋਰ ਅਪਰਾਧਕ ਗਤੀਵਿਧੀਆਂ ਖ਼ਿਲਾਫ਼ ਚੱਲ ਰਹੀ ਮੁਹਿੰਮ ਦੌਰਾਨ 23 ਅਗਸਤ 2025 ਨੂੰ ਪੁਲਸ ਸਟੇਸ਼ਨ ਕੋਟਭਾਈ ਵਿੱਚ ਐੱਫ.ਆਈ.ਆਰ. ਦਰਜ ਕੀਤੀ ਗਈ, ਜਿਸ ਵਿੱਚ ਕੋਟਲੀ ਅਬਲੂ, ਮੈਲਾਂ, ਢੋਲਕੋਟ ਆਦਿ ਪਿੰਡਾਂ ਦੇ ਖੇਤਾਂ ਵਿੱਚ ਲਗੇ ਟਰਾਂਸਫਾਰਮਰਾਂ 'ਚੋਂ ਤਾਂਬੇ ਦੀ ਚੋਰੀ ਦੀ ਸ਼ਿਕਾਇਤ ਸੀ।ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਕਈ ਓਪਰੇਸ਼ਨ ਚਲਾਏ ਤੇ 08 ਮੁਲਜ਼ਮਾਂ ਦਾ ਪਤਾ ਲਗਾਇਆ, ਜਿਨ੍ਹਾਂ ਵਿੱਚੋਂ 3 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਵੱਲੋਂ ਗ੍ਰਿਫ਼ਤਾਰ ਮੁਲਜ਼ਮਾਂ ਕੋਲੋਂ 25 ਕਿੱਲੋ ਤਾਂਬਾ ਬਰਾਮਦ ਕੀਤਾ ਗਿਆ ਤੇ ਹੋਰ ਜਾਂਚ ਜਾਰੀ ਹੈ।

# ਯੂਥ ਕਾਂਗਰਸੀ ਆਗੂ ਤੇ ਕਬੱਡੀ ਕੋਚ 'ਤੇ ਦਰਜ ਪਰਚਾ ਤੁਰੰਤ ਰੱਦ ਕੀਤਾ ਜਾਵੇ : ਖਹਿਰਾ, ਬੜੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਕਾਂਗਰਸ ਪਾਰਟੀ ਦੇ ਆਗੂ ਬੰਨੀ ਖਹਿਰਾ, ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ ਦੀ ਅਗਵਾਈ ਹੇਠ ਇੱਕ ਵਫ਼ਦ ਥਾਣਾ ਠੁੱਲੀਵਾਲ ਦੇ ਅਧਿਕਾਰੀਆਂ ਨੂੰ ਮਿਲਿਆ। ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਗੁਰਮ 'ਚ ਵਾਪਰੀ ਕੁੱਟਮਾਰ ਦੀ ਘਟਨਾ 'ਚ ਸੱਤਾਧਾਰੀ ਧਿਰ ਦੀ ਸ਼ਹਿ ਉਪਰ ਯੂਥ ਕਾਂਗਰਸ ਦੇ ਬਲਾਕ ਪ੍ਰਧਾਨ ਨਵਦੀਪ ਸਿੰਘ ਨੰਨੂ ਤੇ ਕਾਂਗਰਸ ਬੀ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ, ਪ੍ਰਸਿੱਧ ਕਬੱਡੀ ਕੋਚ ਭਰਥ ਦਾਸ ਗੁਰਮ ਉਪਰ ਨਜਾਇਜ਼ ਪਰਚਾ ਦਰਜ ਕੀਤਾ ਗਿਆ ਹੈ। ਕਾਂਗਰਸ ਪਾਰਟੀ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਪੁਲਸ ਨੇ ਦਰਜ ਕੀਤੇ ਨਜਾਇਜ਼ ਪਰਚੇ ਨੂੰ 48 ਘੰਟਿਆਂ ਅੰਦਰ ਅੰਦਰ ਰੱਦ ਨਾ ਕੀਤਾ ਤਾਂ ਕਾਂਗਰਸ ਪਾਰਟੀ ਵੱਲੋਂ ਇਨਸਾਫ਼ ਲੈਣ ਲਈ ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਅਗਵਾਈ ਹੇਠ ਸ਼ੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।ਥਾਣਾ ਠੁੱਲੀਵਾਲ ਦੇ ਏ.ਐਸ.ਆਈ ਅਮਰਜੀਤ ਸਿੰਘ ਨੇ ਦੱਸਿਆ ਕਿ ਪਹਿਲੀ ਧਿਰ ਵੱਲੋਂ ਦੂਜੇ ਧਿਰ ਉੱਪਰ ਕੁੱਟਮਾਰ ਦੇ ਇਲਜ਼ਾਮਾਂ 'ਤੇ ਪਰਚਾ ਦਰਜ ਕੀਤਾ ਗਿਆ ਸੀ, ਪਰ ਦੂਜੇ ਪਾਸੇ ਤੋਂ ਕਾਂਗਰਸੀ ਆਗੂ ਬੰਨੀ ਖਹਿਰਾ ਦੀ ਅਗਵਾਈ ਹੇਠ ਵਫਦ ਨੇ ਥਾਣਾ ਠੁੱਲੀਵਾਲ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ।ਕਾਂਗਰਸ ਪਾਰਟੀ ਦੇ ਵਰਕਰਾਂ ਨਾਲ ਹੋਈ ਧੱਕੇਸ਼ਾਹੀ ਬਾਰੇ ਵਿਸਥਾਰ ਨਾਲ ਦੱਸਦਿਆਂ ਲਿਖਤੀ ਬਿਆਨ ਵੀ ਦਰਜ ਕਰਾਏ।ਇਸ ਤੋਂ ਬਾਅਦ ਪੁਲਸ ਨੇ ਦੂਜੀ ਧਿਰ ਉੱਪਰ ਵੀ ਪਰਚਾ ਦਰਜ ਕਰ ਦਿੱਤਾ ਹੈ।ਪਿੰਡ ਗੁਰਮਾਂ 'ਚ ਦੋ ਧਿਰਾਂ ਵਿਚਕਾਰ ਵਾਪਰੀ ਕੁੱਟਮਾਰ ਦੀ ਘਟਨਾ ਨੂੰ ਕੁਝ ਲੋਕਾਂ ਵੱਲੋਂ ਗ਼ਲਤ ਰੰਗਤ ਦੇ ਕੇ ਹੱਲਾਸ਼ੇਰੀ ਦੇਣਾ ਇਲਾਕੇ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।ਯੂਥ ਕਾਂਗਰਸੀ ਆਗੂ ਬੰਨੀ ਖੈਹਿਰਾ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਾਡੇ ਵਰਕਰਾਂ ਨੂੰ ਇਨਸਾਫ਼ ਨਾ ਮਿਲਿਆ ਤਾਂ ਕਾਂਗਰਸ ਪਾਰਟੀ ਤਿੱਖਾ ਸੰਘਰਸ਼ ਸ਼ੁਰੂ ਲਈ ਮਜਬੂਰ ਹੋਵੇਗੀ।

# ਜਦੋਂ ਪੁਲਸ ਅਫਸਰ ਦੀ ਵਰਦੀ ਨੇ ਸਕੂਲੀ ਬੱਚਿਆਂ ਨੂੰ ਕੀਤਾ ਪ੍ਰਭਾਵਤ...



**ਸਮਰਾਲਾ (ਸੁਰਜੀਤ ਸਿੰਘ)**-ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜਿਹਾਦ ਛੇੜਿਆ ਹੈ, ਉਦੋਂ ਤੋਂ ਪੁਲਿਸ ਦਾ ਸਾਰਾ ਅਮਲਾ ਇਸ ਮੁਹਿੰਮ ਵਿਚ ਜੁਟਿਆ ਹੋਇਆ ਹੈ।ਸਰਕਾਰ ਆਪਣੇ ਇਸ ਤਰੱਦਦ ਵਿਚ ਕੋਈ ਘਾਟ ਨਹੀਂ ਛੱਡਣਾ ਚਾਹੁੰਦੀ ਅਤੇ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਕੱਢਣ ਲਈ ਪਹਿਲੀਆਂ ਸਰਕਾਰਾਂ ਨਾਲੋਂ ਜ਼ਿਆਦਾ ਵਚਨਬੱਧ ਜਾਪਦੀ ਹੈ।


ਐਸਐਸਪੀ ਪੁਲਿਸ ਜ਼ਿਲ੍ਹਾ ਖੰਨਾ ਡਾ ਜਯੋਤੀ ਯਾਦਵ ਬੈਂਸ ਦੀ ਅਗਵਾਈ ਵਿੱਚ ਪੁਲਸ ਨਸ਼ਿਆਂ ਦਾ ਬੀਜ ਨਾਸ ਕਰਨ ਲਈ ਸਰਗਰਮ ਹੈ, ਉੱਥੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਆਪਣੀ ਸਮਾਜ ਸੇਵੀ ਟੀਮ, ਜਿਸ ਵਿਚ ਅੰਮ੍ਰਿਤਪਾਲ ਪੱਤਰਕਾਰ, ਜਸਵਿੰਦਰ ਸਿੰਘ ਜੱਸੀ ਅਤੇ ਹੋਰ ਇਲਾਕੇ ਦੇ ਸਹੀ ਸੋਚ ਵਾਲੇ ਲੋਕ ਪੂਰੀ ਤਰਾਂ ਸਰਗਰਮ ਹਨ, ਇਹ ਟੀਮ ਖੂਨਦਾਨ ਕੈਂਪਾਂ ਰਾਹੀਂ, ਪਿੰਡਾਂ, ਸਕੂਲਾਂ ਤੇ ਕਾਲਜਾਂ ਵਿੱਚ ਸੈਮੀਨਾਰ ਕਰਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਆਪਣੇ ਨਿੱਜੀ ਕਾਰੋਬਾਰ ਛੱਡ ਕੇ ਦਿਨ-ਰਾਤ ਲੱਗੀ ਹੋਈ ਹੈ।ਸ਼ਿਵਲੀ ਨੇ ਦੱਸਿਆ ਕਿ ਉਹ ਜੇਕਰ ਨਸ਼ਾ ਫਰੋਸ਼ਾਂ ਨੂੰ ਲਗਾਮ ਲਾ ਕੇ ਅਤੇ ਨਸ਼ਿਆਂ ਵਿੱਚ ਗ੍ਰਸਤ ਨੌਜਵਾਨਾਂ ਦੀ ਜ਼ਿੰਦਗੀ ਬਚਾਅ ਲਈ ਤਾਂ ਸਮਝੋ ਸਾਡਾ ਉਦੇਸ਼ ਪੂਰਾ ਹੋ ਗਿਆ।ਇਹਨਾਂ ਤੋਂ ਇਲਾਵਾ ਇਲਾਕੇ ਦੇ ਕੁਝ ਹੋਰ ਨੌਜਵਾਨ ਵੀ ਅਜਿਹੇ ਹਨ ਜੋ ਨਸ਼ਾ ਫਰੋਸ਼ਾਂ ਦੇ ਮਗਰ ਲੱਗੇ ਹਨ।ਬੇਸ਼ੱਕ ਉਨ੍ਹਾਂ ਨੂੰ ਅਜਿਹੇ ਗੈਰ ਸਮਾਜੀ ਤੱਤਾਂ ਤੋਂ ਆਪਣੀ ਜਾਨ ਨੂੰ ਖਤਰਾ ਹੈ, ਪਰ ਫੇਰ ਵੀ ਉਹ ਗਾਹੇ ਬਗਾਹੇ ਨਸ਼ਾ ਫਰੋਸ਼ਾਂ ਦੀ ਗਤੀਵਿਧੀਆਂ ਬਾਰੇ ਪ੍ਰਸ਼ਾਸਨ ਨੂੰ ਖ਼ਬਰਦਾਰ ਕਰਦੇ ਰਹਿੰਦੇ ਹਨ।ਜ਼ਿਕਰਯੋਗ ਹੈ ਕਿ ਮਾਛੀਵਾੜਾ ਥਾਣੇ ਵਿੱਚ ਦੋ ਕੁ ਸਾਲ ਪਹਿਲਾ ਇੱਕ ਨੌਜਵਾਨ ਪੁਲਸ ਅਫਸਰ ਕੁੜੀ ਮਨਦੀਪ ਕੌਰ ਡੀਐਸਪੀ ਦੀ ਪੋਸਟਿੰਗ ਹੋਈ ਸੀ, ਜਿਸਨੇ ਆਉਂਦੇ ਸਾਰ ਹੀ ਤੜਥੱਲੀਆਂ ਮਚਾ ਦਿੱਤੀਆਂ ਸਨ।ਉਸ ਨੇ ਗੈਰ ਸਮਾਜੀ ਅਨਸਰਾਂ ਵਿਚ ਅਜਿਹਾ ਖ਼ੌਫ਼ ਪੈਦਾ ਕੀਤਾ ਕਿ ਨਸ਼ਾ ਫਰੋਸ਼ ਇਲਾਕਾ ਛੱਡ ਕੇ ਭੱਜ ਗਏ। ਸੈਮੀਨਾਰਾਂ ਦੀ ਲੜੀ ਵਿਚ ਅਜਿਹਾ ਹੀ ਇੱਕ ਸੈਮੀਨਾਰ ਸ਼ਿਵ ਕੁਮਾਰ ਸ਼ਿਵਲੀ ਦੀ ਅਗਵਾਈ ਵਿੱਚ ਹੈਡੋਂ ਬੇਟ ਦੇ ਮੂਨ ਲਾਈਟ ਪਬਲਿਕ ਸਕੂਲ ਵਿੱਚ ਕਰਾਇਆ ਗਿਆ, ਜਿਸ ਵਿਚ ਨੌਜਵਾਨ ਪੁਲਿਸ ਅਫਸਰ ਹਰਪਿੰਦਰ ਕੌਰ ਗਿੱਲ ਡੀਐਸਪੀ ਹੈਡ ਕੁਆਟਰ ਪੁਲਿਸ ਜ਼ਿਲ੍ਹਾ ਖੰਨਾ ਉਚੇਚੇ ਤੌਰ 'ਤੇ ਹਾਜ਼ਰ ਰਹੇ।

# ਹੜ੍ਹ ਪ੍ਰਭਾਵਤ ਖੇਤਰਾਂ ਦੇ ਲੋਕਾਂ ਲਈ ਰਾਹਤ ਕਾਰਜ ਜਾਰੀ

**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜਲਾਲਾਬਾਦ ਦੇ ਹੜ੍ਹ ਪ੍ਰਭਾਵਤ ਖੇਤਰਾਂ ਦੇ ਲੋਕਾਂ ਲਈ ਰਾਹਤ ਕਾਰਜ ਲਗਾਤਾਰੀ ਜਾਰੀ ਹਨ। ਹੜ੍ਹ ਪੀੜਤ ਲੋਕਾਂ ਨੂੰ ਰਾਹਤ ਸਮੱਗਰੀ ਮੁਹੱਈਆ ਕਰਾਉਣ ਦੇ ਕਾਰਜ ਦੀ ਐਸ.ਡੀ.ਐਮ. ਸ੍ਰੀ ਕੰਵਰਜੀਤ ਸਿੰਘ ਮਾਨ ਖੁਦ ਪਿੰਡਾਂ ਵਿਚ ਜਾ ਕੇ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋੜਵੰਦ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਘਰਾਂ ਤੱਕ ਪਹੁੰਚ ਕਰਵਾਈ ਜਾ ਰਹੀ ਹੈ।

ਐਸ.ਡੀ.ਐਮ. ਨੇ ਕਿਹਾ ਕਿ ਲੋੜਵੰਦ ਲੋਕਾਂ ਨੂੰ ਫੀਡ, ਹਰਾ ਚਾਰਾ, ਤਰਪਾਲਾਂ ਤੇ ਰਾਸ਼ਨ ਕਿੱਟਾ ਦੀ ਮੰਗ ਅਨੁਸਾਰ ਪੁੱਜਦੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਥਿਤੀ ਅਜੇ ਕਾਬੂ ਵਿਚ ਹੈ, ਕਿਸੇ ਵੀ ਵਸਨੀਕ ਨੂੰ ਪਿੰਡ ਤੋਂ ਬਾਹਰ ਨਹੀਂ ਲਿਆਂਦਾ ਗਿਆ ਹੈ।

# ਪਟੇਲ ਕਾਲਜ ਦੇ ਪੰਜਾਬੀ ਵਿਭਾਗ ਨੇ ਭਾਸ਼ਣ ਮੁਕਾਬਲੇ ਕਰਾਏ




**ਰਾਜਪੁਰਾ (ਰਮੇਸ਼ ਕਟਾਰੀਆ)** ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਤੇ ਡਾ. ਮਨਦੀਪ ਸਿੰਘ ਮੁਖੀ ਪੰਜਾਬੀ ਵਿਭਾਗ ਦੀ ਅਗਵਾਈ ਵਿੱਚ ਅਤੇ ਡਾ. ਮਨਿੰਦਰ ਕੌਰ, ਕਨਵੀਨਰ ਪੰਜਾਬੀ ਸਾਹਿਤ ਸਭਾ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਾਏ ਗਏ।ਇਸ ਮੌਕੇ ਵਿਦਿਆਰਥੀਆਂ ਨੇ ਆਪ ਮੌਲਿਕ ਤੇ ਨਵੀਨ ਵਿਚਾਰਾਂ ਨੂੰ ਚੁਣ ਕੇ ਵਿਧੀਵਤ ਤਰੀਕੇ ਨਾਲ ਪੇਸ਼ ਕੀਤਾ, ਜਿਸ ਵਿੱਚ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਇਸ ਮੁਕਾਬਲੇ ਵਿੱਚ ਭਾਗ ਲਿਆ।ਪ੍ਰੋਗਰਾਮ ਦੌਰਾਨ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਨੇ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟਾਉਣ ਲਈ ਵਿਦਿਆਰਥੀਆਂ ਦਾ ਹੌਸਲਾ ਵਧਾਇਆ।

ਡਾ. ਮਨਦੀਪ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਵਿਦਿਆਰਥੀਆਂ ਨਾਲ ਭਾਸ਼ਣ ਕਲਾ ਦੇ ਗੁਰ ਸਾਂਝੇ ਕਰਦਿਆਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਮੰਚ ਉੱਤੇ ਆਉਣ ਦਾ ਸੱਦਾ ਦਿੱਤਾ।ਇਨ੍ਹਾਂ ਮੁਕਾਬਲਿਆਂ ਵਿੱਚ ਗਗਨਦੀਪ ਸਿੰਘ ਨੇ ਪਹਿਲਾ, ਵਿਸ਼ਾਲ ਗੁਡਵਾਨੀ ਨੇ ਦੂਜਾ, ਕਰਨਪ੍ਰੀਤ ਸਿੰਘ ਤੇ ਨਵਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਜੇਤੂ ਵਿਦਿਆਰਥੀਆਂ ਨੂੰ ਵਿਭਾਗ ਵਲੋਂ ਸਰਟੀਫਿਕੇਟ, ਮੈਡਲ ਤੇ ਕਿਤਾਬ ਦੇ ਕੇ ਸਨਮਾਨਤ ਕੀਤਾ ਗਿਆ।

# ਭਾਈ ਲੌਂਗੋਵਾਲ ਨਾਲ ਕੀਤਾ ਦੁੱਖ ਪ੍ਰਗਟ

**ਲੌਂਗੋਵਾਲ (ਪ੍ਰਦੀਪ ਸੱਪਲ)**-ਪਿਛਲੇ ਦਿਨੀਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪੁੱਤਰੀ ਬੀਬਾ ਗੁਰਮਨ ਕੌਰ ਦੀ ਬੇਵਕਤੀ ਮੌਤ 'ਤੇ ਸਾਬਕਾ ਸਰਪੰਚ ਪਾਲੀ ਸਿੰਘ ਕਮਲ, ਡਾ. ਰੂਪ ਸਿੰਘ ਸ਼ੇਰੋਂ, ਪਰਮਜੀਤ ਸਿੰਘ ਪੰਮਾ, ਸਰਪੰਚ ਦਰਸ਼ਨ ਸਿੰਘ, ਐਡਵੋਕੇਟ ਗੁਰਤੇਗ ਸਿੰਘ ਤੇ ਗੁਰੂਦੁਆਰਾ ਚੁੱਲੇ ਬਾਬਾ ਆਲ ਸਿੰਘ ਦੇ ਮੈਨੇਜਰ ਮਨਪ੍ਰੀਤ ਸਿੰਘ, ਜਗਸੀਰ ਸਿੰਘ ਗਾਂਧੀ ਸਾਬਕਾ ਕੌਂਸਲਰ, ਹੈੱਡ ਗ੍ਰੰਥੀ ਭਾਈ ਧਨਵੰਤ ਸਿੰਘ, ਭਾਈ ਪਵਿੱਤਰ ਸਿੰਘ, ਕੇਵਲ ਸਿੰਘ ਡੋਗਰ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਡੀ ਸੀ ਨੂੰ ਮੰਗ ਪੱਤਰ ਦਿੱਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੂਬਾ ਪ੍ਰਧਾਨ (ਬਸਪਾ) ਅਵਤਾਰ ਸਿੰਘ ਕਰੀਮਪੁਰੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਜੋ ਪਿਛਲੇ ਦਿਨੀ ਹਲਕਾ ਫਿਲੌਰ ਦੇ ਪਿੰਡ ਧਨੇਤਾ ਵਿਖੇ ਸਤਗੁਰੂ ਰਵਿਦਾਸ ਜੀ ਦੇ ਗੁਰੂ ਘਰ ਦੀ ਚਾਰਦੀਵਾਰੀ ਨੂੰ ਤੋੜਿਆ ਗਿਆ ਹੈ ਤੇ ਇਸ ਤੋਂ ਇਲਾਵਾ ਫ਼ਤਹਿਗੜ੍ਹ ਦੇ ਪਿੰਡ ਚੂੜੀਆਂ ਦੇ ਰਹਿਣ ਵਾਲੇ ਸੁਖਬੀਰ ਸਿੰਘ ਨੇ ਸੋਸ਼ਲ ਮੀਡੀਆ ਉਪਰ ਭਗਵਾਨ ਵਾਲਮੀਕਿ ਜੀ ਨੂੰ ਅਪਸ਼ਬਦ ਬੋਲੇ ਹਨ ਤੇ ਪਟਿਆਲਾ ਦੇ ਪਿੰਡ ਬਠੋਈ ਕਲਾਂ ਵਿਖੇ ਦਲਿਤਾਂ ਦੀ ਕੁਟਮਾਰ ਕੀਤੀ ਗਈ ਹੈ। ਇਨ੍ਹਾਂ ਦੇ ਦੋਸ਼ੀਆਂ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਾਉਣ ਦੇ ਸਬੰਧ ਵਿੱਚ ਪੰਜਾਬ ਭਰ ਵਿੱਚ ਬਸਪਾ ਵੱਲੋਂ ਡਿਪਟੀ ਕਮਿਸ਼ਨਰਾਂ ਰਾਹੀਂ ਰਾਜਪਾਲ ਨੂੰ ਮੰਗ ਪੱਤਰ ਦਿੱਤੇ ਗਏ ਹਨ। ਉਸੇ ਲੜੀ ਤਹਿਤ ਬਲਕਾਰ ਸਿੰਘ ਲੱਖੇਵਾਲੀ ਜੀ ਦੀ ਯੋਗ ਅਗਵਾਈ ਵਿੱਚ ਮਾਨਯੋਗ ਰਾਜਪਾਲ ਦੇ ਨਾਂਅ ਡੀਸੀ ਰਾਹੀਂ ਮੌਜੂਦਾ ਅਧਿਕਾਰੀ ਨੂੰ ਮੰਗ ਪੱਤਰ ਦਿੱਤਾ ਗਿਆ।


## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 21.08.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਮਨੀਸ਼ ਕਪਾਨੀਆ ਪੁੱਤਰ ਵਿਜੇ ਮੋਹਨ ਕਪਾਨੀਆ ਵਾਸੀ ਮਕਾਨ ਨੰ. 1065 ਵਾਰਡ ਨੰ. 13, ਮੁਹੱਲਾ ਜਲੋਟੀਆਂ, ਨਕੋਦਰ, ਜਲੰਧਰ, ਪੰਜਾਬ-144040
(2) (ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਨੀਰਜ਼ ਕਪਾਨੀਆ ਪੁੱਤਰ ਵਿਜੇ ਮੋਹਨ ਕਪਾਨੀਆ ਵਾਸੀ ਮਕਾਨ ਨੰ. 1065 ਵਾਰਡ ਨੰ. 13, ਓਲਡ ਪੋਸਟ ਆਫਿਸ ਨਕੋਦਰ, ਚਰਸੀ ਗੇਟ, ਨਕੋਦਰ, ਜਲੰਧਰ, ਪੰਜਾਬ-144040
(3) (ਐੱਲ ਏ ਪੀ 'ਚ ਗਰੰਟਰ) : ਸ੍ਰੀ ਤਰਸੇਮ ਲਾਲ ਪੁੱਤਰ ਪ੍ਰਭਦਿਆਲ ਵਾਸੀ ਮਕਾਨ ਨੰ. 2863, ਵਾਰਡ ਨੰ. 10, ਮੁਹੱਲਾ ਰੌਤਾਂ, ਨਕੋਦਰ, ਜਲੰਧਰ, ਪੰਜਾਬ-144040

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.08.2025 ਤੋਂ ਬਿਨਾਂ ਵਿਆਜ) |
|---|---|---|
| LAP/011602000045 | Rs. 13,20,000/- | Rs.11,62,702.22 |

ਪ੍ਰਾਇਮਰੀ ਸਕਿਉਰਿਟੀ : (ਏ) ਅਚੱਲ ਜਾਇਦਾਦ ਦਾ ਉਚਿਤ ਰਹਿਨਨਾਮਾ : ਬੈਨਾਮਾ ਦਸਤਾਵੇਜ਼ ਨੰ. 2019-20/184/1/704 ਮਿਤੀ 09-09-2019 ਅਨੁਸਾਰ ਸ੍ਰੀ ਮਨੀਸ਼ ਕਪਾਨੀਆ ਪੁੱਤਰ ਵਿਜੇ ਮੋਹਨ ਕਪਾਨੀਆ ਅਤੇ ਨੀਰਜ ਕਪਾਨੀਆ ਪੁੱਤਰ ਵਿਜੇ ਮੋਹਨ ਕਪਾਨੀਆ ਦੀ ਮਲਕੀਅਤ ਜਾਇਦਾਦ ਰਕਬਾ 1 ਮਰਲਾ 05 ਸਰਸਾਈ ਬਾਜ਼ਾਰ ਵਿਖੇ, ਪੁਰਾਣਾ ਡਾਕਖਾਨਾ (ਚਰਸੀ ਬਜ਼ਾਰ) ਨਕੋਦਰ, ਜ਼ਿਲ੍ਹਾ ਜਲੰਧਰ (ਮਿਊਂਸਪਲ ਕਮੇਟੀ ਨਕੋਦਰ ਦੇ ਅਧੀਨ ਲਾਲ ਲਕੀਰ) ਨਾਲ ਸੰਬੰਧਤ ਸਭ ਕੁਝ।

ਸਕਿਉਰਿਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਸ਼ੰਕਰ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 29.08.2025 | ਸਥਾਨ : ਜਲੰਧਰ | (ਅਧਿਕਾਰਤ ਅਫਸਰ)

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ) | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251- ਬਿਜਲੀ – T-13-2025-26 | ਗੰਗਸਰ ਜੈਤੋ, ਤਲਵੰਡੀ, ਬਾਰੀ ਵਾਲਾ, ਮੋਗਾ, ਮੁਕਤਸਰ ਅਤੇ ਫਰੀਦਕੋਟ ਗੁਡਸ ਸ਼ੇਡ ਦੇ ਅਪਗ੍ਰੇਡੇਸ਼ਨ / ਸੁਧਾਰ ਵਿਚ ਬਿਜਲੀ ਕੰਮ। | Rs. 1,59,28,925.75/- | Rs. 229700.00 | 06 ਮਹੀਨੇ | 19.09.2025 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 15-ਬਿਜਲੀ-2025-26 ਮਿਤੀ 28.08.2025 2621/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK

Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025
Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

### ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ

ਆਮ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀ 'ਤੇ ਮੂਲ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਨਤੀਜੇ ਵਜੋਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਅਨੁਸਾਰ ਅਜਿਹੇ ਖਾਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਤਹਿਤ ਨੋਟਿਸ ਜਾਰੀ ਕੀਤੇ ਗਏ ਸਨ, ਬੇਸ਼ੱਕ ਇਹ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਅਤੇ ਅਜਿਹੇ 'ਚ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਨ੍ਹਾਂ ਨੂੰ ਉਹੀ ਜਾਣਕਾਰੀ ਦਿੱਤੀ ਗਈ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ/ਕਾਨੂੰਨੀ ਵਾਰਿਸਾਂ ਦੇ ਨਾਂਅ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | (ਨੋਟਿਸ ਦੀ ਮਿਤੀ ਨੂੰ) ਬਕਾਇਆ ਰਕਮ | ਕਰਜ਼ਾ ਰਾਸ਼ੀ ਦੀ ਮਨਜ਼ੂਰੀ/ਭੁਗਤਾਨ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ |
|---|---|---|---|---|---|---|
| 1. | 1. ਬਲਦੇਵ ਸਿੰਘ ਚੌਧਰੀ ਪੁੱਤਰ ਸ੍ਰੀ ਜਗਦੀਸ਼ ਲਾਲ (ਕਰਜ਼ਦਾਰ/ ਰਹਿਣਕਾਰ), 2. ਸ੍ਰੀ ਮੁਨੀਸ਼ ਚੌਧਰੀ ਪੁੱਤਰ ਬਲਦੇਵ ਸਿੰਘ ਚੌਧਰੀ (ਸਹਿ-ਕਰਜ਼ਦਾਰ) ਅਤੇ 3. ਸ੍ਰੀ ਰਾਜਿੰਦਰ ਕੁਮਾਰ ਚੌਧਰੀ ਪੁੱਤਰ ਬਲਦੇਵ (ਸਹਿ-ਕਰਜ਼ਦਾਰ) | 08-JUNE-2025 | 26-July-2025 | ਰੁ. 24,89,665/- (ਚੌਵੀ ਲੱਖ ਉਨਾਨਵੇਂ ਹਜ਼ਾਰ ਛੇ ਸੌ ਪੈਂਹਠ ਰੁਪਏ ਕੇਵਲ) | ਰੁ. 62,63,300/- (ਬਾਹਠ ਲੱਖ ਤਰੇਂਹਠ ਹਜ਼ਾਰ ਤਿੰਨ ਸੌ ਰੁਪਏ ਕੇਵਲ) | ਬੈਨਾਮਾ ਨੰ. 8014 ਮਿਤੀ 21-07-1992 ਅਨੁਸਾਰ ਸ੍ਰੀ ਬਲਦੇਵ ਸਿੰਘ ਚੌਧਰੀ ਪੁੱਤਰ ਸ੍ਰੀ ਜਗਦੀਸ਼ ਲਾਲ ਦੇ ਪੱਖ 'ਚ ਜਾਇਦਾਦ ਮਕਾਨ ਨੰ. 227, ਫੇਜ਼-I, ਅਰਬਨ ਅਸਟੇਟ, ਦੁੱਗਰੀ, ਬਸੰਤ ਐਵਨਿਊ ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141013, ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਪੂਰਬ : 25'-0", ਪੱਛਮ : ਗੁਆਂਢ 25'-0", ਉੱਤਰ : ਗੁਰਮੀਤ ਸਿੰਘ 228 45'-0", ਦੱਖਣ : ਪਲਾਟ ਨੰ. 226, 45'-0" |
| 2. | 1. ਤੇਜਵੀਰ ਸਿੰਘ ਭੂਈ ਪੁੱਤਰ ਸ੍ਰੀ ਜਸਵੀਰ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਦਲਬੀਰ ਕੌਰ ਪਤਨੀ ਸ੍ਰੀ ਜਸਵੀਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-JULY-2025 | 26-July-2025 | ਰੁ. 6,81,659/- (ਛੇ ਲੱਖ ਇਕਿਆਸੀ ਹਜ਼ਾਰ ਤਿੰਨ ਸੌ ਉਨਾਹਠ ਰੁਪਏ ਕੇਵਲ) | ਰੁ. 10,000,00/- (ਦੱਸ ਲੱਖ ਰੁਪਏ ਕੇਵਲ) | ਬੈਨਾਮਾ ਵਸੀਕਾ ਨੰ. 13099/-1/11411/5354, ਮਿਤੀ 29-03-2012 ਅਨੁਸਾਰ ਸ੍ਰੀਮਤੀ ਦਲਬੀਰ ਕੌਰ ਪਤਨੀ ਜਸਵੀਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਮਕਾਨ ਨੰ. ਏ, ਐਮ 8/3355, ਰਕਬਾ 81.2 ਵਰਗ ਗਜ਼, ਖਸਰਾ ਨੰ. 790 ਮਿੰਨ, ਖੱਤਾ/ਖਤੌਨੀ ਨੰ. 690/811, ਹੱਦਬਸਤ ਨੰ. 387, ਜਮ੍ਹਾਂਬੰਦੀ ਸਾਲ 2005-2006, ਵਾਕਿਆ ਰਕਬਾ ਅੰਮ੍ਰਿਤਸਰ ਅਰਬਨ ਸਰਕਲ ਨੰ. 108, ਨੌਵੀਂ ਅਬਾਦੀ ਗੁਰਬਖਸ਼ ਨਗਰ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ-I, ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। |
| 3. | 1. ਦੀਪਕ ਪੁੱਤਰ ਕੁੰਦਨ ਲਾਲ ਵਾਸੀ ਮੈਸਰਜ਼ ਜਗੁਆਰ ਸਪੋਰਟਸ (ਕਰਜ਼ਦਾਰ), 2. ਸ੍ਰੀਮਤੀ ਭਾਰਤੀ ਪਤਨੀ ਸ੍ਰੀ ਦੀਪਕ (ਸਹਿ-ਕਰਜ਼ਦਾਰ) ਅਤੇ 3. ਸ੍ਰੀ ਕੁੰਦਨ ਲਾਲ ਪੁੱਤਰ ਪੂਰਨ ਚੰਦ (ਸਹਿ-ਕਰਜ਼ਦਾਰ/ਰਹਿਣਕਾਰ) | 15-SEP-2023 | 26-July-2025 | ਰੁ. 19,48,353/- (ਉੱਨੀ ਲੱਖ ਅੜਤਾਲੀ ਹਜ਼ਾਰ ਤਿੰਨ ਸੌ ਤਰਵਿੰਜਾ ਰੁਪਏ ਕੇਵਲ) | ਰੁ. 40,000,00/- (ਚਾਲੀ ਲੱਖ ਰੁਪਏ ਕੇਵਲ) | ਬੈਨਾਮਾ ਵਸੀਕਾ ਨੰ. 3055, ਮਿਤੀ 08-06-1998 ਅਨੁਸਾਰ ਸ੍ਰੀ ਕੁੰਦਨ ਲਾਲ ਪੁੱਤਰ ਪੂਰਨ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 7 ਮਰਲੇ, ਖਸਰਾ ਨੰ. 953, ਜਮ੍ਹਾਂਬੰਦੀ 15 ਸਾਲ, ਬਸਤੀ ਸ਼ੇਖ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-I, ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਪੂਰਬ : ਕਿਸ਼ਨ ਲਾਲ, ਪੱਛਮ : ਅਰਜ਼ੀਦਾਤਾ, ਉੱਤਰ : ਗਲੀ, ਦੱਖਣ : ਪੁਲਸ ਸਟੇਸ਼ਨ। |
| 4. | 1. ਰਜਤ ਮਲਹੋਤਰਾ ਪੁੱਤਰ ਸ੍ਰੀ ਰਾਜੇਂਦਰ ਮਲਹੋਤਰਾ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਯੋਗਿਤਾ ਮਦਾਨ ਪਤਨੀ ਸ੍ਰੀ ਰਜਤ ਮਲਹੋਤਰਾ (ਸਹਿ-ਕਰਜ਼ਦਾਰ)। | 08-APRIL-2025 | 26-July-2025 | ਰੁ. 94,67,816/- (ਚੌਰਾਨਵੇਂ ਲੱਖ ਅੱਠ ਸੌ ਸੌਲਾਂ ਰੁਪਏ ਕੇਵਲ) | ਰੁ. 94,98,551/- (ਚਰਾਨਵੇਂ ਲੱਖ ਅਠਾਨਵੇਂ ਹਜ਼ਾਰ ਪੰਜ ਸੌ ਇੱਕਵੰਜਾ ਰੁਪਏ ਕੇਵਲ) | ਬੈਨਾਮਾ ਨੰ. 2022-23/186/1/17990 ਮਿਤੀ 11 ਨਵੰਬਰ 2022 ਅਨੁਸਾਰ ਸ੍ਰੀ ਰਜਤ ਮਲਹੋਤਰਾ ਪੁੱਤਰ ਸ੍ਰੀ ਰਜਿੰਦਰ ਪਾਲ ਮਲਹੋਤਰਾ ਦੇ ਨਾਂਅ ਰਜਿਸਟਰਡ ਜਾਇਦਾਦ ਮਕਾਨ ਨੰ. 184, ਰਕਬਾ 300 ਵਰਗ ਗਜ਼ (0 ਮਰਲਾ = 225 ਵਰਗ ਫੁੱਟ) ਅਰਬਨ ਅਸਟੇਟ, ਫੇਜ਼-2, ਤਹਿ. ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। |
| 5. | 1. ਗੁਰਿੰਦਰਜੀਤ ਸਿੰਘ ਪੁੱਤਰ ਸ੍ਰੀ ਹਰਜਿੰਦਰ ਸਿੰਘ (ਕਰਜ਼ਦਾਰ), 2. ਸ੍ਰੀਮਤੀ ਮਨਪ੍ਰੀਤ ਕੌਰ ਪਤਨੀ ਸ੍ਰੀ ਹਰਜਿੰਦਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 05-JUNE-2025 | 26-July-2025 | ਰੁ. 17,10,013/- (ਸਤਾਰਾਂ ਲੱਖ ਦੱਸ ਹਜ਼ਾਰ ਤੇਰਾਂ ਰੁਪਏ ਕੇਵਲ) | ਰੁ. 17,39,809/- (ਸਤਾਰਾਂ ਲੱਖ ਉਨਤਾਲੀ ਹਜ਼ਾਰ ਅੱਠ ਸੌ ਨੌਂ ਰੁਪਏ ਕੇਵਲ) | ਬੈਨਾਮਾ ਨੰ. 2020-21/93/1/12498 ਮਿਤੀ 10-02-2021 ਅਨੁਸਾਰ ਸ੍ਰੀਮਤੀ ਮਨਪ੍ਰੀਤ ਕੌਰ ਪਤਨੀ ਸ੍ਰੀ ਹਰਜਿੰਦਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਪ੍ਰਾਈਵੇਟ ਪਲਾਟ ਨੰ. 75, ਰਕਬਾ 150.22 ਵਰਗ ਗਜ਼ ਖਸਰਾ ਨੰ. 16//21, 23//16,17,22 ਮਿੰਨ, 22 ਮਿੰਨ, 23, 24, 25 ਖੱਤਾ/ਖਤੌਨੀ ਨੰ. 206/359, 1985/2672 ਤੋਂ 2678, ਜਮ੍ਹਾਂਬੰਦੀ ਸਾਲ 2013-2014, ਕਾਲਾ ਘਨੂੰਪੁਰ ਸਬ ਅਰਬਨ ਨਵੀਂ ਅਬਾਦੀ ਘਨੂੰਪੁਰ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾ : ਪੂਰਬ ਪਲਾਟ ਨੰ. 34, ਪੱਛਮ : ਪਲਾਟ ਨੰ. 76, ਉੱਤਰ : ਪਲਾਟ ਨੰ. 70, ਦੱਖਣ : ਗਲੀ 30 ਫੁੱਟ ਚੌੜੀ |
| 6. | 1. ਹਰਜੀਤ ਸਿੰਘ ਪੁੱਤਰ ਕਰਨੈਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਸੁਖਵੰਤ ਸਿੰਘ ਪੁੱਤਰ ਕਰਨੈਲ ਸਿੰਘ (ਸਹਿ-ਕਰਜ਼ਦਾਰ) | 28-JUNE-2025 | 26-July-2025 | ਰੁ. 11,55,818/- (ਗਿਆਰਾਂ ਲੱਖ ਪਚਵੰਜਾ ਹਜ਼ਾਰ ਅੱਠ ਸੌ ਅਠਾਰਾਂ ਰੁਪਏ ਕੇਵਲ) | ਰੁ. 14,00,000/- (ਚੌਦਾਂ ਲੱਖ ਰੁਪਏ ਕੇਵਲ) | ਬੈਨਾਮਾ ਨੰ. 7119, ਮਿਤੀ 09-09-2010 ਅਨੁਸਾਰ ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਮਕਾਨ ਐਮ ਸੀ ਨੰ. ਬੀ-XXV-ਜੀ-2-1538/1, ਰਕਬਾ 107.5 ਵਰਗ ਗਜ਼, ਖਸਰਾ ਨੰ. 37//25/2/1/1, ਖੱਤਾ ਨੰ. 317/333, ਜਮ੍ਹਾਂਬੰਦੀ ਸਾਲ 2005-2006 ਵਾਕਿਆ ਤਰਫ ਕਾਰਾਬਾਰਾ, ਗਲੀ ਨੰ. 2, ਅਬਾਦੀ ਅਰਜਨ ਨਗਰ, ਲੈਂਡਮਾਰਕ, ਜਨਤਾ ਕੰਡਾ, ਹੱਦਬਸਤ ਨੰ. 161, ਤਹਿ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਸੜਕ 84'-0", ਪੱਛਮ : ਸ਼ਾਮ ਲਾਲ ਦਾ ਮਕਾਨ 90'-0", ਉੱਤਰ : ਪ੍ਰੇਮ ਸਿੰਘ ਦਾ ਮਕਾਨ 76'-0", ਦੱਖਣ : ਸੜਕ 66'-0" |
| 7. | 1. ਗੁਰਨਿਸ਼ਾਨ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਕੁਲਦੀਪ ਕੌਰ ਪਤਨੀ ਸ੍ਰੀ ਗੁਰਨਿਸ਼ਾਨ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-JULY-2025 | 26-July-2025 | ਰੁ. 26,26,520/- (ਛੱਬੀ ਲੱਖ ਛੱਬੀ ਹਜ਼ਾਰ ਪੰਜ ਸੌ ਵੀਹ ਰੁਪਏ ਕੇਵਲ) | ਰੁ. 26,00,000/- (ਛੱਬੀ ਲੱਖ ਰੁਪਏ ਕੇਵਲ) | ਬੈਨਾਮਾ ਨੰ. 2021-22/93/1/11446, ਮਿਤੀ 22 ਦਸੰਬਰ 2021 ਅਨੁਸਾਰ ਸ੍ਰੀਮਤੀ ਕੁਲਦੀਪ ਕੌਰ ਪਤਨੀ ਸ੍ਰੀ ਗੁਰਨਿਸ਼ਾਨ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਪ੍ਰਾਈਵੇਟ ਨੰ. 47, ਕੁੱਲ ਖੇਤਰ 125 ਵਰਗ ਗਜ਼, ਖਸਰਾ ਨੰ. 34//9/1, 34//7, 34//8 ਅਤੇ 34//6 ਸਾਰੇ ਮਿੰਨ, ਖੇਵਟ/ਖਤੌਨੀ ਨੰ. 194/347, 223/381, 560/801, 588/838, ਹੱਦਬਸਤ ਨੰ. 368, ਜਮ੍ਹਾਂਬੰਦੀ ਸਾਲ 2013-2014 ਵਾਕਿਆ ਰਕਬਾ ਕਾਲਾ ਘਨੂੰਪੁਰ, ਸਬ-ਅਰਬਨ ਅਬਾਦੀ, ਨਿਊ ਡੀ ਐਸ ਅਸਟੇਟ ਨਵੀਂ ਅਬਾਦੀ ਅੰਮ੍ਰਿਤਸਰ, ਤਹਿ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। |
| 8. | 1. ਪਰਮਜੀਤ ਸਿੰਘ ਸਹੋਤਾ ਪੁੱਤਰ ਸ੍ਰੀ ਮੋਹਨ ਸਿੰਘ ਸਹੋਤਾ (ਕਰਜ਼ਦਾਰ), 2. ਸ੍ਰੀਮਤੀ ਪਰਮਿੰਦਰ ਕੌਰ ਸਹੋਤਾ ਪਤਨੀ ਪਰਮਜੀਤ ਸਿੰਘ ਸਹੋਤਾ (ਸਹਿ-ਕਰਜ਼ਦਾਰ/ਰਹਿਣਕਾਰ) | 28-NOV-2024 | 26-July-2025 | ਰੁ. 16,96,741/- (ਸੌਲਾਂ ਲੱਖ ਛਿਆਨਵੇਂ ਹਜ਼ਾਰ ਸੱਤ ਸੌ ਇਕਤਾਲੀ ਰੁਪਏ ਕੇਵਲ) | ਰੁ. 20,00,000/- (ਵੀਹ ਲੱਖ ਰੁਪਏ ਕੇਵਲ) | ਬੈਨਾਮਾ ਨੰ. 2021-22/11/1/6273 ਮਿਤੀ 13-07-2021 ਅਨੁਸਾਰ ਸ੍ਰੀ ਪਰਮਜੀਤ ਸਿੰਘ ਸਹੋਤਾ ਪੁੱਤਰ ਸ੍ਰੀ ਮੋਹਨ ਸਿੰਘ ਸਹੋਤਾ ਦੇ ਨਾਂਅ ਰਜਿਸਟਰਡ ਜਾਇਦਾਦ ਮਕਾਨ ਨੰ. 78-ਏ, ਰਕਬਾ 0-4 ਮਰਲਾ ਜੋ ਕਿ 121.33 ਵਰਗ ਗਜ਼, ਖੇਵਟ/ਖਤੌਨੀ ਨੰ. 1809/2527, ਖਸਰਾ ਨੰ. 136//6 ਮਿੰਨ (7-19), 15 (8-0), 137//10 (8-0), 11(8-0) ਕਿੱਤੇ 4, ਕੁੱਲ ਖੇਤਰ 31 ਕਨਾਲਾਂ 19 ਮਰਲੇ ਜਿਸ ਚੋਂ 0.4 ਮਰਲੇ, ਜਮ੍ਹਾਂਬੰਦੀ ਸੰਤ ਹਜ਼ਾਰਾ ਸਿੰਘ ਨਗਰ, ਰਕਬਾ ਪਿੰਡ ਸਨੌਰ, ਤਹਿ. ਤੇ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਨਿਰਮਤ ਮਕਾਨ, ਬਾਹੀ 52', ਪੱਛਮ : ਨਿਰਮਤ ਮਕਾਨ, ਬਾਹੀ 52', ਉੱਤਰ : ਸੜਕ 20' ਬਾਹੀ 21'-0", ਦੱਖਣ : ਖਾਲੀ ਜ਼ਮੀਨ ਬਾਹੀ 21'-0" ਸਾਲ 2018-2019 ਵਾਕਿਆ 'ਤੇ ਸਥਿਤ। |
| 9. | 1. ਰਮੇਸ਼ ਕੁਮਾਰ ਚੌਹਾਨ ਪੁੱਤਰ ਚੰਦਰਾਜੀਤ ਪ੍ਰਸਾਦ (ਕਰਜ਼ਦਾਰ), 2. ਸ੍ਰੀਮਤੀ ਪ੍ਰੀਤੀ ਦੇਵੀ ਪਤਨੀ ਸ੍ਰੀ ਰਮੇਸ਼ ਕੁਮਾਰ ਚੌਹਾਨ (ਸਹਿ-ਕਰਜ਼ਦਾਰ/ਰਹਿਣਕਾਰ) | 02-FEB-2025 | 26-July-2025 | ਰੁ. 11,20,807/- (ਗਿਆਰਾਂ ਲੱਖ ਵੀਹ ਹਜ਼ਾਰ ਅੱਠ ਸੌ ਸੱਤ ਰੁਪਏ ਕੇਵਲ) | ਰੁ. 14,50,000/- (ਚੌਦਾਂ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) | ਬੈਨਾਮਾ ਨੰ. 2021-22/187/1/6733 ਮਿਤੀ 01 ਨਵੰਬਰ 2021 ਅਨੁਸਾਰ ਸ੍ਰੀਮਤੀ ਪ੍ਰੀਤੀ ਦੇਵੀ ਪਤਨੀ ਸ੍ਰੀ ਰਮੇਸ਼ ਕੁਮਾਰ ਚੌਹਾਨ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 510 ਵਰਗ ਗਜ਼, ਖਸਰਾ ਨੰ. 17//11/2, 12/1/2, 12/1/1, 19/11/2, 19/2/2, 20, 21/1, 22/1, ਖੱਤਾ/ਖਤੌਨੀ ਨੰ. 190/196, ਜਮ੍ਹਾਂਬੰਦੀ ਸਾਲ 2014-2015, ਕਬੀਰ ਵਿਹਾਰ, ਬਸਤੀ ਬਾਵਾ ਖੇਲ, ਨੇੜੇ ਹਨੂੰਮਾਨ ਮੰਦਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ ਸਾਈਟ ਅਨੁਸਾਰ : ਪੂਰਬ : ਜਤਿੰਦਰ ਸਿੰਘ, ਪੱਛਮ : ਮੰਜੂ ਦੇਵੀ, ਉੱਤਰ : ਪੂਜਾ, ਦੱਖਣ : ਗਲੀ। |
| 10. | 1. ਅਮਿਤ ਕੁਮਾਰ ਪੁੱਤਰ ਰਾਮ ਸਰੂਪ (ਕਰਜ਼ਦਾਰ) ਅਤੇ 2. ਸ੍ਰੀਮਤੀ ਨੀਲਮ ਸੰਧੂ ਪਤਨੀ ਅਮਿਤ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 09-JULY-2025 | 26-July-2025 | ਰੁ. 13,45,045/- (ਤੇਰਾਂ ਲੱਖ ਪੰਤਾਲੀ ਹਜ਼ਾਰ ਪੰਤਾਲੀ ਰੁਪਏ ਕੇਵਲ) | ਰੁ. 14,27,597/- (ਚੌਦਾਂ ਲੱਖ ਸਤਾਈ ਹਜ਼ਾਰ ਪੰਜ ਸੌ ਸਤਾਨਵੇਂ ਰੁਪਏ ਕੇਵਲ) | ਬੈਨਾਮਾ ਨੰ. 13473 ਮਿਤੀ 9-11-2004 ਅਨੁਸਾਰ ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਰਾਮ ਸਰੂਪ ਦੇ ਨਾਂਅ ਰਜਿਸਟਰਡ ਜਾਇਦਾਦ ਮਕਾਨ ਨੰ. 3, ਯੂ ਪੀ ਆਈ ਐੱਨ ਨੰ. 13012566, ਰਕਬਾ 200 ਵਰਗ ਗਜ਼, ਗਲੀ ਨੰ. 1-ਏ, ਗੁਰਬਖਸ਼ ਕਾਲੋਨੀ, ਪਟਿਆਲਾ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪ੍ਰਿਤਪਾਲ ਦਾ ਮਕਾਨ 60'-0", ਪੱਛਮ : ਸੁਰਿੰਦਰ ਦਾ ਮਕਾਨ 6'-6", ਉੱਤਰ : ਗਲੀ 12', ਦੱਖਣ : ਮਕਾਨ ਨੰ. 30' |
| 11. | 1. ਰਿਸ਼ੂ ਖਿੰਦਰੀ ਪੁੱਤਰ ਸ੍ਰੀ ਅਸ਼ਵਨੀ ਕੁਮਾਰ (ਕਰਜ਼ਦਾਰ) ਅਤੇ 2. ਸ੍ਰੀਮਤੀ ਮਨਪ੍ਰੀਤ ਕੌਰ ਪਤਨੀ ਸ੍ਰੀ ਰਿਸ਼ੂ ਖਿੰਦਰੀ (ਸਹਿ-ਕਰਜ਼ਦਾਰ/ਰਹਿਣਕਾਰ) | 28-JUNE-2025 | 26-July-2025 | ਰੁ. 9,48,256/- (ਨੌ ਲੱਖ ਅੜਤਾਲੀ ਹਜ਼ਾਰ ਦੋ ਸੌ ਛਪੰਜਾ ਰੁਪਏ ਕੇਵਲ) | ਰੁ. 10,08,900/- (ਦੱਸ ਲੱਖ ਅੱਠ ਹਜ਼ਾਰ ਨੌ ਸੌ ਰੁਪਏ ਕੇਵਲ) | ਬੈਨਾਮਾ ਨੰ. 2022-23/89/1/9387 ਮਿਤੀ 3 ਮਾਰਚ 2023 ਅਨੁਸਾਰ ਸ੍ਰੀਮਤੀ ਮਨਪ੍ਰੀਤ ਕੌਰ ਪਤਨੀ ਸ੍ਰੀ ਰਿਸ਼ੂ ਖਿੰਡਰੀ ਦੇ ਨਾਂਅ ਰਜਿਸਟਰਡ ਜਾਇਦਾਦ ਪ੍ਰਾਈਵੇਟ ਪਲਾਟ ਨੰ. 58-ਬੀ, ਰਕਬਾ 66.66 ਵਰਗ ਗਜ਼, ਖਸਰਾ ਨੰ. 29//8 (2-2), 29//3 (8-0) ਦੋਵੇਂ ਮਿੰਨ, ਖੇਵਟ/ਖਤੌਨੀ ਨੰ. 37/624, 38/625, ਹਦਬਸਤ ਨੰ. 374, ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਬਰਾੜੀਵਾਲ ਸਬ-ਅਰਬਨ ਅਬਾਦੀ, ਸਾਹਿਬਜ਼ਾਦਾ ਫਤਹਿ ਸਿੰਘ ਕਾਲੋਨੀ, ਗਲੀ ਨੰ. 30, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। |
| 12. | 1. ਸੁਧਾਂਸ਼ੂ ਕੁਮਾਰ ਪੁੱਤਰ ਮਹਿੰਦਰ ਪ੍ਰਸਾਦ (ਕਰਜ਼ਦਾਰ) ਅਤੇ 2. ਸ੍ਰੀਮਤੀ ਪੂਨਮ ਦੇਵੀ ਪਤਨੀ ਸ੍ਰੀ ਸੁਧਾਂਸ਼ੂ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 01-DEC-2024 | 26-July-2025 | ਰੁ. 10,21,894/- (ਦੱਸ ਲੱਖ ਇੱਕੀ ਹਜ਼ਾਰ ਅੱਠ ਸੌ ਚੁਰਾਨਵੇਂ ਰੁਪਏ ਕੇਵਲ) | ਰੁ. 10,50,000/- (ਦੱਸ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) | ਬੈਨਾਮਾ ਵਸੀਕਾ ਨੰ. 2019-20/102/1/5173 ਮਿਤੀ 05 ਫਰਵਰੀ 2020 ਅਨੁਸਾਰ ਸ੍ਰੀਮਤੀ ਪੂਨਮ ਦੇਵੀ ਪਤਨੀ ਸ੍ਰੀ ਸੁਧਾਂਸ਼ੂ ਕੁਮਾਰ ਦੇ ਨਾਂਅ ਰਜਿਸਟਰਡ ਜਾਇਦਾਦ ਪਲਾਟ ਰਕਬਾ 150 ਵਰਗ ਗਜ਼, ਖਸਰਾ ਨੰ. 1384/102-104, ਖੱਤਾ ਨੰ. 33/40, ਜਮ੍ਹਾਂਬੰਦੀ ਸਾਲ 2015-2016, ਪਿੰਡ ਕੰਗਣਵਾਲ, ਹੱਦਬਸਤ ਨੰ. 245 ਸਬ-ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਸਤਾ 14' ਬਾਹੀ 30', ਪੱਛਮ : ਨੂਤਨ ਕੁਮਾਰੀ ਬਾਹੀ 30', ਉਤਰ : ਗੁਆਂਢ ਬਾਹੀ 45', ਦੱਖਣ : ਰਸਤਾ 10' ਬਾਹੀ 45' |
| 13. | 1. ਸੰਦੀਪ ਸਿੰਘ ਪੁੱਤਰ ਝਿਰਮਲ ਸਿੰਘ ਅਤੇ 2. ਸ੍ਰੀਮਤੀ ਹਰਮਨਪ੍ਰੀਤ ਕੌਰ ਪਤਨੀ ਸ੍ਰੀ ਸੰਦੀਪ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਹਰਮਨਪ੍ਰੀਤ ਕੌਰ ਪਤਨੀ ਸੰਦੀਪ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 16-OCT-2023 | 26-July-2025 | ਰੁ. 66,62,037/- (ਛਿਆਹਠ ਲੱਖ ਬਾਹਠ ਹਜ਼ਾਰ ਸੈਂਤੀ ਰੁਪਏ ਕੇਵਲ) | ਰੁ. 81,50,000/- (ਇਕਾਸੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) | ਬੈਨਾਮਾ ਨੰ. 8669 ਅਤੇ 8666 ਮਿਤੀ 22 ਮਾਰਚ 2021 ਅਨੁਸਾਰ ਸ੍ਰੀ ਅਮਿਤ ਕੁਮਾਰ ਪੁੱਤਰ ਸ੍ਰੀ ਰਾਮ ਸਰੂਪ ਅਤੇ ਸ੍ਰੀਮਤੀ ਹਰਮਨਪ੍ਰੀਤ ਕੌਰ ਪਤਨੀ ਸੰਦੀਪ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ ਇੱਕ ਪਲਾਟ ਰਕਬਾ ਲੰਬਾਈ 118 ਫੁੱਟ, ਚੌੜਾਈ 25 ਫੁੱਟ, ਕੁੱਲ ਰਕਬਾ 327.60 ਵਰਗ ਗਜ਼, ਖਸਰਾ ਨੰ. 39//14/2/2, 15, 16/1, 17/1, 38//4/4, 5/3, 6, 7/1, 39//1/3, 2/3, 8/2, 9, 10, 3/3, 8/1, 11 ਸਾਰੇ ਮਿੰਨ, ਪਿੰਡ ਖਾਨਕੋਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਸਾਹਮਣੇ ਵਾਲਾ ਪਾਸਾ ਲਾਂਘਾ, ਪਿਛਲਾ ਪਾਸਾ : ਹੋਰਨਾਂ ਦੀ ਮਲਕੀਅਤ, ਸੱਜਾ ਪਾਸਾ : ਹੋਰਨਾਂ ਦੀ ਮਲਕੀਅਤ, ਖੱਬਾ ਪਾਸਾ : ਵੇਚਣ ਵਾਲੇ ਦੀ ਮਲਕੀਅਤ। |
| 14. | 1. ਸ੍ਰੀ ਸੁਖਵਿੰਦਰ ਸਿੰਘ ਖਰੌੜ ਪੁੱਤਰ ਹਾਕਮ ਸਿੰਘ ਅਤੇ 2. ਸ੍ਰੀਮਤੀ ਡਿੰਪਲ ਖਰੌੜ ਪਤਨੀ ਸੁਖਵਿੰਦਰ ਸਿੰਘ ਖਰੌੜ। | 06-JULY-2025 | 08-July-2025 | ਰੁ. 3,32,26,877/- (ਤਿੰਨ ਕਰੋੜ ਬੱਤੀ ਲੱਖ ਛੱਬੀ ਹਜ਼ਾਰ ਅੱਠ ਸੌ ਸਤੱਤਰ ਰੁਪਏ ਕੇਵਲ) | ਰੁ. 3,50,00,000/- (ਤਿੰਨ ਕਰੋੜ ਪੰਜਾਹ ਲੱਖ ਰੁਪਏ ਕੇਵਲ) | ਰਿਹਾਇਸ਼ੀ ਜਾਇਦਾਦ ਰਕਬਾ 500 ਵਰਗ ਗਜ਼, ਜਿਸ 'ਚ ਮਕਾਨ ਨੰ. 169, ਫੇਜ਼ 3 ਬੀ 1 (ਸੈਕਟਰ-60), ਐੱਸ ਏ ਐੱਸ ਨਗਰ ਮੋਹਾਲੀ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ |
| 15. | 1. ਸਰਬਜੀਤ ਸਿੰਘ ਪੁੱਤਰ ਜਗੀਰ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਰਾਜਬੀਰ ਕੌਰ ਪਤਨੀ ਸਰਬਜੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-AUG-2025 | 11TH-AUG-2025 | ਰੁ. 13,64,502/- (ਤੇਰਾਂ ਲੱਖ ਚੌਂਹਠ ਹਜ਼ਾਰ ਪੰਜ ਸੌ ਦੋ ਰੁਪਏ ਕੇਵਲ) | ਰੁ. 22,12,500/- (ਬਾਈ ਲੱਖ ਬਾਰਾਂ ਹਜ਼ਾਰ ਪੰਜ ਸੌ ਰੁਪਏ ਕੇਵਲ) | ਬੈਨਾਮਾ ਵਸੀਕਾ ਨੰ. 892 ਮਿਤੀ 28/04/2015 ਅਨੁਸਾਰ ਸਰਬਜੀਤ ਸਿੰਘ ਪੁੱਤਰ ਜਗੀਰ ਸਿੰਘ ਅਤੇ ਰਾਜਬੀਰ ਕੌਰ ਪਤਨੀ ਸਰਬਜੀਤ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 1 ਮਿੰਨ, ਰਕਬਾ 06 ਮਰਲੇ 168 ਵਰਗ ਫੁੱਟ, ਖਸਰਾ ਨੰ. 656/1, 657/1, 658/1, 659/1, 660/1, 661, 662, 663, 664, 665, 666/1, 1408/667, 1410/668, 1412/669, 1414/670, 1416/671, ਜਮ੍ਹਾਂਬੰਦੀ ਸਾਲ 2008-2009, ਹੱਦਬਸਤ ਨੰ. 301, ਗਿੱਲ ਕਾਲੋਨੀ, ਪਿੰਡ ਕਿੰਗਰਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਸੜਕ, ਪੱਛਮ : ਹੋਰ, ਉੱਤਰ : ਮਕਾਨ ਨੰ. 1-ਏ, ਪਿਆਰੀ ਕੌਰ, ਦੱਖਣ : ਰੁਪਿੰਦਰ ਕੌਰ ਦਾ ਪਲਾਟ। |
| 16. | 1. ਸ੍ਰੀ ਸੋਨੂੰ ਪੁੱਤਰ ਸ੍ਰੀ ਵਾਸਦੇਵ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਮਾਧੁਰੀ ਪਤਨੀ ਸੋਨੂੰ (ਸਹਿ-ਕਰਜ਼ਦਾਰ) | 08th-AUG-2025 | 12th-AUG-2025 | ਰੁ. 13,66,254/- (ਤੇਰਾਂ ਲੱਖ ਛਿਆਹਠ ਹਜ਼ਾਰ ਦੋ ਸੌ ਚੁਰੰਜਾ ਰੁਪਏ ਕੇਵਲ) | 1. ਪਾਵਰ ਹੋਮ ਲੋਨ ਸਹੂਲਤ ਰੁਪਏ 7,81,142/- (ਸੱਤ ਲੱਖ ਇਕਾਸੀ ਹਜ਼ਾਰ ਇੱਕ ਸੌ ਬਤਾਲੀ ਰੁਪਏ ਕੇਵਲ) ਅਤੇ ਐਸਟ ਪਾਵਰ ਲੋਨ ਸਹੂਲਤਾ (ਐਲ ਏ ਪੀ) ਰੁਪਏ 7,00,000 (ਸੱਤ ਲੱਖ ਰੁਪਏ ਕੇਵਲ) | ਬੈਨਾਮਾ ਵਸੀਕਾ ਨੰ. 9703 ਮਿਤੀ 02-11-2017 ਅਨੁਸਾਰ ਸ੍ਰੀ ਸੋਨੂ ਪੁੱਤਰ ਸ੍ਰੀ ਵਾਸਦੇਵ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਜਿਸ ਦਾ ਪ੍ਰਾਈਵੇਟ ਨੰ. 109-110 'ਤੇ ਨਿਰਮਤ ਮਕਾਨ, ਰਕਬਾ 65 ਵਰਗ ਗਜ਼ (ਲੰਬਾਈ 39'×ਚੌੜਾਈ 15') ਖਸਰਾ ਨੰ. 1762 ਮਿੰਨ, ਖੱਤਾ/ਖਤੌਨੀ ਨੰ. 700/1218, ਜਮ੍ਹਾਂਬੰਦੀ ਸਾਲ 2012-2013, ਤੁੰਗਪੇਈ-ਸਬ-ਅਰਬਨ, ਅਬਾਦੀ ਮਹਿੰਦਰਾ ਕਾਲੋਨੀ, ਗਲੀ ਨੰ. 1, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਪਲਾਟ ਨੰ. 118-119, ਪੱਛਮ : ਲਾਂਘਾ 23' ਚੌੜਾ, ਉੱਤਰ : ਮਕਾਨ ਦਾ ਬਾਕੀ ਹਿੱਸਾ, ਦੱਖਣ : ਮਕਾਨ ਦਾ ਬਾਕੀ ਹਿੱਸਾ। |
| 17. | 1. ਸ੍ਰੀਮਤੀ ਬਲਜੀਤ ਪਤਨੀ ਸੋਨੂੰ ਕੁਮਾਰ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਸੋਨੂੰ ਕੁਮਾਰ ਪੁੱਤਰ ਓਮ ਪ੍ਰਕਾਸ਼ (ਸਹਿ-ਕਰਜ਼ਦਾਰ) | 08-AUG-2025 | 13th-AUG-2025 | ਰੁ. 17,39,614/- (ਸਤਾਰਾਂ ਲੱਖ ਉਨਤਾਲੀ ਹਜ਼ਾਰ ਛੇ ਸੌ ਚੌਦਾਂ ਰੁਪਏ ਕੇਵਲ) | ਰੁ. 17,56,798/- (ਸਤਾਰਾਂ ਲੱਖ ਛਪੰਜਾ ਹਜ਼ਾਰ ਸੱਤ ਸੌ ਅਠਾਨਵੇਂ ਰੁਪਏ ਕੇਵਲ) | ਬੈਨਾਮਾ ਨੰ. 2023-24/197/1/1433 ਮਿਤੀ 04-07-2023 ਅਨੁਸਾਰ ਸ੍ਰੀਮਤੀ ਬਲਜੀਤ ਪਤਨੀ ਸੋਨੂ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ ਨੰ. 29 ਮਿੰਨ 30 ਮਿੰਨ, ਕੁੱਲ ਖੇਤਰ ਰਕਬਾ 116.92 ਵਰਗ ਗਜ਼, ਖਸਰਾ ਨੰ. 29//3, 4, 7/1, 29//2, 5/1, 7/2, 8/1, 9/1 ਮਿੰਨ, ਖੱਤਾ/ਖਤੌਨੀ ਨੰ. 331/1611, ਜਮ੍ਹਾਂਬੰਦੀ ਸਾਲ 2018-19 ਵਾਕਿਆ ਰਕਬਾ ਵਡਾਲੀ ਗੁਰੂ ਸਬ-ਅਰਬਨ, ਮੀਰੀ-ਪੀਰੀ ਅਕੈਡਮੀ ਰੋਡ, ਅਬਾਦੀ ਸੰਨ੍ਹ ਸਾਹਿਬ, ਸੰਨ੍ਹ ਸਾਹਿਬ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 30 (ਗੁਰਮੀਤ ਸਿੰਘ), ਪੱਛਮ : ਪਲਾਟ ਨੰ. 29 ਮਿੰਨ, ਉਤਰ : ਪਲਾਟ ਨੰ. 18-19 (ਹੋਰਨਾਂ ਦੀ ਮਲਕੀਅਤ), ਦੱਖਣ : ਗਲੀ |
| 18. | 1. ਸ੍ਰੀ ਗਗਨਦੀਪ ਸਿੰਘ ਪੁੱਤਰ ਹਰਮਿੰਦਰ ਪਾਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਹਰਜਿੰਦਰ ਰਾਣੀ ਪਤਨੀ ਗਗਨਦੀਪ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-AUG-2025 | 14th-AUG-2025 | ਰੁ. 15,96,015/- (ਪੰਦਰਾਂ ਲੱਖ ਛਿਆਨਵੇਂ ਹਜ਼ਾਰ ਪੰਦਰਾਂ ਰੁਪਏ ਕੇਵਲ) | ਪਾਵਰ ਹੋਮ ਲੋਨ ਸਹੂਲਤ ਰੁਪਏ (PHR068505515460) ਰੁਪਏ 10,80,000/- ਅਤੇ 2. ਪਾਵਰ ਹੋਮ ਲੋਨ ਸਹੂਲਤ (PHR068505837644) ਰੁਪਏ 5,00,000/- | ਬੈਨਾਮਾ ਦਸਤਾਵੇਜ਼ ਨੰ. 2020-21/93/1/7453 ਮਿਤੀ 13 ਨਵੰਬਰ 2020 ਅਨੁਸਾਰ ਸ੍ਰੀ ਗਗਨਦੀਪ ਸਿੰਘ ਪੁੱਤਰ ਹਰਮਿੰਦਰ ਪਾਲ ਸਿੰਘ ਅਤੇ ਸ੍ਰੀਮਤੀ ਹਰਜਿੰਦਰ ਰਾਣੀ ਪਤਨੀ ਗਗਨਦੀਪ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਜਿਸ ਦਾ ਪ੍ਰਾਈਵੇਟ ਨੰ. 14 ਮਿੰਨ ਤੇ 15 ਮਿੰਨ 'ਤੇ ਨਿਮਰਤ ਮਕਾਨ, ਰਕਬਾ 71.31 ਵਰਗ ਗਜ਼, ਖਸਰਾ ਨੰ. 13//14, ਖੱਤਾ/ਖਤੌਨੀ ਨੰ. 1438/1997, ਜਮ੍ਹਾਂਬੰਦੀ ਸਾਲ 2014-2015, ਕੋਟ ਖਾਲਸਾ ਸਬ-ਅਰਬਨ ਅਬਾਦੀ ਅਵਤਾਰ ਐਵੇਨਿਊ, (ਅਵਤਾਰ ਸਿੰਘ ਐਵੇਨਿਊ) ਨੇੜੇ ਇੰਦਰਾ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਮਕਾਨ ਨੰ. 14 ਤੇ 15 ਦਾ ਬਾਕੀ ਹਿੱਸਾ, ਪੱਛਮ : ਖਾਲੀ ਪਲਾਟ/ਹੋਰਨਾਂ ਦੀ ਮਲਕੀਅਤ, ਉਤਰ : ਹੋਰਨਾਂ ਦੀ ਮਲਕੀਅਤ, ਦੱਖਣ : ਸੜਕ 17' ਚੌੜੀ। |
| 19. | 1. ਸ੍ਰੀ ਰਾਮ ਕੁਮਾਰ ਪੁੱਤਰ ਅਵਤਾਰ ਚੰਦ (ਕਰਜ਼ਦਾਰ) ਅਤੇ 2. ਸ੍ਰੀਮਤੀ ਸੁਨੀਤਾ ਰਾਜਪੂਤ ਪਤਨੀ ਰਾਮ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 08-AUG-2025 | 14th-AUG-2025 | ਰੁ. 15,06,271/- (ਪੰਦਰਾਂ ਲੱਖ ਛੇ ਹਜ਼ਾਰ ਦੋ ਸੌ ਇੱਕਹਤਰ ਰੁਪਏ ਕੇਵਲ) | ਰੁ. 15,33,792/- (ਪੰਦਰਾਂ ਲੱਖ ਤੇਤੀ ਹਜ਼ਾਰ ਸੱਤ ਸੌ ਬਾਨਵੇਂ ਰੁਪਏ ਕੇਵਲ) | ਬੈਨਾਮਾ ਨੰ. 2021-22/30/1/2788 ਮਿਤੀ 21-12-2021 ਅਨੁਸਾਰ ਸ੍ਰੀਮਤੀ ਸੁਨੀਤਾ ਰਾਜਪੂਤ ਪਤਨੀ ਰਾਮ ਕੁਮਾਰ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ 04 ਮਰਲੇ, ਕੁੱਲ ਜ਼ਮੀਨ ਖੇਤਰ 47 ਕਨਾਲਾਂ 12 ਮਰਲੇ ਦਾ 66/15232 ਹਿੱਸਾ, ਖਸਰਾ ਨੰ. 2139/19-17, 8656/2140/11-10, 8658/6072/2144/16-5, ਕਪੂਰਥਲਾ ਗਰਬੀ ਅਬਾਦੀ, ਨਰੋਤਮ ਵਿਹਾਰ, ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਬਲਵਿੰਦਰ ਸਿੰਘ ਦਾ ਮਕਾਨ, ਪੱਛਮ : ਸੜਕ, ਸੜਕ, ਉੱਤਰ : ਬਲਵਿੰਦਰ ਕੌਰ ਦਾ ਮਕਾਨ, ਦੱਖਣ : ਪ੍ਰਿਆ ਪਤਨੀ ਨੀਰਜ ਕੁਮਾਰ ਦਾ ਮਕਾਨ। |

ਇਸ ਲਈ ਇਹ ਜਨਤਕ ਨੋਟਿਸ ਸਿੱਧੇ ਸੰਚਾਰ ਹਿੱਤ ਜਾਰੀ ਕੀਤਾ ਗਿਆ ਹੈ।
ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ, ਜਿੱਥੇ ਲਾਗੂ ਹੈ, ਨੂੰ ਬਕਾਇਆ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਹੈ। ਅਸਫਲ ਰਹਿਣ 'ਤੇ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਤਹਿਤ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਹਵਾਲਾ ਲੈਣ ਲਈ ਕਿਹਾ ਜਾਂਦਾ ਹੈ।
ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (13) ਅਧੀਨ ਕਰਜ਼ਦਾਰ ਇਸ ਨੋਟਿਸ ਦੇ ਹਵਾਲੇ ਵਾਲੇ ਉਸ ਦੇ ਸਕਿਉਰਡ ਐੱਸਟ, ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ, ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 30.08.2025 | ਸਥਾਨ : ਪੰਜਾਬ | (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ




## Change of Name

I, Gurprit Kaur W/o Surjit Singh R/o H. No. 61 Urban Estate Phase 1, Jalandhar have changed my name from Gurprit Kaur to Gurpreet Kaur. Please note.

I, Anushika Bahree D/o Sh. Viney Bahree, R/o H.No. 167 Tara Singh Avenue, Kapurthala Road Jalandhar have changed my name from Anushika Bahri to Anushika Bahree. All concerned note please.

I, Harpreet Singh Samra S/O Baldev Singh R/O H.No. 178, Lane No.4, Green City, Ajnala Road, Amritsar, Punjab have changed my name from Harpreet Singh Samra to Harpreet Singh. Concerned note.

I, Tarsam Singh S/o Swittar Singh R/o VPO Barnala Kalan, Distt. S.B.S Nagar - 144516, Punjab Have changed my name from Tarsam Singh to Tarsem Singh. All note.

I, Sushant S/o Faqir Chand R/o 87/2, Shaheed Babu Labh Singh Nagar, Jalandhar, Punjab have changed my name from Sushant to Sushant Kajla. ( Kajla as Surname). All note.

I, Yashpal Singh S/o Avtar Singh R/o H.No.109, Baba Deep Singh Colony Inside Chattiwind Gate Amritsar have changed my name from Yashpal Singh to Yashpal Singh Bhatia.

I Ranjit Singh Arora S/o Kartar Singh Resident of 1067/1, Gali Sita Ram, Katra Ahluwalia, Amritsar-I, Amritsar. I have changed my name from Ranjit Singh Arora to Ranjit Singh. All concerned please note.

I Abhilash Jain alias Avilash Chander Jain S/o Durga Dass Jain Resident of H No. 289/11, Gali Lamba wali, Chaurasti Attari, Amritsar. I have changed my name from Abhilash Jain alias Avilash Chander Jain to Avilash Chander Jain. All concerned please note.

I, Ujjwal Kaur D/o Tejpal Singh R/o 210, Partap Avenue, Gali Sufi Wali, G.T Road, Amritsar have declare that Ujjwal is my Given name and Kaur is my Surname.

I, Rachhpal Singh S/o Ralla Singh R/o VPO Udhanwal Teh Batala Distt Gurdaspur have changed my name from Rachhpal Singh to Rashpal Singh.

I, Mejar Singh S/o Balkar Singh R/o Jodh Singhwala, PO Bhangala District Tarn Taran have changed my name from Mejar Singh to Major Singh.

I Gurjit Kaur W/o Inderjit Singh resident of Mehar Chand Road, Colony Basant Avenue Near Spice Tower Gurdaspur have changed my name from Gurjit Kaur to Gurjeet Kaur concerned note please.

I Simranjit kaur w/o Gursewak Singh Josan R/o H. No. 178 Rana Garden Mehta Road Amritsar Punjab have changed my name from Simranjit kaur to Simran kaur.

I Ramandeep Singh S/o Dalbir Singh R/O H.No.69 , Kali Mata Mandir Wali Gali, Beant Nagar PO. Ladhewali Distt. Jalandhar 144007 Have Changed My first Name to Ramandeep And Singh as a Surname.

I, Shamsher Singh S/O Labh Singh, R/o Ward 3, Billing Colony, Near Punjab Residency, Banur,Sas Nagar(Mohali), Punjab- 140601, have changed my name and shall hereafter be Known as Shamsher Singh Billing.

I, Neelam W/o Gurwinder Singh R/o VPO. Chachrari, Tehsil Phillaur, Distt. Jalandhar, Punjab-144409, India declare that Neelam & Neelam Rani both names are one and the same person. All concerned please note.

I, Randeep Kumar S/o Darshan Lal Jeed R/o House No. B9 425/3A, Santokhpura, Jalandhar, Punjab have changed my name from Randeep Kumar to Randeep Kumar Jeed. All concerned please note.

I, Chander Prakash S/o Darshan Lal R/o H.No. B-1/848, Ram Nagar, Jalandhar, Punjab have changed my name from Chander Prakash to Chander Parkash. All concerned please note.

I, KM Nirmala W/o Neel Kanth R/o H.No.58, First Floor HIG Flats, Guru Gobind Singh Avenue, Jalandhar have changed my name to Kumari Nirmala. All concerned please note.

I, Neha Devi D/o Balbir Singh R/o V. Hirbeh, Kamahi Devi, Hoshiarpur, Punjab have changed my name to Neha Choudhary. All concerned please note.

I, Dilbagh Singh S/o Rawel Singh R/o H.No. 116, New Baba Budha Ji Nagar, Rama Mandi, Dakoha, Distt. Jalandhar, Punjab-144023 have changed my name from Dilbagh Singh to Dilbag Singh. All concerned please note.

I, Sunil Malaviya s/o Jyotish Prasad Malviya r/o H.no. 489, Guru Gobind Singh Avenue, Chogitti. Jalandhar-1 have changed my name to Sunil Kumar Malviya for all future purposes.

I, Sunil Kumar Malviya s/o Jyotish Prasad Malviya r/o H.no.489, Guru Gobind Singh Avenue, Chogitti. Jalandhar-1 have changed my minor son's name from Manav Malaviya to Manav Malviya for all future purposes.

I, Kirandeep w/o Chatar Dass r/o VPO. Chachoki, Distt. Kapurthala have changed my name to Kirandeep Kaur (Surname as Kaur). All Please Note.

I, Gurpreet Kumar s/o Manjit Kumar r/o VPO. Mehtan, Tehsil Phagwara, Distt. Kapurthala declared that my Given name as Gurpreet & Surname as Kumar. All Please Note.

I, Gurdip Kaur w/o Swaran Singh r/o VPO. Pattar Kalan, Distt. Jalandhar, Punjab have changed the spelling of my name from Gurdip Kaur to Gurdeep Kaur. All Please Note.

I, Gagandeep w/o Gursandeep Singh r/o Vill. Dalamwal, Po. Bulhowal, Distt.Hoshiarpur, Punjab have changed my name to Gagandeep Saini. All Please Note.

## Change of Name

I, Rudraksh s/o Rishi Kant r/o H.No.33, Mohalla No. 16, Jalandhar Cantt have changed my name from Rudraksh to Rudraksh Sharma. All Please Note.

I, Shalini Rani W/o Deepak Sidhu R/o H.No.16, Green City Colony, Pholriwal, Po. Garha, Jalandhar have changed my name from Shalini Rani to Shalini Maurya. All Please Note.

I, Mandeep Kumari W/o Madan Lal R/o Patti Mallo Virk, V.P.O Virk Teh. Phillaur, Distt. Jalandhar have changed my name Mandeep as given name and Kumari as a Surname. All Please Note.

I, Kuldeep Kumar S/o Chaman Lal R/o VPO. Kultham, Teh. Banga, Distt. Shaheed Bhagat Singh Nagar have changed my name from Kuldeep Kumar to Mohammad Abdullah. All Please Note.

I, hitherto known as Ruchika D/o Daljit Singh R/o VPO. Jaja, Teh. Dasuya, Distt. Hoshiarpur, Punjab- 144212, have changed my name and shall hereafter be known as Ruchika Chander.

I, hitherto known as Kishno Devi W/o Pritam Chand residing at P.O Ghiala, Tehsil and Distt. Pathankot, Distt. Gurdaspur, Punjab 145101, have changed my name and shall hereafter be known as Krishna Devi.

I, hitherto known as Amanpreet C/o Sahil Mahey R/o H.No. B-1/782, Ram Nagar, PO. Grain Market, Distt. Jalandhar, Punjab 144008 have changed my name and shall hereafter be known as Amanpreet Mahey.

I, Aarti W/o Manpreet Singh R/o H.No.3855, Mohalla Gouns, Nakodar, Jalandhar, Punjab have changed my name from Aarti to Aarti Kaur. (Kaur as surname) All Please Note.

I, Gurminder Singh S/o Gopal Dass R/o H.No.429, Patti Neawal, V.P.O. Bundala, Jalandhar, Punjab-144034 have changed my name to Gurminder as Given Name and Singh as Surname. All Please Note.

Wrong : Ramanjeet Kaur W/o Parwinder Singh R/o Vill. Naushera , P.O. Pull Tibri, Distt. Gurdaspur, Pin-143530, Right : Surname : Kaur, Given Name : Ramanjeet W/o Parwinder Singh, Vill. Naushera , P.O. Pull Tibri, Distt. Gurdaspur, Pin-143530

## PUBLIC NOTICE

I, Kulwinder Kaur W/o Kashmir Singh resident Vill. Bahadur PO. Pul Tibri, Teh. & Distt. Gurdaspur Punjab 143530. Declare that my date of birth 01.01.1976 wrongly mentioned in my Passport record but my correct Date of Birth is 04-08-1972.

I, Sukhdip Singh S/O Harkmeer Singh, R/o V.P.O Bhittiwala, Sri Muktsar Sahib, Punjab- 152113. Declare that Name of My Father and My Mother has been wrongly written as Harkamir Singh and Parmjit Kaur in my All Educational Documents. The actual name of My Father and My Mother are Harkmeer Singh and Parmjeet kaur, which may be amended accordingly.

## ਆਮ ਸੂਚਨਾ

ਮੈਂ, ਸੁਨੀਤਾ ਪਤਨੀ ਬਲਵੀਰ ਵਾਸੀ ਬੀ-1-787, ਰਾਮ ਨਗਰ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਹੰਸਿਕਾ ਕੁਮਾਰੀ ਦੇ 10ਵੀਂ ਦੇ ਯੋਗਤਾ ਸਰਟੀਫਿਕੇਟ 'ਤੇ ਉਸ ਦਾ ਨਾਂਅ ਹੰਸਿਕਾ ਲਿਖਿਆ ਹੈ, ਜਦਕਿ ਉਸ ਦਾ ਸਹੀ ਨਾਂਅ ਜਨਮ ਸਰਟੀਫਿਕੇਟ ਅਨੁਸਾਰ ਹੰਸਿਕਾ ਕੁਮਾਰੀ ਹੈ। ਉਸ ਦਾ ਅਸਲ ਨਾਂਅ ਹੰਸਿਕਾ ਕੁਮਾਰੀ ਹੈ। ਸੰਬੰਧਤ ਨੋਟ ਕਰਨ।

... ਕੁਨੈਕਸ਼ਨ AP44/1211Y ਸੰਤੋਖ ਸਿੰਘ ਪੁੱਤਰ ਧਰਮ ਸਿੰਘ ਦੇ ਨਾਮ ਚੱਲ ਰਿਹਾ ਹੁਣ ਸਵਿੰਦਰ ਸਿੰਘ ਪੁੱਤਰ ਧਰਮ ਸਿੰਘ ਆਪਣੇ ਨਾਂਅ ਕਰਵਾ ਰਿਹਾ । ਇਤਰਾਜਕਰਤਾ 15 ਦਿਨਾਂ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ, ਜੋੜਾਂ ਛੱਤਰਾ ਨੂੰ ਪੇਸ਼ ਕਰੇ ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP46-0579 ਜੋ ਕਿ ਕੇਵਲ ਸਿੰਘ ਪੁੱਤਰ ਗੁਰਦਿੱਤ ਸਿੰਘ ਪਿੰਡ ਤੁੰਗ ਦੇ ਨਾਮ ਤੇ 17.5 ਬੀ.ਐਚ.ਪੀ ਦਾ ਚੱਲ ਰਿਹਾ ਹੈ ਜੋ ਕਿ ਦਵਿੰਦਰ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਤੁੰਗ ਦੇ ਨਾਂਅ ਤੇ ਤਬਦੀਲ ਹੋ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ ਹੋਵੇ ਤਾ ਉਹ 15 ਦਿਨ ਦੇ ਅੰਦਰ ਅੰਦਰ ਸਬ ਡਵੀਜਨ ਉਪ ਮੰਡਲ ਅਫਸਰ ਹਰੀਕੇ ਵਿਖੇ ਜਤਾ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ ਰਾਜਵਿੰਦਰ ਕੌਰ ਵਿਧਵਾ ਰਸ਼ਪਾਲ ਸਿੰਘ, ਵਾਸੀ ਲੋਹਾਰਾਂਵਾਲਾ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੀ ਲੜਕੀ ਕੋਮਲਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ, ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਬਗੀਚਾ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਸਭਰਾ, ਤਹਿਸੀਲ ਪੱਟੀ ਜਿਲਾ ਤਰਨਤਾਰਨ ਦਾ ਰਹਿਣ ਵਾਲਾ ਹਾ । ਮੇਰੀ ਲੜਕੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋ ਬਾਹਰ ਹੈ। ਮੈ ਆਪਣੀ ਲੜਕੀ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਵਿੱਚੋ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸਤਨਾਮ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਬਠੁੱਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਅਤੇ ਉਸਦੀ ਘਰਵਾਲੀ ਪਰਮਜੀਤ ਕੌਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ ਮੈਂ ਆਪਣੀ ਜਮੀਨ ਜਾਇਦਾਦ ਅਤੇ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਤਰਾਂ ਦਾ ਕੋਈ ਲੈਣ ਦੇਣ ਕਰੇਗਾ ਜਾਂ ਸਬੰਧ ਰਖੇਗਾ, ਉਹ ਉਸਦਾ ਖੁਦ ਜਿੰਮੇਵਾਰ ਹੋਵੇਗਾ। ਅੱਜ ਤੋਂ ਮੇਰਾ ਤੇ ਮੇਰੇ ਪਰਿਵਾਰ ਦਾ ਨਾਲ ਕੋਈ ਸੰਬਧ ਵਾਸਤਾ ਨਹੀ ਰਿਹਾ।

ਮੈਂ ਪਰਵੀਨ ਸੋਨੀ ਪਤਨੀ ਪੁਸ਼ਪਿੰਦਰ ਲਾਲ ਵਾਸੀ ਹਾਜੀਪੁਰ ਤਹਿਸੀਲ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਮੇਰਾ ਲੜਕਾ ਸੰਦੀਪ ਸੋਨੀ ਅਤੇ ਨੂੰ ਦਲਜੀਤ ਕੌਰ ਉਰਫ ਸਵੀਟੀ ਅਤੇ ਪੋਤਰੀ ਰਿਦੀਮਾ ਸੋਨੀ ਮੇਰੇ ਕਹਿਣ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚਲ ਅਚਲ ਸੰਪਤੀ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਮਹਿੰਦਰ ਸਿੰਘ ਪੁੱਤਰ ਲੇਟ ਕਿਸ਼ਨ ਚੰਦ ਵਾਸੀ ਪਿੰਡ ਤੇ ਡਾਕਖਾਨਾ ਬੋਹਣ, ਤਹਿਸੀਲ ਤੇ ਜਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ 'ਹਰਵਿੰਦਰ ਸਿੰਘ' ਅਤੇ ਉਸਦੀ ਪਤਨੀ ਗੁਰਵਿੰਦਰ ਕੌਰ ਜੋ ਕਿ ਮੇਰੇ ਕਹਿਣ ਤੋ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬਧ ਨਹੀਂ ਰਿਹਾ ਹੈ । ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ । ਸਾਰੇ ਸਬੰਧਤ ਨੋਟ ਕਰਨ ।

ਮੈਂ, ਭਜਨ ਕੌਰ ਪਤਨੀ ਸਵ: ਦੇਵ ਸਿੰਘ ਵਾਸੀ ਚੂਹੜ ਚੱਕ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਤਾਪ ਅਤੇ ਮੇਰੀ ਨੂੰਹ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ।

ਮੈਂ, ਲਾਭ ਸਿੰਘ ਪੁੱਤਰ ਪਾਲ ਸਿੰਘ, ਵਾਸੀ ਪਿੰਡ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਦੇਵ ਸਿੰਘ ਵਾਸੀ ਮਕਾਨ ਨੰ: 23/811, ਮੋਟਾਂ ਵਾਲਾ ਵਿਹੜਾ, ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਉਰਫ ਕਾਲੂ ਅਤੇ ਉਸ ਦੀ ਪਤਨੀ ਮੋਨਾ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੀ ਪਤਨੀ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਵਿੰਦਰ ਕੁਮਾਰ ਪੁੱਤਰ ਸ੍ਰੀ ਰੂਪ ਲਾਲ ਵਾਸੀ ਮਕਾਨ ਨੰ: 318, ਸੋਡਲ ਰੋਡ, ਸ਼ਿਵ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪੂਜਾ ਵਰਮਾ (ਸ਼ਾਦੀਸ਼ੁਦਾ) ਜੋ ਆਪਣੇ ਸਹੁਰੇ ਘਰ ਰਹਿੰਦੀ ਹੈ। ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਅਤੇ ਮੇਰੇ ਪਰਵਾਰ ਨਾਲ ਲੜਾਈ-ਝਗੜਾ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸੁਰਜਨ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਵੀ.ਪੀ.ਓ.ਬਹੋੜੂ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦੀ ਹੈ ਅਤੇ ਉਸਨੇ ਸਾਡੀ ਮਰਜੀ ਤੋਂ ਬਿਨਾਂ ਅਮਨਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਨਾਲ ਸ਼ਾਦੀ ਕਰ ਲਈ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

## ਨਿਲਾਮੀ ਇਸ਼ਤਿਹਾਰ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਘੋੜੇਨਬ, ਤਹਿਸੀਲ ਲਹਿਰਾ (ਸੰਗਰੂਰ) ਬਨੀ ਵਾਲੇ ਛੱਪੜ ਨੂੰ ਮੱਛੀਆਂ ਪਾਉਣ ਲਈ ਠੇਕੇ ਤੇ ਦੇਣ ਲਈ ਛੱਪੜ ਦੀ ਬੋਲੀ ਮਿਤੀ 25 ਅਗਸਤ 2025 ਨੂੰ ਸਵੇਰੇ 10 ਵਜੇ ਰੱਖੀ ਗਈ ਸੀ , ਪਰ ਬਰਸਾਤ ਹੋਣ ਕਰਕੇ ਠੇਕੇਦਾਰ ਨਹੀਂ ਪਹੁੰਚੇ ਇਸ ਲਈ ਬੋਲੀ ਮੁਲਤਵੀ ਕੀਤੀ ਗਈ ਤੇ ਹੁਣ ਇਹ ਬੋਲੀ 2 ਸਤੰਬਰ 2025 ਨੂੰ ਸਵੇਰੇ 11 ਵਜੇ ਧਾਨਕ ਧਰਮਸ਼ਾਲਾ ਵਿਖੇ ਕੀਤੀ ਜਾਵੇਗੀ, ਬੋਲੀ ਦੀਆਂ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ।

ਰਾਮਪਾਲ
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਲਹਿਰਾਗਾਗਾ

ਸਰਪੰਚ
ਲਖਵੀਰ ਸਿੰਘ
9653310464

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਜੋਤ ਤਿਵਾੜੀ ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ-1, ਖਡੂਰ ਸਾਹਿਬ ਜ਼ਿਲ੍ਹਾ ਤਰਨ ਤਾਰਨ।

ਕਿਸਮ ਕੇਸ : ਤਕਸੀਮ ਕੇਸ ਨੰ: 56
ਵਾਕਿਆ ਰਕਬਾ ਪਿੰਡ : ਕੁੜੀਵਲਾਹ ।

1. ਜਗੀਰ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, 2. ਅਮਰਜੀਤ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਪਿੰਡ ਕੁੜੀਵਲਾਹ, ਤਹਿਸੀਲ ਖਡੂਰ ਸਾਹਿਬ।
......... ਸਾਇਲ ਧਿਰ

ਬਨਾਮ

1. ਗੁਰਮੇਜ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕੇਸਰ ਸਿੰਘ,
2. ਅਨੋਖ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕੇਸਰ ਸਿੰਘ,
3. ਸਬੇਗ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕੇਸਰ ਸਿੰਘ,
4. ਤਰਲੋਕ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕੇਸਰ ਸਿੰਘ,
5. ਹਰਦੀਪ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਕੇਸਰ ਸਿੰਘ,
6. ਹਰਭੁਪਿੰਦਰ ਸਿੰਘ ਪੁੱਤਰ ਸਬੇਗ ਸਿੰਘ ਪੁੱਤਰ ਅਜੀਤ ਸਿੰਘ
7. ਜਸਵਿੰਦਰ ਸਿੰਘ ਪੁੱਤਰ ਸਬੇਗ ਸਿੰਘ ਪੁੱਤਰ ਅਜੀਤ ਸਿੰਘ
ਵਾਸੀਆਨ ਪਿੰਡ ਕੁੜੀਵਲਾਹ, ਤਹਿ: ਖਡੂਰ ਸਾਹਿਬ।

ਤਕਸੀਮ ਅਧੀਨ ਜ਼ੇਰ ਧਾਰਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ 1887 ਖੇਵਟ ਨੰਬਰ 154/157 ਖਤੌਨੀ ਨੰਬਰ 454 ਕਿੱਤੇ 1, ਕੁੱਲ ਰਕਬਾ 18 ਮਰਲੇ ਵਾਕਿਆ ਰਕਬਾ ਪਿੰਡ ਕੁੜੀਵਲਾਹ, ਜਮ੍ਹਾਂਬੰਦੀ ਸਾਲ 2017-18 ਤਹਿ: ਖਡੂਰ ਸਾਹਿਬ।

ਉਕਤ ਅਨੁਵਾਨ ਤਕਸੀਮ ਕੇਸ ਵਿਚ ਅਦਾਲਤ ਨੂੰ ਉੱਤਰਵਾਦੀਆਂ ਦੀ ਇਤਲਾਹ ਸਾਧਾਰਣ ਤਰੀਕੇ ਨਾਲ ਨਾ ਹੋਣ ਦੀ ਤਸੱਲੀ ਹੋ ਚੁੱਕੀ ਹੈ।ਇਸ ਲਈ ਉਕਤ ਦਰਜ ਸਾਰੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵਾਈ ਲਈ ਮਿਤੀ 23.09.2025 ਨੂੰ/ਤੱਕ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਪੈਰਵਾਈ ਕਰ ਸਕਦੇ ਹਨ।ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਜੇਕਰ ਉੱਤਰਵਾਦੀ ਧਿਰ ਉਕਤ ਤਾਰੀਖ 'ਤੇ ਹਾਜ਼ਰ ਨਹੀਂ ਆਉਂਦੇ ਤਾਂ ਉਨ੍ਹਾਂ ਦੇ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 28.08.2025 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ-1, ਖਡੂਰ ਸਾਹਿਬ।
ਨੰਬਰ: ਰੀਡਰ 134 ਮਿਤੀ : 28.08.25

## COURT NOTICE

(U/o 5 Rule 20 CPC)
(Succession Case)
In The Court of
**Dr. Sushil Bodh**
Additional Civil Judge (Senior Division), Jalandhar
CNR No.:- PBJL02-001130-2025
Next Date :- 29-09-2025
Raj Kumar
Vs.
General Public
Notice To: General Public
: General Public

In above titled case, the accused could not be served. It is ordered that accused should appear in person or through counsel on 29-09-2025 at 10.00 a.m.

For details logon to https://highcourtchd.gov.in/?mod=district_notice&district=Jalandhar

Additional Civil Judge (Senior Division), Jalandhar
Dated, this day of 27-08-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਜੋਤ ਤਿਵਾੜੀ ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ-1, ਖਡੂਰ ਸਾਹਿਬ ਜ਼ਿਲ੍ਹਾ ਤਰਨ ਤਾਰਨ।
ਕਿਸਮ ਕੇਸ : ਤਕਸੀਮ ਕੇਸ ਨੰ. : 55
ਵਾਕਿਆ ਰਕਬਾ ਪਿੰਡ ਕੁੜੀਵਲਾਹ।
1. ਜਗੀਰ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, 2. ਅਮਰਜੀਤ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਪਿੰਡ ਕੁੜੀਵਲਾਹ, ਤਹਿਸੀਲ ਖਡੂਰ ਸਾਹਿਬ। ...... ਸਾਇਲ ਧਿਰ

# ਭਾਰਤੀ ਰੇਲ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹਾਦਤ ਦਿਨ ਨੂੰ ਸ਼ਰਧਾਪੂਰਵਕ ਮਨਾਏਗੀ



**ਨਵੀਂ ਦਿੱਲੀ** :- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਹੇਠ, ਭਾਰਤੀ ਰੇਲ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਦਿਨ ਨੂੰ ਸ਼ਰਧਾਪੂਰਵਕ ਮਨਾਏਗੀ ਢੰਗ ਨਾਲ ਮਨਾਉਣ ਜਾ ਰਹੀ ਹੈ। ਇਸ ਪਹਿਲ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਗੁਰੂ ਤੇਗ ਬਹਾਦਰ ਜੀ ਦੀਆਂ ਉਪਦੇਸ਼ਾਂ ਅਤੇ ਬਲਿਦਾਨਾਂ ਨਾਲ ਜਾਣੂ ਕਰਵਾਉਣਾ ਹੈ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਲਈ ਆਪਣਾ ਸਰਵੋਚ ਬਲਿਦਾਨ ਦਿੱਤਾ। ਨਵੀਂ ਦਿੱਲੀ ਸਥਿਤ ਰੇਲ ਭਵਨ ਵਿੱਚ ਆਯੋਜਿਤ ਉੱਚ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰੇਲ ਅਤੇ ਖਾਦ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਨੇ ਕਿਹਾ ਕਿ ਭਾਰਤੀ ਰੇਲ ਇਸ ਇਤਿਹਾਸਕ ਆਯੋਜਨ ਲਈ ਵੱਖ-ਵੱਖ ਸਿੱਖ ਸੰਸਥਾਵਾਂ ਤੋਂ ਪ੍ਰਾਪਤ ਸਾਰੇ ਕੀਮਤੀ ਸੁਝਾਵਾਂ ਦਾ ਸੁਆਗਤ ਕਰਦੀ ਹੈ। ਇਹ ਪਹਿਲ ਭਾਰਤੀ ਰੇਲ ਅਤੇ ਸਿੱਖ ਭਾਈਚਾਰੇ ਵਿਚਕਾਰ ਇਤਿਹਾਸਕ ਸਹਿਯੋਗ ਦੀ ਨਿਸ਼ਾਨੀ ਹੈ। ਸ਼੍ਰੀ ਰਵਨੀਤ ਸਿੰਘ ਨੇ ਦੱਸਿਆ ਕਿ ਇਹ ਪਹਿਲੀ ਵਾਰੀ ਹੈ ਕਿ ਰੇਲ ਭਵਨ ਵਿੱਚ ਪ੍ਰਮੁੱਖ ਸਿੱਖ ਸੰਸਥਾਵਾਂ ਦੀਆਂ ਜ਼ਰੂਰਤਾਂ ਅਤੇ ਸੁਝਾਵਾਂ 'ਤੇ ਵਿਚਾਰ ਕਰਨ ਲਈ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਹੇਠ ਲਿਖੇ ਮੁੱਖ ਸੁਝਾਵਾਂ 'ਤੇ ਵਿਚਾਰ ਕੀਤਾ ਗਿਆ । ਗੁਰੂ ਤੇਗ ਬਹਾਦਰ ਜੀ ਦੀਆਂ ਸਾਖੀਆਂ ਅਤੇ ਸ਼ਲੋਕਾਂ ਨੂੰ ਦੇਸ਼ ਭਰ ਦੇ ਰੇਲਵੇ ਸਟੇਸ਼ਨਾਂ ਅਤੇ ਰੇਲਗੱਡੀਆਂ ਵਿੱਚ ਪ੍ਰਦਰਸ਼ਿਤ ਕੀਤਾ ਜਾਵੇ। ਸ਼ਤਾਬਦੀ ਵਰ੍ਹੇ ਦੌਰਾਨ ਵੱਖ-ਵੱਖ ਸਥਾਨਾਂ ਤੋਂ ਵਿਸ਼ੇਸ਼ ਯਾਦਗਾਰੀ ਰੇਲਗੱਡੀਆਂ ਚਲਾਈਆਂ ਜਾਣ। ਹਰਿਆਣਾ, ਪਟਨਾ ਅਤੇ ਹਜ਼ੂਰ ਸਾਹਿਬ ਸਥਿਤ ਸਾਰੇ ਰੇਲਵੇ ਸਟੇਸ਼ਨਾਂ ਉੱਤੇ ਪੰਜਾਬੀ ਭਾਸ਼ਾ ਵਿੱਚ ਸਾਈਨਬੋਰਡ ਲਗਾਏ ਜਾਣ। ਮੀਟਿੰਗ ਵਿੱਚ ਹਾਜ਼ਰ ਰਹੇ ਪ੍ਰਮੁੱਖ ਸਿੱਖ ਪ੍ਰਤੀਨਿਧੀਆਂ ਵਿੱਚ ਸਰਦਾਰ ਮੰਜਿੰਦਰ ਸਿੰਘ ਸਿਰਸਾ, ਕੈਬਿਨੇਟ ਮੰਤਰੀ, ਦਿੱਲੀ ਸਰਕਾਰ, ਸਰਦਾਰ ਗੁਰਚਰਨ ਗਰੇਵਾਲ, ਮਹਾਂਸਚਿਵ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ), ਸਰਦਾਰ ਜਗਜੋਤ ਸਿੰਘ ਸੋਹੀ, ਪ੍ਰਧਾਨ, ਤਖ਼ਤ ਸ਼੍ਰੀ ਪਟਨਾ ਸਾਹਿਬ, ਸਰਦਾਰ ਜਗਦੀਸ਼ ਸਿੰਘ ਝਿੰਡਾ, ਪ੍ਰਧਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ. ਵਿਜੈ ਸਤਬੀਰ ਸਿੰਘ, ਪ੍ਰਸ਼ਾਸਕ, ਹਜ਼ੂਰ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਦਾਰ ਤਰਲੋਚਨ ਸਿੰਘ, ਸਾਬਕਾ ਸੰਸਦ ਮੈਂਬਰ, ਰਾਜ ਸਭਾ, ਸਰਦਾਰ ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ, ਰਾਜ ਸਭਾ ਅਤੇ ਪ੍ਰਧਾਨ, ਵਰਲਡ ਪੰਜਾਬੀ ਆਰਗਨਾਈਜ਼ੇਸ਼ਨ ਸ਼ਾਮਲ ਸਨ ।

# ਡੇਂਗੂ ਤੋਂ ਬਚਾਅ ਲਈ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ : ਡਾ. ਸੰਗੀਤਾ ਜੈਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਦੇ ਉਨ੍ਹਾਂ ਇਲਾਕਿਆਂ ਵਿਚ ਚੈਕਿੰਗ ਕੀਤੀ ਜਿਥੇ ਮੀਂਹ ਜਾਂ ਹੜ੍ਹਾਂ ਦਾ ਪਾਣੀ ਜਮ੍ਹਾਂ ਹੋਣ ਦੀ ਸੰਭਾਵਨਾ ਰਹਿੰਦੀ ਹੈ ਅਤੇ ਪਾਣੀ ਜਮ੍ਹਾਂ ਹੋਣ ਨਾਲ ਮੱਛਰ ਪੈਦਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਪੇਂਡੂ ਸਿਹਤ ਸਫ਼ਾਈ ਕਮੇਟੀਆਂ ਅਤੇ ਰੈਜ਼ੀਡੈਂਟਸ ਵੈਲਫ਼ੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ।

# ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਦਾ ਰਾਜ ਪੱਧਰੀ 'ਤੇ ਸ਼ਾਨਦਾਰ ਪ੍ਰਦਰਸ਼ਨ



**ਗੁਰਦਾਸਪੁਰ, (ਜਨਕ ਮਹਾਜਨ)**- ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਦੇ ਫੈਂਸਿੰਗ (ਤਲਵਾਰਬਾਜ਼ੀ) ਦੇ ਖਿਡਾਰੀਆਂ ਨੇ ਰਾਜ ਪੱਧਰੀ ਫੈਂਸਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ 13 ਤਮਗੇ (6 ਸੋਨੇ ਦੇ, ਇਕ ਸਿਲਵਰ ਅਤੇ 7 ਕਾਂਸੀ ਦੇ ਤਮਗੇ) ਜਿੱਤ ਕੇ ਆਪਣੀ ਅਕੈਡਮੀ, ਕੋਚਾਂ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਅਕੈਡਮੀ ਦੇ ਪੰਜ ਖਿਡਾਰੀਆਂ (ਭਵਜੀਤ ਸਿੰਘ, ਕੁੰਵਰਪ੍ਰਤਾਪ ਸਿੰਘ, ਅਗਮਦੀਪ ਸਿੰਘ, ਐਰਨ ਅਤੇ ਸਮਰਜੀਤ) ਦੀ ਨੈਸ਼ਨਲ ਪੱਧਰੀ ਫੈਂਸਿੰਗ ਮੁਕਾਬਲਿਆਂ ਲਈ ਚੋਣ ਹੋਈ ਹੈ।ਜੇਤੂ ਖਿਡਾਰੀਆਂ ਦਾ ਖਾਲਸਾ ਸਪੋਰਟਸ ਅਕੈਡਮੀ ਗੁਰਦਾਸਪੁਰ ਵਿਖੇ ਪਹੁੰਚਣ 'ਤੇ ਨੈਸ਼ਨਲ ਸਪੋਰਟਸ ਦਿਵਸ ਮੌਕੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਦੇ ਪ੍ਰਿੰਸੀਪਲ ਹਰਜਿੰਦਰ ਸਿੰਘ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਖਿਡਾਰੀਆਂ, ਉਨ੍ਹਾਂ ਦੇ ਕੋਚਾਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਅਧਿਆਪਕ ਮਨਜੀਤ ਸਿੰਘ, ਅਮਨ, ਗੁਰਨਾਮ ਸਿੰਘ ਚਾਹਲ, ਰਜਿੰਦਰ ਕੁਮਾਰ, ਅਮਨਦੀਪ ਆਦਿ ਹਾਜ਼ਰ ਸਨ।

# ਅਕਾਲ ਅਕੈਡਮੀ ਤਿੱਬੜ ਦੀਆਂ ਲੜਕੀਆਂ ਦੀ ਸੂਬਾ ਪੱਧਰੀ ਗਤਕਾ ਮੁਕਾਬਲੇ ਲਈ ਚੋਣ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਤਿੱਬੜ ਦੇ ਵਿਦਿਆਰਥੀਆਂ ਨੇ 76ਵੀਂ ਸਕੂਲ ਸਿੱਖਿਆ ਵਿਭਾਗ ਦੀਆਂ ਖੇਡਾਂ ਵਿੱਚ ਜ਼ਿਲ੍ਹਾ ਪੱਧਰੀ ਗੱਤਕਾ ਮੁਕਾਬਲਿਆਂ ਵਿੱਚ ਸ਼ਾਨਦਾਨ ਪ੍ਰਦਰਸਨ ਕਰਕੇ ਆਪਣੀ ਅਕੈਡਮੀ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਐਕਡਮੀ ਦੀ ਸਿੰਗਲ ਸੋਟੀ ਟੀਮ ਅੰਡਰ-19 ਦੀਆਂ ਲੜਕੀਆਂ ਦੀ ਸੂਬਾ ਪੱਧਰੀ ਮੁਕਾਬਲੇ ਲਈ ਚੋਣ ਹੋਈ ਹੈ। ਜੇਤੂ ਗੱਤਕਾ ਵਿਦਿਆਰਥੀਆਂ ਦਾ 'ਨੈਸ਼ਨਲ ਸਪੋਰਟਸ ਦਿਵਸ' ਮੌਕੇ ਅਕਾਲ ਅਕੈਡਮੀ ਤਿੱਬੜ ਦੀ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਵਿਸ਼ੇਸ਼ ਸਨਮਾਨ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਗੁਰਦਾਸਪੁਰ ਵਿਖੇ ਹੋਏ ਜ਼ਿਲ੍ਹਾ ਪੱਧਰੀ ਗੱਤਕਾ ਖੇਡ ਮੁਕਾਬਲਿਆਂ ਵਿੱਚ ਉਨ੍ਹਾਂ ਦੀ ਅਕੈਡਮੀ ਦੇ ਵਿਦਿਆਰਥੀਆਂ ਨੇ ਗੱਤਕਾ ਕੋਚ ਪ੍ਰਦੀਪ ਸਿੰਘ ਸੇਵਕ ਦੀ ਰਹਿਨੁਮਾਈ ਹੇਠ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੰਡਰ-14 (ਲੜਕੀਆਂ) ਵਿੱਚ ਸਿੰਗਲ ਸੋਟੀ ਟੀਮ ਨੇ ਦੂਜੀ ਪੁਜ਼ੀਸ਼ਨ ਹਾਸਿਲ ਕੀਤੀ, ਸਿੰਗਲ ਸੋਟੀ ਟੀਮ ਅੰਡਰ-17 ਵਿੱਚ ਦੂਸਰਾ ਸਥਾਨ ਹਾਸਲ ਕੀਤਾ ਅਤੇ ਸਿੰਗਲ ਸੋਟੀ ਟੀਮ ਅੰਡਰ-19 ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਲੜਕਿਆਂ ਦੇ ਮੁਕਾਬਲਿਆਂ ਵਿੱਚ ਕ੍ਰਮਵਾਰ ਅੰਡਰ-14 ਫਰੀ ਸੋਟੀ ਵਿਅਕਤੀਗਤ ਵਿੱਚ ਤੀਜਾ ਸਥਾਨ, ਅੰਡਰ-17 ਸਿੰਗਲ ਸੋਟੀ ਟੀਮ ਵਿੱਚ ਤੀਜਾ ਸਥਾਨ ਅਤੇ ਅੰਡਰ 17 ਫਰੀ ਸੋਟੀ ਵਿਅਕਤੀਗਤ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਜੇਤੂ ਵਿਦਿਆਰਥੀਆਂ ਅਤੇ ਗੱਤਕਾ ਕੋਚ ਪ੍ਰਦੀਪ ਸਿੰਘ ਸੇਵਕ ਦਾ 'ਨੈਸ਼ਨਲ ਸਪੋਰਟਸ ਦਿਵਸ' ਮੌਕੇ ਵਿਸ਼ੇਸ਼ ਸਨਮਾਨ ਕੀਤਾ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰ. ਗੁਰਵਿੰਦਰ ਕੌਰ ਨੇ ਇਹ ਵੀ ਕਿਹਾ ਕਿ ਇਹ ਸ਼ਾਨਦਾਰ ਪ੍ਰਾਪਤੀ ਗੱਤਕਾ ਕੋਚ ਪ੍ਰਦੀਪ ਸਿੰਘ ਸੇਵਕ ਦੁਆਰਾ ਵਿਦਿਆਰਥੀਆਂ ਨੂੰ ਕਰਵਾਈ ਸਖ਼ਤ ਮਿਹਨਤ ਦਾ ਨਤੀਜਾ ਹੈ।

## COURT NOTICE

In The Court of
Ms. Harpreet Kaur-I
Additional Chief Judicial Magistrate Jalandhar
COMA/843/2024
CNR No. :- PBJL03-017558-2024
Next Date:-16-09-2025
Kulwinder Kaur
Vs.
Parminder Kaur
Detail of offence:-
Notice To: Defendants No.
3) Jaswinder Singh @ Lakha
4) Paramjit Kaur
5) Gurmeet Kaur
All R/o VPO. Khusropur, Jalandhar.

In above titled case, the accused could not be served. It is ordered that accused should appear in person or through counsel on 16-09-2025 at 10.00 a.m.

For details logon to https://highcourtchd.gov.in/?mod=district_notice&district=Jalandhar

Additional Chief Judicial Magistrate Jalandhar
Dated, this day of 27-08-2025

## COURT NOTICE

(U/o 5 Rule 20 CPC)
In The Court of
Ms. Namita Sharma
Civil Judge (Junior Division), Jalandhar
CNR No. PBJL02-004958-2024
Next Date:- 16-09-2025
State Bank of India
Vs.
Raman Kumar Kakaria
Suit for grant of decree for recovery of Rs. 284691/- alongwith interest as prayed for.
Publication Issued To:
1. Raman Kumar Kakaria Father : Raj Pal
Prop. M/S. Aar Kay Enterprises, R/o 57/3-b, Central Town, Jalandhar
2. M/S. Aar Kay Enterprises, R/O 57/3-b, Central Town, Jalandhar. Through. Prop. Raman Kumar Kakaria

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 16-09-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division) Jalandhar
Dated, this day of 26-08-2025

## COURT NOTICE

(U/o 5 Rule 20 CPC)
In The Court of
**Parminder Kaur Bains**
Civil Judge (Senior Division), Amritsar
CNR No. PBAS02-004480-2024
Next Date:-23-10-2025
Canara Bank Vs.
Sohang S/o Manjit Rajput R/o A-56, New Model Town, Chheharta, Amritsar
Publication Issued To:
1) Sohang S/o Manjit Rajput, 2) Sh. Manjit Rajput S/o Seeta Ram. Both R/o A-56, New Model Town, Chheharta, Amritsar. 3) Smt. Archana W/o Manjit Rajput, R/O H. No. 293, New Model Town, Chheharta, Amritsar. 4) Sh. Sarabjeet Singh S/o Gurcharan Singh, R/o H.No. 1712, Gali No. 7, Partap Mill, Kartar Nagar, Chheharta, Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar
Dated, this day of 27-08-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਜੋਤ ਤਿਵਾੜੀ ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ-1, ਖਡੂਰ ਸਾਹਿਬ ਜ਼ਿਲ੍ਹਾ ਤਰਨ ਤਾਰਨ।
ਕਿਸਮ ਕੇਸ : ਤਕਸੀਮ ਕੇਸ ਨੰ: 52 ਵਾਕਿਆ ਰਕਬਾ ਪਿੰਡ : ਕੁੜੀਵਲਾਹ
1. ਜਗੀਰ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, 2. ਅਮਰਜੀਤ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਪਿੰਡ ਕੁੜੀਵਲਾਹ, ਤਹਿਸੀਲ ਖਡੂਰ ਸਾਹਿਬ।

## ਅਦਾਲਤੀ ਇਸ਼ਤਿਹਾਰ

...ਦੀ ਤਸੱਲੀ ਹੋ ਚੁੱਕੀ ਹੈ।ਇਸ ਲਈ ਉਕਤ ਦਰਜ ਸਾਰੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵਾਈ ਲਈ ਮਿਤੀ 23.09.2025 ਨੂੰ/ਤੱਕ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਪੈਰਵਾਈ ਕਰ ਸਕਦੇ ਹਨ।ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਜੇਕਰ ਉੱਤਰਵਾਦੀ ਧਿਰ ਉਕਤ ਤਾਰੀਖ 'ਤੇ ਹਾਜ਼ਰ ਨਹੀਂ ਆਉਂਦੇ ਤਾਂ ਉਨ੍ਹਾਂ ਦੇ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 28.08.2025 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ-1, ਖਡੂਰ ਸਾਹਿਬ।
ਨੰਬਰ: ਰੀਡਰ 131 ਮਿਤੀ : 28.08.25

## COURT NOTICE

(U/o 5 Rule 20 CPC)
In The Court of
**Sh. Ajay Pal Singh**
Additional Civil Judge (Senior Division), Hoshiarpur
CNR No. PBHO02-001745-2024
CS/1147/2024
Next Date:- 20-10-2025
Punjab National Bank Branch Office at near ITI, Jalandhar Road, District Hoshiarpur Through its Manager Manju Bala, Daughter of Sh. Ram Lubhaya.
Vs.
1. M/S S.S. Trading, Labh Nagar, Dagana Road, Hoshiarpur Through its Proprietor Khushi Ram Garg Son of Sh. Kedar Nath Garg, 2. Sukhwinder Singh Son of Sh. Sukhdev Singh, resident of House No. B- 22/255/6, Street No. 2, Dagana Road, Labh Nagar, Hoshiarpur.
Publication Issued To:
M/S S.S. Trading, Labh Nagar, Dagana Road, Hoshiarpur Labh Nagar Dagana Road, Hoshiarpur through its Prop. Khushi Ram Garg Son of Sh. Kedar Nath Garg.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 20-10-2025 at 10:00 a.m.

For details logon to https://highcourtchd.gov.in/?trs=district_notice&district=Hoshiarpur

Additional Civil Judge (Senior Division) Hoshiarpur
Dated, this day of 29-08-2025

## COURT NOTICE

(U/o 5 Rule 20 CPC)
In The Court of
Sh. Vineet Kumar Narang
Additional Principal Judge Family Court-I, Jalandhar
CNR No. PBJL01-000098-2025
Next Date:- 26-09-2025
Preety Rani alias Preety aged about 27 years W/o Sh. Gurmit Singh D/o Sh. Bachu Ram R/o Village Hussainpur, PO. Kalyanpur, Distt. Jalandhar
Vs.
GURMIT SINGH Son of Sh. Satpal Singh, R/o Village Uchi Bassi, PO. Lamin, Tehsil Dasuya, Distt. Hoshiarpur.
Publication Issued To:
Gurmit Singh
Son of Sh. Satpal Singh
R/o Village Uchi Bassi, PO. Lamin, Tehsil Dasuya, Distt. Hoshiarpur

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?mod=district notice&district-Jalandhar

Additional Principal Judge Family Court-I, Jalandhar
Dated, this day of 25-08-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਜੋਤ ਤਿਵਾੜੀ ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ-1, ...
ਕਿਸਮ ਕੇਸ : ਤਕਸੀਮ ...
1. ਜਗੀਰ ਸਿੰਘ ... ਅਮਰਜੀਤ ਸਿੰਘ ... ਕੁੜੀਵਲਾਹ ...
1. ਗੁਰਮੇਜ ਸਿੰਘ ... 2. ਅਨੋਖ ਸਿੰਘ ... 3. ਸਬੇਗ ਸਿੰਘ ... 4. ਤਰਲੋਕ ਸਿੰਘ ... 5. ਹਰਦੀਪ ਸਿੰਘ ... 6. ਹਰਭੁਪਿੰਦਰ ਸਿੰਘ ... 7. ਜਸਵਿੰਦਰ ਸਿੰਘ ... ਵਾਸੀਆਨ ਪਿੰਡ ਕੁੜੀਵਲਾਹ ...

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ ...
(ਨੋਟਿਸ ਬਨਾਮ ਆਮ ਜਨਤਾ)
ਕੇਸ ਅਨੁਵਾਨ :- ਜਰਨੈਲ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਕਾਹਨ ਸਿੰਘ, ਵਾਸੀ ਹਾਊ... ਤਹਿਸੀਲ ਵਾ ਜ਼ਿਲ੍ਹਾ ਬਠਿੰਡਾ।

ਬਨਾਮ

1. ਹਰਮਿੰਦਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਕਾਹਨ ਸਿੰਘ ਵਗੈਰਾ ਵਾਸੀਆਨ ... ਮਾਨਸਾ।
ਦਰਖਾਸਤ ਦਰੁਸਤੀ ਗਿਰਦਾਵਰੀ ਅਰਾਜੀ ਤਦਾਦੀ 13 ਕਨਾਲ 01 ਮਰਲੇ, ...

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਨਾਨਕ ਦੇਵ ਦੇ ਵਿਆਹ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 538ਵੇਂ ਵਿਆਹ ਪੁਰਬ ਦੇ ਸੰਬੰਧ ਵਿਚ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਹੈ। ਇਹ ਨਗਰ ਕੀਰਤਨ ਸੁਲਤਾਨਪੁਰ ਲੋਧੀ ਤੋਂ ਚਲਕੇ ਬਟਾਲਾ ਦੇ ਗੁਰਦੁਆਰਾ ਸਤਿਕਰਤਾਰੀਆ ਸਾਹਿਬ ਵਿਖੇ ਸੰਪੂਰਨ ਹੋਵੇਗਾ। ਨਗਰ ਕੀਰਤਨ ਦੀ ਅਰੰਭਤਾ ਮੌਕੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੰਦਰ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰ ਕੇ ਕੀਤੀ। ਇਹ ਨਗਰ ਕੀਰਤਨ ਸ਼ਬਦ ਸਵਾਗਤ ਸ਼ਰਧਾਵਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੁਲਤਾਨਪੁਰ ਲੋਧੀ ਤੋਂ ਆਰੰਭ ਹੋ ਕੇ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਨਗਰ ਕੀਰਤਨ ਸੁਲਤਾਨਪੁਰ ਲੋਧੀ ਤੋਂ ਸ਼ੁਰੂ ਹੋ ਕੇ ਵੱਖ-ਵੱਖ ਥਾਵਾਂ 'ਤੇ ਪੁੱਜਿਆ। ਪਿੰਡ ਤਲਵੰਡੀ ਚੌਧਰੀਆਂ, ਮੁੰਡੀ ਮੋੜ, ਫੱਤੂਢੀਂਗਾ, ਉਚਾ, ਸੈਦਲਾਬਾਦ, ਘਟੌਕੇ, ਖੇੜਾ ਬੇਟ, ਸੁਰਖਪੁਰ, ਸੰਗੋਜਲਾ, ਜਾਤੀਕੇ, ਭੰਡਾਲ ਬੇਟ, ਧਾਲੀਵਾਲ ਬੇਟ, ਅੱਡਾ ਮੀਆਂ ਬਾਕਰਪੁਰ (ਢਿਲਵਾਂ), ਬਿਆਸ, ਬਾਬਾ ਸਾਹਿਬਕਾ, ਬਿਆਸ, ਬਟਾਲਾ ਸ਼ਹਿਰ, ਲੱਕੜ ਮੰਡੀ, ਹੰਸਲੀਪੁਲ, ਬਾਬਾ ਬਕਾਲਾ ਸਤਿਕਰਤਾਰੀਆ ਸਾਹਿਬ ਪਹੁੰਚਣਗੇ ਤੇ ਉਥੇ ਸੰਪੂਰਨਤਾ ਹੋਵੇਗੀ। ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਨਗਰ ਕੀਰਤਨ ਦੀ ਆਰੰਭਤਾ ਲਈ ਹੈੱਡ ਗ੍ਰੰਥੀ ਭਾਈ ਸਤਨਾਮ ਸਿੰਘ ਨੇ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਅਵਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਨਗਰ ਕੀਰਤਨ ਵਿੱਚ ਵੱਖ-ਵੱਖ ਕੀਰਤਨੀ ਜਥਿਆਂ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਬੱਸਾਂ, ਕਾਰਾਂ, ਟਰੈਕਟਰ ਟਰਾਲੀਆਂ ਅਤੇ ਮੋਟਰ ਸਾਈਕਲਾਂ ਵਿੱਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗਤ ਵੱਲੋਂ ਅਥਾਹ ਸ਼ਰਧਾ ਭਾਵਨਾ ਨਾਲ ਸਵਾਗਤ ਕੀਤਾ ਗਿਆ ਅਤੇ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਨਗਰ ਕੀਰਤਨ ਦੀ ਸੰਗਤ ਵੱਲੋਂ ਚਾਹ, ਪਕੌੜਿਆਂ, ਜਲ ਦੇ ਲੰਗਰ ਵਰਤਾਏ ਗਏ। ਨਗਰ ਕੀਰਤਨ ਦੌਰਾਨ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ ਗਈ, ਜੋ ਕਿ ਖਿੱਚ ਦਾ ਕੇਂਦਰ ਬਣਿਆ ਰਿਹਾ।ਫੌਜੀ ਬੈਂਡ ਧਾਰਮਿਕ ਧੁਨਾਂ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾ ਰਿਹਾ ਸੀ। ਇਸ ਨਗਰ ਕੀਰਤਨ ਵਿੱਚ ਸੰਤ ਹਰਖੋਵਾਲ ਵਾਲੇ, ਸੰਤ ਸੀਚੇਵਾਲ ਦੇ ਸੇਵਾਦਾਰਾਂ ਅਤੇ ਵੱਖ ਵੱਖ ਰਾਜਨੀਤਕ ਧਾਰਮਿਕ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਰਨੈਲ ਸਿੰਘ ਡੋਗਰਾਵਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੋਹੀ, ਐਡੀਸ਼ਨਲ ਹੈਡ ਗ੍ਰੰਥੀ ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਨੇ ਹੜ੍ਹ ਪੀੜਤਾਂ ਲਈ ਮੁਆਵਜ਼ਾ ਜਾਰੀ ਕਰਨ ਦੀ ਕੀਤੀ ਮੰਗ

**ਜਲੰਧਰ (ਕੇਸਰ)**- ਕਿਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਜਨਤਕ ਵਫ਼ਦਾਂ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਤੋਂ ਰਾਹਤ ਦੇਣ ਲਈ ਲੋਕਾਂ ਨੂੰ ਫੌਰੀ ਆਰਥਿਕ ਸਹਾਇਤਾ ਦੇਣ ਦੀ ਮੰਗ ਕੀਤੀ ਹੈ। ਡਿਪਟੀ ਕਮਿਸ਼ਨਰਾਂ ਰਾਹੀਂ



ਭੇਜੇ ਮੰਗ ਪੱਤਰ ਵਿੱਚ ਫਸਲਾਂ, ਪਸ਼ੂਆਂ ਤੇ ਮਕਾਨਾਂ ਦੇ ਨੁਕਸਾਨ ਸਬੰਧੀ 'ਜਿੰਨਾ ਨੁਕਸਾਨ ਉਨੀ ਭਰਪਾਈ' ਦੇ ਤੌਰ ਵਾਲੀ ਬਦਲਵੀਂ ਮੁਆਵਜ਼ਾ ਨੀਤੀ ਲਿਆਉਣ ਦੀ ਮੰਗ ਕੀਤੀ ਹੈ। ਜੱਥੇਬੰਦੀ ਨੇ ਪੰਜਾਬ ਸਰਕਾਰ ਨੂੰ ਹੜ ਪੀੜਤਾਂ ਨੂੰ ਸਹਾਇਤਾ ਦੇਣ ਦਾ ਕਾਰਜ ਜੰਗੀ ਪੱਧਰ ਤੇ ਕਰਨ ਦੀ ਮੰਗ ਵੀ ਕੀਤੀ ਹੈ। ਪ੍ਰਾਪਤ ਰਿਪੋਰਟਾਂ ਅਨੁਸਾਰ ਯੂਨੀਅਨ ਦੇ ਅੰਮ੍ਰਿਤਸਰ, ਗੁਰਦਾਸਪੁਰ,ਸੰਗਰੂਰ, ਪਟਿਆਲਾ, ਫਰੀਦਕੋਟ, ਮੁਕਤਸਰ, ਮੋਗਾ, ਜਲੰਧਰ, ਨਵਾਂਸ਼ਹਿਰ,ਮਲੇਰਕੋਟਲਾ ਤਰਨਤਾਰਨ,ਹੁਸ਼ਿਆਰਪੁਰ, ਕਪੂਰਥਲਾ ਅਤੇ ਫਾਜ਼ਿਲਕਾ ਜਿਲਿਆ ਚ ਜਨਤਕ ਵਫ਼ਦਾਂ ਨੇ ਮੰਗ ਪੱਤਰ ਦਿੱਤੇ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਗਿਰਦਾਵਰੀ ਪ੍ਰਕਿਰਿਆ ਦੇ ਮੁਕੰਮਲ ਹੋਣ ਤੋਂ ਪਹਿਲਾ ਹੜ੍ਹਾਂ ਕਾਰਨ ਹੋਈ ਮੌਤ ਦਾ 20 ਲੱਖ ਰੁਪਏ, ਨੁਕਸਾਨੀਆਂ ਫ਼ਸਲਾਂ ਦਾ ਕਿਸਾਨਾਂ ਨੂੰ 50 ਹਜ਼ਾਰ ਪ੍ਰਤੀ ਏਕੜ ਅਤੇ 25 ਹਜਾਰ ਰੁਪਏ ਪ੍ਰਤੀ ਪਰਿਵਾਰ ਮਜ਼ਦੂਰਾਂ ਸਮੇਤ ਹੋਰ ਤਬਕਿਆਂ ਨੂੰ ਫੌਰੀ ਰਾਹਤ ਵਜੋਂ ਮੁਹੱਈਆ ਕਰਵਾਇਆ ਜਾਵੇ। ਇਸੇ ਤਰ੍ਹਾਂ ਰੁੜੇ ਜਾਂ ਮਾਰੇ ਗਏ ਪਸ਼ੂਆਂ ਖਾਸ ਕਰਕੇ ਦੁੱਧ ਦੇਣ ਵਾਲਿਆਂ ਗਊਆਂ ਅਤੇ ਮੱਝਾਂ ਦਾ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਅਤੇ ਦੂਸਰੇ ਛੋਟੇ ਵੱਡੇ ਪਸ਼ੂਆਂ ਦਾ 20 ਤੋਂ 50 ਹਜਾਰ ਰੁਪਏ ਫੌਰੀ ਤੌਰ ਤੇ ਦਿੱਤਾ ਜਾਵੇ।

# ਲਾਇਲਪੁਰ ਖਾਲਸਾ ਕਾਲਜ ਵਿਖੇ ਖੇਡ ਦਿਵਸ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)**- ਹਾਕੀ ਦੇ ਜਾਦੂਗਰ ਕਹੇ ਜਾਂਦੇ ਮੇਜਰ ਧਿਆਨ ਚੰਦ ਦੀ ਯਾਦ ਵਿਚ ਰਾਸ਼ਟਰੀ ਖੇਡ ਦਿਵਸ ਦਾ ਆਯੋਜਨ ਲਾਇਲਪੁਰ ਖ਼ਾਲਸਾ ਕਾਲਜ ਵਿਮੈਨ ਜਲੰਧਰ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਹਾਕੀ ਮੈਚ ਵੀ ਕਰਵਾਇਆ ਗਿਆ। ਮੁੱਖ ਮਹਿਮਾਨ ਕਾਲਜ ਦੀ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਏ ਨੇ ਖਿਡਾਰਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾਂ ਨਰੋਈ ਸੋਚ ਦੀਆਂ ਪ੍ਰਤੀਕ ਹਨ, ਜਿਸ ਦੀ ਅਜੋਕੇ ਸਮਾਜ ਵਿੱਚ ਬਹੁਤ ਲੋੜ ਹੈ। ਉਨ੍ਹਾਂ ਖਿਡਾਰਣਾਂ ਨੂੰ ਰਾਸ਼ਟਰੀ ਖੇਡ ਦਿਵਸ ਦੇ ਮੌਕੇ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਹਰ ਵਿਅਕਤੀ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਖੇਡਾਂ ਦੇ ਮੈਦਾਨ ਵਿੱਚ ਜ਼ਰੂਰ ਆਵੇ ਜਿਥੇ ਇਸ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ਉਥੇ ਨਾਲ ਹੀ ਸੋਚ ਵੀ ਬੇਹਤਰ ਹੁੰਦੀ ਹੈ। ਇਸ ਮੌਕੇ ਤੇ ਕਲਾਸ ਦੇ ਖੇਡ ਵਿਭਾਗ ਦੀ ਮੁੱਖੀ ਪਰਮਿੰਦਰ ਕੌਰ ਤੇ ਹਾਕੀ ਪੰਜਾਬ ਦੇ ਐਗਜੀਕਿਊਟਿਵ ਮੈਂਬਰ ਕੁਲਬੀਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਮਨਰੇਗਾ ਵਰਕਰਜ਼ ਯੂਨੀਅਨ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ



**ਮਾਹਿਲਪੁਰ (ਸਫਰੀ)**- ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ ਤੇ ਬੀ ਡੀ ਪੀ ਓ ਦਫਤਰ ਮਾਹਿਲਪੁਰ ਵਿਖੇ ਬਲਾਕ ਪ੍ਰਧਾਨ ਸੁਰਿੰਦਰ ਕੌਰ ਮੁਗੋਵਾਲ ਦੀ ਪਰਧਾਨਗੀ ਹੇਠ ਇਕੱਤਰ ਹੋਏ ਵੱਡੀ ਗਿਣਤੀ ਵਰਕਰਜ ਨੇ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਉਪਰੰਤ ਬੀ ਡੀ ਪੀ ਓ ਅਵਤਾਰ ਸਿੰਘ ਨੂੰ ਮੰਗ ਪੱਤਰ ਸੌਂਪਿਆ। ਇਸ ਤੋ ਪਹਿਲਾਂ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜੇ ਪੀ ਐਮ ਓ ਦੇ ਆਗੂ ਮਲਕੀਤ ਬਾਹੋਵਾਲ ਅਤੇ ਰਾਮ ਆਸਰਾ ਚੰਦੇਲੀ ਨੇ ਮਨਰੇਗਾ ਵਰਕਰਜ ਦੇ ਹਕ ਵਿੱਚ ਹਾਅ ਦਾ ਨਾਹਿਰਾ ਮਾਰਿਆ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਮਨਰੇਗਾ ਮਜਦੂਰ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ। ਸੂਬਾ ਕਨਵੀਨਰ ਦੀਪਕ ਤਲਵਾੜਾ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਮਨਰੇਗਾ ਬਜਟ ਵਿਚ ਕਟੌਤੀ ਕਰ ਰਹੀ ਹੈ। ਵਰਕਰਜ ਨੂੰ ਐਕਟ ਮੁਤਾਬਕ 100 ਦਿਨ ਦਾ ਰੁਜ਼ਗਾਰ ਵੀ ਨਹੀ ਮਿਲ ਰਿਹਾ। ਕੀਤੇ ਹੋਏ ਕੰਮ ਦੇ ਪੈਸੇ ਖਜਲ ਖਰਾਬ ਹੋ ਕੇ ਵੀ ਸਮੇ ਸਿਰ ਨਹੀ ਮਿਲ ਰਹੇ। ਮਨਰੇਗਾ ਵਰਕਰਜ ਯੂਨੀਅਨ ਕੇਂਦਰ ਸਰਕਾਰ ਦੀਆਂ ਇੰਨਾ ਮਨਰੇਗਾ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਦਾ ਵਿਗਲ ਵਜਾਇਆ ਹੈ। ਜਿਸ ਤਹਿਤ ਪੰਜਾਬ ਭਰ ਵਿਚ ਬਲਾਕ ਪੱਧਰ ਤੇ 28-29 ਅਗਸਤ ਨੂੰ ਅਰਥੀ ਫੂਕ ਮੁਜਾਹਰੇ ਕਰਨ ਦਾ ਫੈਸਲਾ ਜੋ ਕੀਤਾ ਗਿਆ ਸੀ। ਪਰ ਪੰਜਾਬ ਵਿਚ ਆਏ ਹੜਾਂ ਦੇ ਮੱਦੇ ਨਜ਼ਰ ਇਸ ਐਕਸ਼ਨ ਨੂੰ 15 ਸਤੰਬਰ ਤਕ ਅੱਗੇ ਲੈ ਜਾਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਕੜੀ ਤਹਿਤ ਬੀ ਡੀ ਪੀ ਓ ਮਾਹਿਲਪੁਰ ਵਿਖੇ ਪੂਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ। ਸਰਬਜੀਤ ਸਿੰਘ ਮੂਲਾ, ਰਜਨੀ ਟੌਲੀਆਂ, ਮਨਦੀਪ ਕੌਰ ਭਗਤੂਪੁਰ, ਸੁਖਵਿੰਦਰ ਕੌਰ ਕਹਾਰਪੁਰ, ਸਰਜੀਤ ਕੌਰ ਦਾਦੂਵਾਲ, ਨਿਰਮਲ ਕੌਰ ਮਹਿੰਗਰੋਵਾਲ, ਕਮਲੇਸ਼ ਕੌਰ ਟੂਟੋਮਜਾਰਾ, ਮਨਜੀਤ ਕੌਰ ਮੇਘੋਵਾਲ ਦਬਾਬਾ ਤੇ ਅਵਤਾਰ ਸਿੰਘ ਆਦਿ ਨੇ ਸੰਬੋਧਨ ਕੀਤਾ।

# ਖਾਲੀ ਪਲਾਟਾਂ 'ਚੋਂ ਕੂੜਾ ਨਾ ਚੁਕਵਾਉਣ ਵਾਲਿਆਂ ਨੂੰ 440 ਤੋਂ ਵੱਧ ਨੋਟਿਸ ਜਾਰੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਜ਼ਿਲ੍ਹਾ ਜਲੰਧਰ ਪ੍ਰਸ਼ਾਸਨ ਵੱਲੋਂ ਆਪਣੇ ਖਾਲੀ ਪਲਾਟਾਂ 'ਚੋਂ ਕੂੜਾ ਨਾ ਚੁੱਕਵਾਉਣ ਵਾਲੇ 12 ਪਲਾਟ ਮਾਲਕਾਂ ਵਿਰੁੱਧ ਸ਼ਿਕੰਜਾ ਕੱਸਦੇ ਹੋਏ ਉਨ੍ਹਾਂ ਨੂੰ ਤਿੰਨ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਅਧਿਕਾਰੀਆਂ

**● 12 ਪਲਾਟ ਮਾਲਕਾਂ ਨੂੰ 3 ਲੱਖ ਰੁਪਏ ਦਾ ਕੀਤਾ ਜੁਰਮਾਨਾ**

ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ 'ਡੀਸੀ ਦਫ਼ਤਰ ਐਕਸ਼ਨ ਹੈਲਪਲਾਈਨ' ਰਾਹੀਂ ਹੁਣ ਤੱਕ 440 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਸ ਤੋਂ ਬਾਅਦ ਸਾਰੇ 440 ਪਲਾਟ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ 'ਤੇ 12 ਮਾਮਲਿਆਂ ਵਿੱਚ ਰੈੱਡ ਐਂਟਰੀ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ। ਡਾ. ਅਗਰਵਾਲ ਨੇ ਨਿਵਾਸੀਆਂ ਨੂੰ ਵਟਸਐਪ ਹੈਲਪਲਾਈਨ ਨੰਬਰ 9646-222-555 ਰਾਹੀਂ ਖਾਲੀ ਪਲਾਟਾਂ ਵਿੱਚ ਕੂੜਾ ਇਕੱਠਾ ਹੋਣ, ਪਲਾਟਾਂ ਦਾ ਸਹੀ ਸਥਾਨ ਅਤੇ ਸੰਖੇਪ





ਜਾਣਕਾਰੀ ਸਾਂਝੀ ਕਰਕੇ ਇਸ ਮੁਹਿੰਮ ਦਾ ਸਰਗਰਮੀ ਨਾਲ ਸਮਰਥਨ ਕਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਾਫ਼-ਸੁਥਰਾ ਸੂਬਾ ਬਣਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਾ. ਅਗਰਵਾਲ ਨੇ ਕਿਹਾ ਕਿ ਖਾਲੀ ਪਲਾਟਾਂ ਦੀ ਸਫਾਈ ਸਬੰਧੀ ਮੁਹਿੰਮ ਨੇ ਤੇਜ਼ੀ ਫੜ ਲਈ ਹੈ ਤੇ ਹੁਣ ਤੱਕ 440 ਤੋਂ ਵੱਧ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਪੰਜਾਬ ਸੜਕ ਸਫ਼ਾਈ ਮਿਸ਼ਨ ਤਹਿਤ ਸੌਂਪੀਆਂ ਡਿਊਟੀਆਂ ਨਿਭਾਉਣ ਵਿੱਚ ਅਸਫ਼ਲ ਰਹਿਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ।

# ਡੇਰਾਬੱਸੀ ਹਲਕੇ 'ਚ ਸ਼ੁਰੂ ਹੋਈ 'ਮੈਂ ਹਾਂ ਅਕਾਲੀ' ਮੁਹਿੰਮ

**● ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਗੱਡੀਆਂ 'ਤੇ ਸਟਿੱਕਰ ਲਗਾ ਕੇ ਕੀਤਾ ਰਵਾਨਾ**



**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਸੰਗਠਨ ਦਾ ਵਿਸਥਾਰ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੇ ਹਿੱਸੇ ਵਜੋਂ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਜ਼ੀਰਕਪੁਰ ਤੋਂ 'ਮੈਂ ਹਾਂ ਅਕਾਲੀ' ਮੁਹਿੰਮ ਦੀ ਸ਼ੁਰੂਆਤ ਕੀਤੀ। ਰਾਜ ਪੱਧਰੀ ਮੁਹਿੰਮ ਦੀ ਸ਼ੁਰੂਆਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਕੀਤੀ ਗਈ ਸੀ, ਜਿਸ ਨੂੰ ਅੱਗੇ ਵਧਾਉਂਦੇ ਹੋਏ, ਅਕਾਲੀ ਦਲ ਦੇ ਖਜ਼ਾਨਚੀ ਐੱਨ ਕੇ ਸ਼ਰਮਾ ਨੇ ਕਿਹਾ ਕਿ ਸੂਬੇ ਭਰ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਤਹਿਤ ਹੁਣ ਗੱਡੀਆਂ ਅਤੇ ਹੋਰ ਵਾਹਨਾਂ 'ਤੇ ਸਟਿੱਕਰ ਲਗਾ ਕੇ ਵਰਕਰਾਂ ਨੂੰ ਨਵੀਂ ਪਛਾਣ ਦਿੱਤੀ ਜਾ ਰਹੀ ਹੈ। ਸ਼ਰਮਾ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ ਪਾਰਟੀ ਦੇ ਸਾਰੇ ਅਹੁਦੇਦਾਰ ਅਤੇ ਆਗੂ ਨਵੇਂ ਲੋਕਾਂ ਨੂੰ ਆਪਣੇ ਨਾਲ ਜੋੜਦੇ ਹੋਏ ਗੱਡੀਆਂ 'ਤੇ ਸਟਿੱਕਰ ਲਗਾਉਣਗੇ। ਇਸ ਨਾਲ ਨਾ ਸਿਰਫ ਵਰਕਰਾਂ ਦਾ ਮਨੋਬਲ ਵਧੇਗਾ ਬਲਕਿ ਪਾਰਟੀ ਨੂੰ ਵੀ ਮਜ਼ਬੂਤੀ ਮਿਲੇਗੀ। ਇਸ ਮੌਕੇ ਮੋਹਾਲੀ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨ ਪਾਲ ਸ਼ਰਮਾ, ਰਜਿੰਦਰ ਸਿੰਘ ਈਸਾਪੁਰ, ਮਨਜੀਤ ਸਿੰਘ ਮਲਿਕਪੁਰ, ਕਰਮਪਾਲ ਸਿੰਘ, ਰਘਬੀਰ ਸਿੰਘ, ਦਿਲਬਾਗ ਸਿੰਘ, ਸੁਖਦੀਪ ਸਿੰਘ, ਅਨਿਲ ਰਾਣਾ, ਸੰਜੀਵ ਸੰਜੂ ਸਮੇਤ ਕਈ ਪਤਵੰਤੇ ਮੌਜੂਦ ਸਨ।

# ਫੁੱਟਬਾਲ ਦੇ ਫਾਈਨਲ ਮੈਚ 'ਚ ਖਾਲਸਾ ਸਕੂਲ ਨੇ ਆਪਣੀ ਜਗ੍ਹਾ ਬਣਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਵਾਂਸ਼ਹਿਰ ਜੋਨ-06 ਦੀਆਂ ਖੇਡਾਂ ਦੇ ਮੁਕਾਬਲੇ ਸੰਬੰਧੀ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਆਊਟਡੋਰ ਖੇਡਾਂ ਕਰਵਾਈਆਂ ਗਈਆਂ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਦਲਜੀਤ ਸਿੰਘ ਬੋਲਾ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਤੇ ਦੱਸਿਆ ਕਿ ਨੂੰ ਫੁੱਟਬਾਲ ਦੇ ਫਾਈਨਲ ਵਿੱਚ ਖਾਲਸਾ ਸਕੂਲ ਨੇ ਸਰਦਾਰੀ ਕਾਇਮ ਕਰਕੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਇਸ ਤੋਂ ਇਲਾਵਾ ਆਊਟਡੋਰ ਖੇਡਾਂ ਵਿਚ ਫੁੱਟਬਾਲ,ਖੋ ਖੋ , ਕ੍ਰਿਕੇਟ ਦੀਆਂ ਯੂ-14, ਯੂ-17, ਯੂ-19 (ਲੜਕੇ, ਲੜਕੀਆਂ) ਦੀਆਂ ਟੀਮਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਖੇਡਾਂ ਵਿੱਚ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਨੇ ਸ਼ਾਨਦਾਰ ਜਿੱਤਾ ਹਾਸਿਲ ਕੀਤੀਆਂ । ਖੇਡਾਂ ਦਾ ਸ਼ੁੱਭ ਆਰੰਭ ਸਕੂਲ ਦੇ ਪ੍ਰਿੰਸੀਪਲ ਕਮ ਜੋਨਲ ਪ੍ਰਧਾਨ ਦਲਜੀਤ ਸਿੰਘ ਬੋਲਾ ਨੇ ਕੀਤਾ। ਇਨ੍ਹਾਂ ਖੇਡਾਂ ਵਿੱਚੋਂ ਜੇ ਐਸ ਐਫ



ਐਚ ਖਾਲਸਾ ਸੀ ਸੈ ਸਕੂਲ ਨਵਾਂਸ਼ਹਿਰ ਦੀਆਂ ਜੇਤੂ ਟੀਮਾਂ ਇਸ ਪ੍ਰਕਾਰ ਹਨ:- ਕ੍ਰਿਕੇਟ ਯੂ -17 ਲੜਕੇ (ਪਹਿਲਾਂ ਸਥਾਨ), ਯੂ-19 ਲੜਕੇ (ਦੂਜਾ ਸਥਾਨ), ਯੂ-17 ਲੜਕੇ (ਪਹਿਲਾ ਸਥਾਨ), ਯੂ -17 ਲੜਕੀਆਂ (ਪਹਿਲਾਂ ਸਥਾਨ), ਯੂ -14 ਲੜਕੀਆਂ (ਦੂਜਾ ਸਥਾਨ), ਯੂ-14 ਲੜਕੇ (ਦੂਜਾ ਸਥਾਨ) ਫੁੱਟਬਾਲ-ਯੂ -14 ਲੜਕੇ ( ਪਹਿਲਾਂ ਸਥਾਨ), ਯੂ -17 ਲੜਕੇ (ਪਹਿਲਾਂ ਸਥਾਨ), ਯੂ -19 ਲੜਕੇ ( ਪਹਿਲਾਂ ਸਥਾਨ)। ਇਸ ਮੌਕੇ ਕਮੇਟੀ ਦੇ ਪ੍ਰਧਾਨ ਡਾ.ਜਸਵਿੰਦਰ ਸਿੰਘ, ਪ੍ਰੇਮ ਸਿੰਘ, ਡੀ ਪੀ ਮਨਜੀਤ ਸਿੰਘ, ਇੰਦਰਜੀਤ ਮਾਹੀ, ਰੋਹਿਤ ਚੌਹਾਨ, ਬਲਜਿੰਦਰ ਸਿੰਘ, ਗੁਰਦੀਪ ਕੌਰ ਭੁੱਲਰ ਆਦਿ ਸ਼ਾਮਿਲ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂਦੁਆਰਾ ਸਾਹਿਬ ਨੂੰ ਢਾਹੁਣ ਦੇ ਵਿਰੋਧ 'ਚ ਬਸਪਾ ਨੇ ਕੀਤਾ ਰੋਸ ਮਾਰਚ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਨੇ ਜ਼ਿਲ੍ਹਾ ਜਲੰਧਰ ਹਲਕਾ ਫਿਲੌਰ ਦੇ ਪਿੰਡ ਧਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂਦਆਰਾ ਸਾਹਿਬ ਦੀ ਚਾਰਦੀਵਾਰੀ ਢਾਹੁਣ ਦੇ ਵਿਰੋਧ 'ਚ ਰੋਸ ਮਾਰਚ ਕੀਤਾ ਤੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਭੇਜਿਆ। ਬਸਪਾ ਦੇ ਸੈਂਕੜੇ ਪਾਰਟੀ ਵਰਕਰ ਸ੍ਰੀ ਗੁਰੂ ਰਵਿਦਾਸ ਮੰਦਿਰ ਕਮਾਲਪੁਰ ਸਾਹਮਣੇ ਸਰਕਾਰੀ ਕਾਲੇਜ ਤੋਂ ਇਕੱਠੇ ਹੋ ਕੇ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ, ਗੁਰਨਾਮ ਚੌਧਰੀ ਕੋਆਰਡੀਨੇਟਰ ਪੰਜਾਬ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ ਦੀ ਅਗਵਾਈ ਹੇਠ ਰੋਸ ਮਾਰਚ ਕਰਦੇ ਹੋਏ ਮਿੰਨੀ ਸਕੱਤਰੇਤ ਪਹੁੰਚੇ ਜਿਥੇ ਉਨਾਂ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ । ਕਰੀਮਪੁਰੀ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਹੁਜਨ ਸਮਾਜ ਪਾਰਟੀ ਵੱਲੋਂ ਅਰੰਭੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ। ਇਸ ਮੌਕੇ ਮਨਿੰਦਰ ਸ਼ੇਰਪੁਰੀ ਸਕੱਤਰ ਪੰਜਾਬ, ਸੁਖਦੇਵ ਬਿੱਟਾ ਸਕੱਤਰ ਪੰਜਾਬ, ਜਿਲਾ ਪ੍ਰਧਾਨ ਦਲਜੀਤ ਰਾਏ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਚੱਬੇਵਾਲ, ਯਸ਼ ਭੱਟੀ ਪ੍ਰਧਾਨ ਹਲਕਾ ਚੱਬੇਵਾਲ,ਐਡਵੋਕੇਟ ਧਰਮਿੰਦਰ ਦਾਦਰਾ ਜਨਰਲ ਸਕੱਤਰ ਜਿਲਾ ਹੁਸ਼ਿਆਰਪੁਰ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ ਤੇ ਸੈਂਕੜੇ ਬਸਪਾ ਵਰਕਰ ਹਾਜ਼ਰ ਸਨ।





# 11ਵਾਂ ਵਿਸ਼ਾਲ ਜਾਗਰਣ ਅੱਜ



**ਲੋਹੀਆਂ ਖਾਸ (ਯੋਗੇਸ਼)**- ਬਾਬਾ ਸੁਲਤਾਨ ਅਲੀ ਸ਼ਾਹ ਜੀ ਤੇ ਬ੍ਰਹਮਲੀਨ ਮਹੰਤ ਸ਼੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਸਦਕਾ ਜੈ ਮਾਂ ਜਾਗਰਣ ਕਮੇਟੀ ਲੋਹੀਆਂ ਖਾਸ ਵੱਲੋਂ 11ਵਾਂ ਵਿਸ਼ਾਲ ਜਾਗਰਣ 30 ਅਗਸਤ ਸ਼ਨੀਵਾਰ ਇੰਦਰਾ ਦਾਣਾ ਮੰਡੀ ਨੇੜੇ ਟੀ-ਪੁਆਇੰਟ ਲੋਹੀਆਂ ਖਾਸ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮਾਤਾ ਜੀ ਦੀਆਂ ਪਵਿੱਤਰ 13 ਜੋਤਾਂ ਜਾਗਰਣ ਵਿੱਚ ਲਿਆਂਦੀਆਂ ਜਾਣਗੀਆਂ। ਇਹ ਜਾਗਰਣ ਐੱਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਦੇ ਸਰਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜਾਗਰਣ ਵਿੱਚ ਧਰਮਪਾਲ ਧੰਮਾ, ਰੋਬਿੰਨ ਰਾਜ, ਮਾਸ਼ਾ ਅਲੀ ਮਾਤਾ ਜੀ ਦਾ ਗੁਣਗਾਨ ਕਰਨ ਲਈ ਕਲਾਕਾਰ ਪਹੁੰਚਣਗੇ। ਅਤੇ ਜਾਗਰਣ ਵਿੱਚ ਮਾਤਾ ਜੀ ਦਾ ਲੰਗਰ ਅਤੁੱਟ ਵਰਤੇਗਾ।

# ਕਚਿਹਰੀ ਕਲਰਕ ਯੂਨੀਅਨ ਦੀ ਹੋਈ ਚੋਣ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਕਚਿਹਰੀ ਕਲਰਕ ਯੂਨੀਅਨ ਗੜ੍ਹਸ਼ੰਕਰ ਦੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਮੀਟਿੰਗ ਬੁਲਾਈ ਗਈ ਅਤੇ ਦੱਸਿਆ ਗਿਆ ਕਿ ਜੋ ਮਤਾ 25 ਅਗਸਤ ਨੂੰ ਪਾਇਆ ਗਿਆ ਸੀ ਅਤੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਸੀ ਉਸ ਮਤੇ ਨੂੰ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ, ਕਿਉਂਕਿ ਪੁਰਾਣੀ ਕਮੇਟੀ ਦਾ ਸਮਾਂ ਖਤਮ ਹੋ ਚੁੱਕਾ ਹੈ। ਹੁਣ ਨਵੀਂ ਕਮੇਟੀ ਚੋਣ ਕਰ ਲਈ ਹੈ, ਜਿਸ ਵਿੱਚ ਚਰਨਜੀਤ ਸਿੰਘ ਨੂੰ ਬਤੌਰ ਚੇਅਰਮੈਨ, ਭੁਪਿੰਦਰ ਸਿੰਘ ਬੰਗੜ ਨੂੰ ਪ੍ਰਧਾਨ, ਸੁਰੇਸ਼ ਕੁਮਾਰ ਬੈਂਸ ਨੂੰ ਵਾਈਸ ਪ੍ਰਧਾਨ, ਮੁਹੰਮਦ ਸਲੀਮ ਨੂੰ ਸੈਕਟਰੀ, ਗੌਰਵ ਜੀਤ ਹੀਰ ਨੂੰ ਜੁਆਇੰਟ ਸੈਕਟਰੀ, ਦੀਪਕ ਕੁਮਾਰ ਨੂੰ ਖਜਾਨਚੀ, ਬਲਦੇਵ ਰਾਜ ਬਿੱਲਾ ਮੁੱਖ ਬੁਲਾਰਾ ਵਜੋਂ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਗੋਲਡੀ, ਨਵਦੀਪ, ਵਿਨੂ ਅਟਵਾਲ, ਸਮੀਰ, ਰਾਜਾ ਅਟਵਾਲ, ਰੋਹਿਤ, ਮਨੀ ਕੁਮਾਰ, ਸ਼ਸ਼ੀ ਕੁਮਾਰ ਤੇ ਹੋਰ ਸੂਝਵਾਨ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।



# ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ ਅੰਬੇਡਕਰ ਦੇ ਅਹੁਦੇਦਾਰਾਂ ਦੀ ਚੋਣ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡੈਮੋਕ੍ਰੇਟਿਕ ਪਾਰਟੀ ਆਫ਼ ਇੰਡੀਆ ਅੰਬੇਡਕਰ ਵਲੋਂ ਨਵਾਂਸ਼ਹਿਰ ਵਿਖੇ ਡੀ ਪੀ ਆਈ ਦੇ ਪ੍ਰਧਾਨ ਰੋਹਨ ਚੱਢਾ ਦੀ ਅਗਵਾਈ ਵਿਚ ਮੀਟਿੰਗ ਕੀਤੀ ਗਈ ਜਿਸ ਵਿਚ ਨਵਾਂਸ਼ਹਿਰ ਜ਼ਿਲੇ ਦੇ ਬਲਦੇਵ ਹੰਸ ਨੂੰ ਪ੍ਰਧਾਨ ਲਗਾਇਆ ਗਿਆ। ਉਹਨਾ ਨਾਲ ਬੰਗਾ ਵਿਧਾਨ ਸਭਾ ਦੇ ਇੰਚਾਰਜ ਸ਼ੀਤਲ ਬਾਲੀ ਨੂੰ, ਸਹਾਇਕ ਇੰਚਾਰਜ ਜਗਬੀਰ ਕਲੇਰਾ ਨੂੰ ਅਤੇ ਬੰਗਾ ਵਿਧਾਨ ਸਭਾ ਦੇ ਮੀਤ ਪ੍ਰਧਾਨ ਸੰਜੇ ਵਾਲਮੀਕਿ ਨੂੰ ਲਗਾਇਆ ਗਿਆ। ਚੁਣੇ ਹੋਏ ਆਗੂਆਂ ਨੇ ਵਿਸ਼ਵਾਸ਼ ਦਵਾਇਆ ਕੀ ਜਿਹੜੀ ਜਿਮੇਵਾਰੀ ਪਾਰਟੀ ਵਲੋਂ ਦਿਤੀ ਗਈ ਉਹ ਆਪਣੀ ਜਿੰਮਵਾਰੀ ਤਹਿ ਦਿਲੋਂ ਨਿਭਾਉਣਗੇ। ਇਸ ਮੌਕੇ 'ਤੇ ਡੀ ਪੀ ਆਈ ਦੇ ਜਨਰਲ ਸਕਤਰ ਯਸ਼ਪਾਲ ਦ੍ਵਿੜ, ਰਿੰਕੂ ਥਾਪਰ ਆਦਿ ਹਾਜ਼ਰ ਸਨ।

# ਰੁਜ਼ਗਾਰ ਯੋਗਤਾ 'ਤੇ ਹੁਨਰ ਸਿਖਲਾਈ ਪ੍ਰੋਗਰਾਮ ਸਮਾਪਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਨਿਰਦੇਸ਼ 'ਤੇ ਕਾਲਜ ਦੇ ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈੱਲ ਵਲੋਂ 7 ਦਿਨਾਂ ਦਿਨਾਂ ਰੁਜ਼ਗਾਰ ਯੋਗਤਾ ਅਤੇ ਹੁਨਰ ਸਿਖਲਾਈ ਪ੍ਰੋਗਰਾਮ ਦੇ ਪਹਿਲੇ ਬੈਚ ਦੀ ਸਮਾਪਤੀ ਉਪਰੰਤ ਟ੍ਰੇਨਿੰਗ ਵਿਚ ਸ਼ਾਮਿਲ ਵਿਦਿਆਰਥਣਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਮਹਿੰਦਰਾ ਐਂਡ ਮਹਿੰਦਰਾ ਨੰਦੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਾਲਜ ਵਿਦਿਆਰਥੀਆਂ ਨੂੰ ਵਪਾਰਕ ਤੇ ਪੇਸ਼ੇਵਰ ਹੁਨਰ ਵਿਕਾਸ ਸੰਬੰਧੀ ਉਤਸ਼ਾਹਿਤ ਕਰਨ ਲਈ ਟ੍ਰੇਨਿੰਗ ਦੇ ਪਹਿਲੇ ਬੈਚ ਦੀ ਸਮਾਪਤੀ ਉਪਰੰਤ ਦੂਜੇ ਬੈਚ ਵਿਚ ਸ਼ਾਮਿਲ ਲੜਕੀਆਂ ਦੀ ਟ੍ਰੇਨਿੰਗ ਆਰੰਭ ਕੀਤੀ ਗਈ। ਟ੍ਰੇਨਿੰਗ ਦੌਰਾਨ ਮਹਿੰਦਰਾ ਐਂਡ ਮਹਿੰਦਰਾ ਨੰਦੀ ਫਾਊਂਡੇਸ਼ਨ ਵਲੋਂ ਮੁੱਖ ਬੁਲਾਰੇ ਨੇ ਵਿਦਿਆਰਥੀਆਂ ਨੂੰ ਕੈਰੀਅਰ ਦੇ ਖੇਤਰ 'ਚ ਵਿਕਾਸ ਦੇ ਮਹੱਤਵਪੂਰਨ ਪਹਿਲੂਆਂ 'ਤੇ ਵਿਦਿਆਰਥਣਾਂ ਦਾ ਮਾਰਗ ਦਰਸ਼ਨ ਕਰਦਿਆਂ ਉਨ੍ਹਾਂ ਨੂੰ ਸੰਚਾਰ ਹੁਨਰ, ਇੰਟਰਵਿਊ ਤਕਨੀਕ, ਨਿੱਜੀ ਵਿਵਰਣ ਤਿਆਰ ਕਰਨ ਸਮੇਤ ਕੰਮ ਦੀ ਥਾਂ 'ਤੇ ਨੈਤਿਕਤਾ ਸਬੰਧੀ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਮੁੱਖ ਬੁਲਾਰੇ ਵਿਨੀਤ ਮਹਿਤਾ ਦਾ ਧੰਨਵਾਦ ਕਰਦਿਆਂ ਵਿਦਿਆਰਥਣਾਂ ਨੂੰ ਆਪਣੇ ਜੀਵਨ ਵਿਚ ਅੱਗੇ ਵਧਣ ਲਈ ਟ੍ਰੇਨਿੰਗ ਦੌਰਾਨ ਪ੍ਰਾਪਤ ਗਿਆਨ ਨੂੰ ਲਾਗੂ ਕਰਨ ਲਈ ਪ੍ਰੇਰਿਆ।ਇਸ ਮੌਕੇ ਕੈਰੀਅਰ ਗਾਈਡੈਂਸ ਤੇ ਪਲੇਸਮੈਂਟ ਸੈੱਲ ਦੇ ਕੋਆਰਡੀਨੇਟਰ ਡਾ. ਗੁਰਪ੍ਰੀਤ ਸਿੰਘ, ਡਾ ਮੁਕੇਸ਼ ਸ਼ਰਮਾ, ਪ੍ਰੋ. ਕਿਰਨਜੋਤ ਕੌਰ, ਪ੍ਰੋ. ਨਵਦੀਪ ਸਿੰਘ, ਡਾ. ਪ੍ਰੀਤਇੰਦਰ ਸਿੰਘ, ਡਾ. ਅਜੇ ਦੱਤਾ ਅਤੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀ ਹਾਜ਼ਰ ਹੋਏ।

# ਉਪ ਮੰਡਲ ਮੈਜਿਸਟ੍ਰੇਟ ਵੱਲੋਂ ਹੜ੍ਹ ਸੰਭਾਵਿਤ ਖੇਤਰਾਂ ਦਾ ਦੌਰਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਉਪ ਮੰਡਲ ਮੈਜਿਸਟ੍ਰੇਟ ਅਨਮਜੋਤ ਕੌਰ ਨੇ ਸਤਲੁਜ ਦਰਿਆ ਨਾਲ ਲੱਗਦੇ ਸੰਭਾਵਿਤ ਹੜ੍ਹ ਵਾਲੇ ਖੇਤਰਾਂ ਦਾ ਦੌਰਾ ਕੀਤਾ ਅਤੇ ਦਰਿਆ ਕੰਢੇ ਵਸੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਵਰਗੇ ਕਿਸੇ ਵੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਐੱਸ ਡੀ ਐਮ ਨੇ ਤਲਵੰਡੀ ਸਿਬੂ, ਧੈਂਗੜਪੁਰ ਅਤੇ ਬੁਰਜ ਟਹਿਲ ਸਿੰਘ ਆਦਿ ਪਿੰਡਾਂ ਦੇ ਦੌਰੇ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆ ਨਾਲ ਲੱਗਦੇ ਹੜ੍ਹ ਸੰਭਾਵਿਤ ਖੇਤਰਾਂ ਵਿੱਚ ਸਥਿਤੀ 'ਤੇ ਚੌਕਸੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਲੋੜੀਂਦੀ ਮਸ਼ੀਨਰੀ, ਰੈਸਕਿਊ ਟੀਮਾਂ, ਰੇਤੇ ਦੇ ਥੈਲੇ, ਸੁਰੱਖਿਅਤ ਥਾਵਾਂ ਦੀ ਪਛਾਣ ਸਮੇਤ ਹੋਰ ਲੋੜੀਂਦੀਆਂ ਤਿਆਰੀਆਂ ਪਹਿਲਾਂ ਹੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਕੰਟਰੋਲ ਰੂਮ ਵੀ ਸਥਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦਾ ਨੰਬਰ 01823-220645 ਹੈ। ਇਸ ਤੋਂ ਇਲਾਵਾ ਨਵਾਂਸ਼ਹਿਰ ਤਹਿਸੀਲ ਲਈ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-299016, ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075, ਤਹਿਸੀਲ ਬੰਗਾ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-264666 ਹੈ। ਇਸੇ ਤਰ੍ਹਾਂ ਹੜ੍ਹਾਂ ਦੀ ਸਥਿਤੀ ਵਿੱਚ ਸਿਹਤ ਵਿਭਾਗ ਨਾਲ ਸਬੰਧਤ ਸੇਵਾਵਾਂ ਲਈ 01823-227471 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇੰਟਰਨੈਟ ਕੰਪਨੀਆਂ ਰਾਹੀਂ ਬੱਚਿਆਂ ਦੇ ਹੋ ਰਹੇ ਜਿਨਸੀ ਸ਼ੋਸ਼ਣ ਨੂੰ ਰੋਕੇ ਕੇਂਦਰ ਸਰਕਾਰ : ਰਾਹੁਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇੰਟਰਨੈਟ ਕੰਪਨੀਆਂ ਰਾਹੀਂ ਬੱਚਿਆਂ ਦੇ ਹੋ ਰਹੇ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਇੰਟਰਨੈਟ ਦੀ ਨਿਗਰਾਨੀ ਕਰਨ ਵਾਲੀ ਸਰਕਾਰੀ ਏਜੰਸੀ ਵੱਲੋਂ ਕੋਈ ਠੋਸ ਕਦਮ ਨਾ ਚੁੱਕੇ ਜਾਣ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਯੂਥ ਪੰਜਾਬ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ 'ਚ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ 'ਚ ਸ਼ਾਮਿਲ ਸ਼ਿਵ ਸੈਨਾ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਪ੍ਰਧਾਨ ਪੁਨੀਤ ਢਿੰਗਰਾ, ਸਿਟੀ ਪ੍ਰਧਾਨ ਰਜੀਵ ਖੰਨਾ ਅਤੇ ਯੁਵਾ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਨੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਰੋਸ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਯੂਟੀਊਬ, ਫੇਸਬੁੱਕ, ਇੰਸਟਾਗ੍ਰਾਮ ਤੋਂ ਇਲਾਵਾ ਹੋਰ ਕਈ ਇੰਟਰਨੈਟ ਕੰਪਨੀਆਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਬਚਿਆਂ ਨਾਲ ਸੰਬੰਧਿਤ ਜਿਨਸੀ ਸਮੱਗਰੀ ਦਾ ਪ੍ਰਚਾਰ ਪ੍ਰਸਾਰ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਆਸਟਰੇਲੀਆ ਤੋਂ ਇਲਾਵਾ ਹੋਰ ਕਈ ਮੁਲਕਾਂ ਨੇ ਕਈ ਇੰਟਰਨੈਟ ਕੰਪਨੀਆਂ ਤੇ ਪਾਬੰਦੀ ਲਗਾ ਦਿੱਤਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਜਿਹੜੀਆਂ ਇੰਟਰਨੈਟ ਕੰਪਨੀਆਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀਆਂ ਹਨ ਉਨ੍ਹਾਂ ਤੇ ਜਲਦ ਪਾਬੰਦੀ ਲਗਾਈ ਜਾਵੇ।

# ਵਿਦਿਆਰਥੀਆਂ ਨੇ ਹੜ੍ਹ ਪੀੜਤ ਲੋਕਾਂ ਲਈ ਕੀਤੀ ਅਰਦਾਸ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੇ ਪ੍ਰਿੰਸੀਪਲ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹੜ੍ਹ ਨਾਲ ਪ੍ਰਭਾਵਿਤ ਖੇਤਰਾਂ ਲਈ



ਡੂੰਘੀ ਹਮਦਰਦੀ ਪ੍ਰਗਟਾਈ, ਜਿੱਥੇ ਕਈ ਮਾਸੂਮ ਜ਼ਿੰਦਗੀਆਂ ਅਤੇ ਕਈ ਰੈਣ ਬਸੇਰੇ ਉੱਜੜ ਗਏ। ਇਸ ਦੁਖਦਾਈ ਘਟਨਾ ਨੇ ਸਾਰਿਆਂ ਨੂੰ ਸਦਮੇ ਵਿੱਚ ਪਾ ਦਿੱਤਾ ਅਤੇ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਪ੍ਰਭਾਵਿਤ ਪਰਵਾਰਾਂ ਲਈ ਅਰਦਾਸ ਕੀਤੀ। ਪੀੜਤਾਂ ਪ੍ਰਤੀ ਵਿਦਿਆਰਥੀਆਂ ਨੇ ਆਪਣੇ ਦੁੱਖ ਅਤੇ ਹਮਦਰਦੀ ਨੂੰ ਪ੍ਰਗਟਾਉਦੇ ਹੋਏ ਵਿਚਾਰਪੂਰਨ ਅਤੇ ਭਾਵੁਕ ਪੋਸਟਰ ਬਣਾਏ। ਕਲਾਕ੍ਰਿਤੀਆਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਸ਼ਾਂਤੀ, ਉਮੀਦ ਅਤੇ ਪ੍ਰਾਰਥਨਾਵਾਂ ਦੇ ਸੰਦੇਸ਼ ਪ੍ਰਦਰਸ਼ਤ ਕੀਤੇ। ਇਹਨਾ ਪੋਸਟਰਾਂ ਵਿੱਚ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਤੇ ਬੇਜ਼ੁਬਾਨ ਪਸ਼ੂਆਂ ਦੀ ਮਾੜੀ ਹਾਲਤ ਬਾਰੇ ਵੀ ਦਰਸਾਇਆ ਗਿਆ।ਇਸ ਤੋਂ ਇਲਾਵਾ ਸਕੂਲ ਪ੍ਰਿੰਸੀਪਲ ਅਮਰੀਕ ਸਿੰਘ ਤੇ ਸਮੂਹ ਅਧਿਆਪਕਾਂ ਨੇ ਹੜ੍ਹ ਪੀੜਤ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹੋਏ ਸਰਬੱਤ ਦੇ ਭਲੇ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਤੇ ਇਹ ਕਾਮਨਾ ਕੀਤੀ ਕਿ ਸਾਡੇ ਪੰਜਾਬ ਵਿੱਚ ਬਹੁਤ ਜਲਦ ਸੁੱਖ-ਸ਼ਾਂਤੀ ਵਾਲਾ ਮਾਹੌਲ ਬਣ ਜਾਵੇ।

# ਨਾਨਕ ਹੱਟ ਦੀ ਨਵੀਂ ਬ੍ਰਾਂਚ ਸਿੱਧਵਾਂ ਦੋਨਾ ਦੀ ਸ਼ੁਰੂਆਤ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਨਾਨਕ ਹੱਟ ਦੀ ਨਵੀਂ ਬਰਾਂਚ ਸਿੱਧਵਾਂ ਦੋਨਾ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਓਟ ਆਸਰਾ ਲੈ ਕੇ ਕੀਤੀ ਗਈ। ਲੋਕਾਂ ਨੂੰ ਗੁਣਵੱਤਾ ਤੇ ਸ਼ੁੱਧਤਾ ਦਾ ਸਮਾਨ ਦੇਣ ਦੇ ਸੱਚੇ-ਸੁੱਚੇ ਉਦੇਸ਼ ਨੂੰ ਲੈ ਕੇ ਏਕ ਓਕਾਂਰ ਸਮਾਜ ਭਲਾਈ ਸੰਸਥਾ

**● ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਕੀਤਾ ਉਦਘਾਟਨ**

ਵੱਲੋਂ ਚਾਲਈ ਜਾ ਰਹੀ ਨਾਨਕ ਹੱਟ ਦੀ ਇਹ ਪੰਜਵੀ ਬਰਾਂਚ ਹੈ। ਜਿਸਦਾ ਉਦਘਾਟਨ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਲੋਕਾਂ ਦਾ ਨਾਨਕ ਹੱਟ ਪ੍ਰਤੀ ਵਿਸ਼ਵਾਸ਼ ਹੈ ਕਿ ਨਾਨਕ ਹੱਟ ਦੀ ਪੰਜਵੀ ਬ੍ਰਾਂਚ ਦਾ ਉਦਘਾਟਨ ਕੀਤਾ ਗਿਆ। ਉਹਨਾਂ ਦੱਸਿਆ ਕਿ ਨਾਨਕ ਹੱਟ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੋਕਾਂ ਨੂੰ ਸਸਤੀਆਂ ਤੇ ਮਿਆਰੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ। ਜਿੱਥੇ ਹਰ



ਸਮਾਨ ਦਾ ਪੰਜਾਬੀ ਵਿੱਚ ਬਿੱਲ ਦਿੱਤਾ ਜਾ ਰਿਹਾ ਹੈ। ਸੰਤ ਸੀਚੇਵਾਲ ਨੇ ਇਹ ਵੀ ਦੱਸਿਆ ਕਿ ਇਸ ਸੰਸਥਾ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਵੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਸਮਾਗਮ ਵਿੱਚ ਪਹੁੰਚੇ ਉਚੇਚੇ ਤੌਰ ਤੇ ਆਏ ਨੇੜਲੇ ਪਿੰਡਾਂ ਦੇ ਸਰਪੰਚਾਂ ਨੇ ਕਿਹਾ ਕਿ ਨਾਨਕ ਹੱਟ ਦਾ ਪੇਂਡੂ ਇਲਾਕੇ ਵਿੱਚ ਖੁਲ੍ਹਣਾ ਇਲਾਕੇ ਲਈ ਬਹੁਤ ਵੱਡੀ ਗੱਲ ਹੈ। ਇਸ ਤੋਂ ਪਹਿਲਾਂ ਪਿੰਡ ਸੀਚੇਵਾਲ, ਸੁਲਤਾਨਪੁਰ ਲੋਧੀ, ਜਲੰਧਰ ਅਤੇ ਗਿੱਦੜਪਿੰਡੀ ਵਿੱਚ ਨਾਨਕ ਹੱਟ ਦੀਆਂ ਬ੍ਰਾਂਚਾਂ ਸਫਲਤਾਪੂਰਵਕ ਚੱਲ ਰਹੀਆਂ ਹਨ। ਇਸ ਸਮਾਗਮ ਵਿੱਚ ਕਪੂਰਥਲਾ ਤੋਂ ਹਲਕਾ ਇੰਚਾਰਜ਼ ਕਮਰਬੀਰ ਸਿੰਘ ਚੰਦੀ, ਸੁਰਜੀਤ ਸਿੰਘ ਸ਼ੰਟੀ, ਸਰਪੰਚ ਬੂਟਾ ਸਿੰਘ ਮੈਂਬਰ, ਪਰਮਜੀਤ ਸਿੰਘ ਬੱਲ ਮੈਂਬਰ, ਅਮਰੀਕ ਸਿੰਘ ਮੈਂਬਰ, ਸਤਨਾਮ ਸਿੰਘ, ਗੁਰਦੀਪ ਸਿੰਘ, ਸਿੱਧਵਾ ਦੋਨਾ ਤੋਂ ਸਪਰੰਚ ਸੁਖਵਿੰਦਰ ਸਿੰਘ ਨੇਕੀ ਤੇ ਵੱਖ-ਵੱਖ ਪਿੰਡਾਂ ਤੋਂ ਪੰਚ ਤੇ ਸਰਪੰਚ ਮੌਕੇ 'ਤੇ ਮੌਜੂਦ ਰਹੇ।

# ਮੱਖਣ ਪੱਲਣ ਦਾ ਸਮਾਗਮ ਦੌਰਾਨ ਸਨਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਦੇਹਿਰਾ ਬਾਬਾ ਸੈਣ ਭਗਤ ਜੀ ਪ੍ਰਤਾਬਪੁਰਾ ਦੇ ਪ੍ਰਧਾਨ, ਜੰਡਿਆਲਾ ਮੰਜਕੀ ਦੇ ਸਾਬਕਾ ਸਰਪੰਚ ਅਤੇ ਜੰਡਿਆਲਾ ਲੋਕ ਭਲਾਈ ਮੰਚ ਦੇ ਪ੍ਰਧਾਨ ਮੱਖਣ ਪੱਲਣ ਵੱਲੋਂ ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਸੈਣ ਸਮਾਜ ਵੈਲਫੇਅਰ ਬੋਰਡ ਦੇ ਚੇਅਰਮੈਨ ਨਿਯੁਕਤ ਕੀਤੇ ਜਾਣ ਦੀ ਖੁਸ਼ੀ ਵਿੱਚ ਦੇਹਿਰਾ ਬਾਬਾ ਸੈਣ ਭਗਤ ਜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਜਾਪ ਅਤੇ ਕੀਰਤਨ ਸਮਾਗਮ ਕਰਵਾਏ ਗਏ। ਪੰਜਾਬ ਸਰਕਾਰ ਵੱਲੋਂ ਸੈਣ ਸਮਾਜ ਵੈਲਫੇਅਰ ਬੋਰਡ ਪੰਜਾਬ ਉਹਨਾਂ ਨਾਲ ਬੋਰਡ ਦੇ ਨਿਯੁਕਤ ਕੀਤੇ ਚਾਰ ਹੋਰ ਮੈਂਬਰ ਚਰਨਜੀਤ ਸਿੰਘ ਲਾਡੀ, ਜਸਵੰਤ ਸਿੰਘ, ਮਿੰਟੂ ਸਿੰਘ, ਸੁਖਵਿੰਦਰ ਪਾਲ ਸਿੰਘ ਵੀ ਇਸ ਮੌਕੇ ਹਾਜ਼ਰ ਸਨ। ਇਸ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਮੰਗਲ ਸਿੰਘ ਬਾਸੀ ਅਤੇ ਹਲਕਾ ਜਲੰਧਰ ਛਾਉਣੀ ਦੇ ਇੰਚਾਰਜ ਰਾਜਵਿੰਦਰ ਕੌਰ ਥਿਆੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਮੱਖਣ ਪੱਲਣ ਬਾਖੂਬੀ ਨਿਭਾਉਣਗੇ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਹੋਰ ਬੁਲਾਰਿਆਂ ਨੇ ਵੀ ਮੱਖਣ ਪੱਲਣ ਵੱਲੋਂ ਸਮਾਜ ਅਤੇ ਆਮ ਲੋਕਾਂ ਲਈ ਕੀਤੇ ਕੰਮਾਂ ਦਾ ਜ਼ਿਕਰ ਕੀਤਾ।ਪੰਜਾਬ ਭਰ ਤੋਂ ਸੈਣ ਸਮਾਜ ਨਾਲ ਸੰਬੰਧਤ ਗੁਰਧਾਮਾਂ ਦੀਆਂ ਪ੍ਰਬੰਧਕ



ਕਮੇਟੀਆਂ ਵੱਲੋਂ ਮੱਖਣ ਪੱਲਣ ਦਾ ਚੇਅਰਮੈਨ ਬਣਨ 'ਤੇ ਸਵਾਗਤ ਤੇ ਸਨਮਾਨ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਹਲਕਾ ਜਲੰਧਰ ਕੈਂਟ ਤੋਂ ਆਮ ਆਦਮੀ ਪਾਰਟੀ ਦੀ ਹਲਕਾ ਇੰਚਾਰਜ ਬੀਬੀ ਰਾਜਵਿੰਦਰ ਕੌਰ ਥਿਆੜਾ ਅਤੇ ਮੰਗਲ ਸਿੰਘ ਬਾਸੀ ਚੇਅਰਮੈਨ ਪੰਜਾਬ ਐਗਰੋ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇਹਿਰਾ ਬਾਬਾ ਸੈਣ ਭਗਤ ਦੇ ਪ੍ਰਧਾਨ ਮੱਖਣ ਪੱਲਣ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਫੌਜੀ, ਮੀਤ ਪ੍ਰਧਾਨ ਚਰਨਜੀਤ ਸਿੰਘ ਲਾਡੀ, ਜਨਰਲ ਸਕੱਤਰ ਚਰਨਜੀਤ ਸਿੰਘ, ਕੈਸ਼ੀਅਰ ਮਾਸਟਰ ਜਸਵਿੰਦਰ ਸਿੰਘ, ਜੁਆਇੰਟ ਕੈਸ਼ੀਅਰ ਗੁਰਜੀਤ ਸਿੰਘ, ਸਕੱਤਰ ਸਰਵਨ ਸਿੰਘ ਮੁੱਲਾਪੁਰ, ਮੇਲਾ ਸਿੰਘ ਮੀਡੀਆ ਇੰਚਾਰਜ ਜ਼ਿਲ੍ਹਾ ਜਲੰਧਰ ਆਮ ਆਦਮੀ ਪਾਰਟੀ, ਭਰਪੂਰ ਸਿੰਘ ਸਰਕਲ ਪ੍ਰਧਾਨ ਫਿਲੌਰ, ਜੰਡਿਆਲਾ ਅਤੇ ਇਲਾਕੇ ਭਰ ਦੇ ਪਤਵੰਤੇ ਹਾਜ਼ਰ ਸਨ।

# ਸਾਲਾਨਾ ਜੋੜ ਮੇਲਾ ਅੱਜ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਦਰਬਾਰ ਪੰਜ ਪੀਰ ਬਾਬਾ ਬੰਨ੍ਹਾਂ ਵਾਲਾ ਪ੍ਰਬੰਧਕ ਕਮੇਟੀ ਤੇ ਐੱਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਜੋੜ ਮੇਲਾ 30 ਅਗਸਤ ਦਿਨ ਸ਼ਨੀਵਾਰ ਨੂੰ ਪਿੰਡ ਰਾਜੇਵਾਲ ਖੁਰਦ ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਐਂਕਰ ਰਮੇਸ਼ ਘਈ ਨੇ ਦੱਸਿਆ ਕਿ ਪੰਜਾਬ ਦੇ ਮਸ਼ਹੂਰ ਗਾਇਕ ਜੋੜੀ ਬਲਕਾਰ ਅਣਖੀਲਾ, ਮਨਜਿੰਦਰ ਗੁਲਸ਼ਨ 30 ਅਗਸਤ ਨੂੰ 1 ਵਜੇ ਸੱਭਿਆਚਾਰ ਗੀਤ ਪੇਸ਼ ਕਰਨਗੇ। ਇਸ ਮੌਕੇ ਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



ਵਿਕਰਮਜੀਤ ਸਿੰਘ ਚੌਧਰੀ ਐਮ.ਐਲ.ਏ ਫਿਲੌਰ ਦੇ ਨਿਵਾਸ ਤੇ ਪਹੁੰਚੇ ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੂੰ ਮਿਲਦੇ ਡਾ. ਅਸ਼ਵਨੀ ਕੁਮਾਰ ਆਸ਼ੂ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ। ਉਹਨਾਂ ਦੇ ਨਾਲ ਰਾਕੇਸ਼ ਕਾਲੀਆ ਕੌਂਸਲਰ, ਰਾਜੇਸ਼ ਰੋਕਸੀ ਕੌਂਸਲਰ, ਬਾਲਕ ਰਾਮ ਜੀ ਸ਼ਹਿਰੀ ਪ੍ਰਧਾਨ ਫਿਲੌਰ ਕਾਂਗਰਸ, ਮੱਖਣ ਮੱਲੀ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ, ਰਾਜ ਕੁਮਾਰ ਹੰਸ ਸਾਬਕਾ ਕੌਂਸਲਰ, ਹਰਭਜਨ ਲੱਕੀ । (ਫੋਟੋ ਤੇ ਵੇਰਵਾ : ਨਿਰਮਲ, ਫਿਲੌਰ)

29 Aug Page 9.qxd 8/29/2025 10:29 PM Page 1



## ਸਿਵਲ ਸਰਜਨ ਨੇ ਐਮਰਜੈਂਸੀ ਸਿਹਤ ਸੇਵਾਵਾਂ ਦਾ ਕੀਤਾ ਨਿਰੀਖਣ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜਨਲ ਹਸਪਤਾਲ, ਬਲਾਚੌਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਸਮੇਤ ਹੋਰ ਸਿਹਤ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਉਨ੍ਹਾਂ ਨੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜਨਲ ਹਸਪਤਾਲ, ਬਲਾਚੌਰ ਵਿਖੇ ਹੜ੍ਹ ਵਰਗੀਆਂ ਸੰਭਾਵੀ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਐਂਬੂਲੈਂਸਾਂ ਦੀ ਤਾਇਨਾਤੀ, ਜ਼ਰੂਰੀ ਦਵਾਈਆਂ ਤੇ ਮੈਡੀਕਲ ਸਾਜ਼-ਸਮਾਨ ਦੀ ਉਪਲੱਬਧਤਾ ਨੂੰ ਦੇਖਿਆ। ਇਸ ਮੌਕੇ ਉਨ੍ਹਾਂ ਗੁਆਂਢੀ ਰਾਜਾਂ ਸਮੇਤ ਪੰਜਾਬ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਹੜ੍ਹਾਂ ਦੇ ਖ਼ਤਰੇ ਦੇ ਚੱਲਦਿਆਂ ਮੈਡੀਕਲ ਐਮਰਜੈਂਸੀ ਦੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਜ਼ਿਲ੍ਹੇ ਵਿੱਚ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ, ਜੀਵਾਣੂਆਂ ਤੇ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਕੀਤੇ ਜਾ ਰਹੇ ਸਿਹਤ ਦੇਖਰੇਖ ਪ੍ਰਬੰਧਾਂ 'ਤੇ ਵਿਚਾਰ-ਚਰਚਾ ਕੀਤੀ ਗਈ। ਉਨ੍ਹਾਂ ਨੇ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ ਸਤਲੁਜ ਦਰਿਆ ਨਾਲ ਲੱਗਦੇ ਇਲਾਕਿਆਂ ਵਿੱਚ ਐਮਰਜੈਂਸੀ ਦੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ। ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਤੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਰੋਟਰੀ ਕਲੱਬ ਹੁਸ਼ਿਆਰਪੁਰ ਮਿਡਟਾਊਨ ਨੇ ਮਨਾਇਆ ਨੇਤਰ ਪੱਖਵਾੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡਟਾਊਨ ਵੱਲੋਂ ਮੋਹਾਲੀ ਸਥਿਤ ਟ੍ਰਾਈ ਸਿਟੀ ਆਈ ਹਸਪਤਾਲ ਵਿੱਚ ਨੇਤਰ ਪੱਖਵਾੜਾ ਮਨਾਇਆ ਗਿਆ। ਇਸ ਮੌਕੇ 'ਤੇ ਪ੍ਰਸਿੱਧ ਨੇਤਰ ਵਿਸ਼ੇਸ਼ਗਿਆਨ ਡਾ. ਰੋਹਿਤ ਗੁਪਤਾ ਦੇ ਸਹਿਯੋਗ ਨਾਲ ਸੌ ਮਰੀਜ਼ਾਂ ਦੀਆਂ ਅੱਖਾਂ ਦੀ ਪੱਟੀ ਖੋਲ੍ਹ ਕੇ ਉਨ੍ਹਾਂ ਨੂੰ ਨਵੀਂ ਰੋਸ਼ਨੀ ਪ੍ਰਦਾਨ ਕੀਤੀ ਗਈ। ਇਹ ਪਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁਤ ਹੀ ਭਾਵੁਕ ਤੇ ਯਾਦਗਾਰ ਰਿਹਾ। ਇਸ ਮੌਕੇ ਅਮਰੀਕਾ ਤੋਂ ਖ਼ਾਸ ਤੌਰ 'ਤੇ ਪਹੁੰਚੀਆਂ ਰੋਟੇਰੀਅਨ ਅਸਿਸਟੈਂਟ ਗਵਰਨਰ ਹੁਸਨ ਸੁਸੈਨ (ਰੋਟਰੀ ਕਲੱਬ ਟੈਕਸਾਸ) ਮੁੱਖ ਮਹਿਮਾਨ ਵਜੋਂ ਹਾਜ਼ਰ ਹੋਈਆਂ। ਉਨ੍ਹਾਂ ਨੇ ਰੋਟਰੀ ਮਿਡਟਾਊਨ ਅਤੇ ਅਮਰੀਕਾ ਦੇ ਪਲਾਨੋ ਮੈਟਰੋ ਰੋਟਰੀ ਕਲੱਬ ਦੇ ਸਹਿਯੋਗ ਨਾਲ ਚੱਲ ਰਹੇ ਕਾਰਨੀਅਲ ਟ੍ਰਾਂਸਪਲਾਂਟ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕੀਤੀ ਅਤੇ ਇਸ ਦੀ ਪ੍ਰਸ਼ੰਸਾ ਕੀਤੀ।ਗਿਫਟ ਆਫ ਸਾਈਟ ਪ੍ਰੋਜੈਕਟ ਦੇ ਚੇਅਰਮੈਨ ਰੋਟੇਰੀਅਨ ਮਨੋਜ ਓਹਰੀ ਨੇ ਦੱਸਿਆ ਕਿ ਹੁਣ ਤੱਕ ਰੋਟਰੀ ਕਲੱਬ ਵੱਲੋਂ ਕੁੱਲ 1096 ਲੋੜਵੰਦ ਵਿਅਕਤੀਆਂ ਦੀਆਂ ਅੱਖਾਂ ਦੀ ਰੋਸ਼ਨੀ ਮੁੜ ਪਰਤਾਉਣ ਵਿੱਚ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਇਹ ਸਿਰਫ ਨੇਤਰਦਾਤਾਵਾਂ ਦੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਨਾਲ ਸੰਭਵ ਹੋਈ ਹੈ। ਕਲੱਬ ਦੇ ਚੇਅਰਮੈਨ ਰੋਟੇਰੀਅਨ ਪਰਵੀਨ ਬਲੀਆ ਨੇ ਜਾਣਕਾਰੀ ਦਿੱਤੀ ਕਿ ਹਰ ਸਾਲ ਵਿਸ਼ਵ ਪੱਧਰ 'ਤੇ 25 ਅਗਸਤ ਤੋਂ 8 ਸਤੰਬਰ ਤੱਕ ਕਾਰਨੀਅਲ ਟ੍ਰਾਂਸਪਲਾਂਟ ਫੋਰਟਨਾਈਟ ਮਨਾਇਆ ਜਾਂਦਾ ਹੈ।



## ਤੇਜ਼ਧਾਰ ਹਥਿਆਰਬੰਦ ਲੁਟੇਰਿਆਂ ਵੱਲੋਂ ਟੀਚਰਾਂ 'ਤੇ ਹਮਲਾ, ਨਕਦੀ ਤੇ ਮੋਬਾਈਲ ਖੋਹ ਕੇ ਫ਼ਰਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬੀਤੇ ਸਮੇਂ ਤੋਂ ਨੂਰਮਹਿਲ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਲੁੱਟ ਖੋਹ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਲੁਟੇਰਿਆਂ ਵੱਲੋਂ ਅੱਜ ਭੰਡੋਵਾਲ ਨੇੜੇ ਤੇਜ਼ਧਾਰ ਹਥਿਆਰਾਂ ਨਾਲ ਇੱਥੋਂ ਦੇ ਇੱਕ ਪ੍ਰਾਈਵੇਟ ਸਕੂਲ ਦੀਆਂ ਟੀਚਰਾਂ ਉੱਪਰ ਹਮਲਾ ਕਰ ਦਿੱਤਾ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਪ੍ਰਾਈਵੇਟ ਸਕੂਲ ਦੀ ਟੀਚਰ ਮਨਜਿੰਦਰ ਕੌਰ ਆਪਣੇ ਦੋ ਹੋਰ ਸਾਥੀ ਟੀਚਰਾਂ ਨਾਲ ਆਪਣੇ ਵਹੀਕਲ 'ਤੇ ਆਪਣੇ ਪਿੰਡ ਨਾਹਲਾਂ ਨੂੰ ਜਾ ਰਹੀ ਸੀ ਕਿ ਪਿੰਡ ਭਲੋਵਾਲ ਕੋਲ ਉਹਨਾਂ ਦਾ ਪਿੱਛਾ ਕਰਦੇ ਤਿੰਨ ਹਥਿਆਰਬੰਦ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਉਹਨਾਂ ਨੂੰ ਘੇਰ ਕੇ ਮਨਜਿੰਦਰ ਕੌਰ ਨੂੰ ਐਕਟਿਵਾ ਤੋਂ ਹੇਠਾਂ ਸੁੱਟ ਲਿਆ ਅਤੇ ਉਸ ਦੀਆਂ ਲੱਤਾਂ ਬਾਹਾਂ 'ਤੇ ਦਾਤਰ ਨਾਲ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਦਾ ਪਰਸ ਜਿਸ ਵਿੱਚ ਪੰਜ ਹਜ਼ਾਰ ਰੁਪਏ, ਮੋਬਾਇਲ ਅਤੇ ਜ਼ਰੂਰੀ ਕਾਗ਼ਜ਼ਾਤ ਖੋਹ ਕੇ ਫ਼ਰਾਰ ਹੋ ਗਏ। ਮਨਜਿੰਦਰ ਕੌਰ ਦੇ ਸਾਥੀ ਟੀਚਰ ਨੇ ਰੌਲ਼ਾ ਪਾਇਆ ਤਾਂ ਉਹ ਦੌੜ ਗਏ ਅਤੇ ਟੀਚਰਾਂ ਨੇ ਇਸ ਘਟਨਾ ਦੀ ਸੂਚਨਾ ਸਕੂਲ ਮੁਖੀ ਨੂੰ ਦਿੱਤੀ ਅਤੇ ਸਕੂਲ ਮੁਖੀ ਨੇ ਪੁਲਸ ਨੂੰ ਸੂਚਿਤ ਕੀਤਾ।ਮਨਜਿੰਦਰ ਕੌਰ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਨੂਰਮਹਿਲ ਵਿੱਚ ਦਾਖਲ ਕਰਵਾਇਆ ਗਿਆ।ਜਿਸ ਦੀ ਰਿਪੋਰਟ ਪੁਲਸ ਥਾਣਾ ਨੂਰਮਹਿਲ ਨੂੰ ਕੀਤੀ ਗਈ ਅਤੇ ਪੁਲਿਸ ਲੁਟੇਰਿਆਂ ਦੀ ਭਾਲ ਵਿੱਚ ਜੁਟ ਗਈ ਹੈ।

## ਨੈਸ਼ਨਲ ਵੈਕਟਰ ਬੋਰਨ ਡਿਜੀਜ਼, ਵਾਟਰ ਬੋਰਨ ਡਿਜੀਜ਼ ਦੇ ਬਚਾਓ ਸਬੰਧੀ ਜਾਗਰੂਕ ਕੀਤਾ



**ਬਲਾਚੌਰ (ਜਸਵਿੰਦਰ ਬੈਂਸ)**- ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਸਬ ਸੈਂਟਰ ਜੈਨਪੁਰ ਵਿਖੇ ਨੈਸ਼ਨਲ ਵੈਕਟਰ ਬੋਰਨ ਡਿਜੀਜ਼ ਅਤੇ ਵਾਟਰ ਬੋਰਨ ਡਿਜੀਜ਼ ਦੇ ਬਚਾਅ ਸਬੰਧੀ ਜਾਣਕਾਰੀ ਦਿੱਤੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ 'ਚ ਪੈਦਾ ਹੁੰਦਾ ਹੈ ਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਸ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ ਸਫਾਈ ਰੱਖਣੀ ਚਾਹੀਦੀ ਹੈ। ਪਾਣੀ ਦੇ ਭਰੇ ਭਾਂਡਿਆਂ ਨੂੰ ਹਫਤੇ 'ਚ ਇੱਕ ਵਾਰ ਸਾਫ ਕਰਕੇ ਸੁਕਾਉਣਾ ਚਾਹੀਦਾ। ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਉ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਾਨੂੰ ਦੂਸ਼ਿਤ ਪਾਣੀ ਪੀਣ ਨਾਲ ਡਾਇਰੀਆ , ਪੀਲੀਆ, ਹੈਜ਼ਾ ਮਿਆਦੀ ਬੁਖਾਰ ਆਦਿ ਬਿਮਾਰੀਆਂ ਲੱਗ ਸਕਦੀਆਂ ਹਨ,ਸੋ ਇਸ ਤੋਂ ਬਚਣ ਲਈ ਸਾਨੂੰ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਖਾਣਾ ਬਣਾਉਣ ਅਤੇ ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਰੱਖਣਾ ਚਾਹੀਦਾ ਹੈ।ਇਸ ਮੌਕੇ 'ਤੇ ਪੇਂਡੂ ਸਿਹਤ ਸਫਾਈ ਸੰਮਤੀ ਦੇ ਮੈਂਬਰ ਤੇ ਹੈਲਥ ਵਰਕਰ ਬਿੰਦਰ ਕੁਮਾਰ ਨਰਿੰਦਰ ਕੌਰ ਸੀ ਐੱਚ ਓ ਡਾਕਟਰ ਰਾਜ ਕੁਮਾਰ ਤੇ ਆਸ਼ਾ ਵਰਕਰਾਂ ਹਾਜ਼ਰ ਸਨ।

## ਕੇਂਦਰ ਸਰਕਾਰ ਨੂੰ ਹੜ੍ਹਾਂ ਲਈ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ : ਪ੍ਰਗਟ ਸਿੰਘ

**ਜਲੰਧਰ (ਸ਼ੈਲੀ ਐਲਬਰਟ)**- ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਮੀਂਹ ਅਤੇ ਹੜ੍ਹਾਂ ਦੇ ਪਾਣੀ ਨਾਲ ਹੋਈ ਤਬਾਹੀ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਹੋਈ ਤਬਾਹੀ ਦੇ ਮੱਦੇਨਜ਼ਰ ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨਿਆ ਜਾਵੇ। ਇਸ ਦੇ ਨਾਲ ਹੀ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ, ਜਾਨਵਰਾਂ, ਫਸਲਾਂ ਅਤੇ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਲਈ ਇੱਕ ਵਿਸ਼ੇਸ਼ ਪੈਕੇਜ ਐਲਾਨਣ ਦੀ ਮੰਗ ਕੀਤੀ ਗਈ ਹੈ। ਪ੍ਰਗਟ ਸਿੰਘ ਨੇ ਕਿਹਾ ਕਿ ਬੱਦਲ ਫਟਣ ਅਤੇ ਭਾਰੀ ਬਾਰਸ਼ ਕਾਰਨ ਤਿੰਨਾਂ ਰਾਜਾਂ ਵਿੱਚ ਨਦੀਆਂ ਅਤੇ ਡੈਮ ਭਰ ਗਏ ਹਨ। ਪੰਜਾਬ ਦੇ ਕਈ ਜ਼ਿਲ੍ਹੇ ਜਿਵੇਂ ਕਿ ਤਰਨਤਾਰਨ, ਕਪੂਰਥਲਾ, ਸੁਲਤਾਨਪੁਰ ਲੋਧੀ, ਗੁਰਦਾਸਪੁਰ ਤੇ ਪਠਾਨਕੋਟ ਪਾਣੀ ਵਿੱਚ ਡੁੱਬੇ ਹੋਏ ਹਨ। ਪਾਣੀ ਉੱਥੇ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਗਿਆ ਹੈ। ਪੌਂਗ ਡੈਮ ਤੋਂ 1.25 ਲੱਖ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਜਿਸ ਕਾਰਨ ਸੈਂਕੜੇ ਪਿੰਡ ਹੜ੍ਹ ਦੀ ਲਪੇਟ ਵਿੱਚ ਆਉਣਗੇ।



## ਸ਼ਖ਼ਤ ਸਜ਼ਾਵਾਂ ਬੇਅਦਬੀ ਦੇ ਅਪਰਾਧ ਖ਼ਤਮ ਕਰਨ ਦੀ ਗਾਰੰਟੀ ਨਹੀਂ : ਤਰਕਸ਼ੀਲ ਸੁਸਾਇਟੀ



**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਦੇਣ ਲਈ ਲਿਆਂਦੇ ਗਏ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ-2025' ਬਾਬਤ ਆਪਣੇ ਲਿਖਤੀ ਵਿਚਾਰ ਅਤੇ ਸੁਝਾਅ ਦੇਣ ਸੰਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇੱਕ ਛੇ ਮੈਂਬਰੀ ਵਫਦ ਜਿਸ ਵਿੱਚ ਸੂਬਾ ਕਮੇਟੀ ਆਗੂ ਜਸਵਿੰਦਰ ਫਗਵਾੜਾ, ਸੁਮੀਤ ਅੰਮ੍ਰਿਤਸਰ, ਜੋਨ ਆਗੂ ਸੁਖਦੇਵ ਫਗਵਾੜਾ,ਅਜੀਤ ਪ੍ਰਦੇਸੀ ਰੋਪੜ, ਜੋਗਾ ਸਿੰਘ ਚੰਡੀਗੜ੍ਹ ਅਤੇ ਮਾਸਟਰ ਸੁਰਜੀਤ ਮੋਹਾਲੀ ਸ਼ਾਮਲ ਸਨ, ਅੱਜ ਵਿਧਾਨ ਸਭਾ ਦੇ ਸਕੱਤਰ ਰਾਮ ਲੋਕ ਖਟਾਨਾ ਨੂੰ ਮਿਲਿਆ ਅਤੇ ਇਸ ਬਿੱਲ ਨੂੰ ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਬੇਲੋੜਾ ਕਰਾਰ ਦਿੰਦਿਆਂ ਬਿੱਲ ਵਿੱਚ ਉਮਰ ਕੈਦ ਦੀ ਸਖ਼ਤ ਸਜ਼ਾ ਦੀ ਤਜਵੀਜ਼ ਨੂੰ ਰੱਦ ਕਰਨ ਦੀ ਮੰਗ ਕੀਤੀ। ਸੁਸਾਇਟੀ ਦੇ ਆਗੂਆਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਤਤਕਾਲੀ ਅਕਾਲੀ-ਭਾਜਪਾ, ਕਾਂਗਰਸ ਸਮੇਤ ਮੌਜੂਦਾ ਪੰਜਾਬ ਸਰਕਾਰ ਵੱਲੋਂ ਬੀਤੇ ਸਾਲਾਂ ਵਿੱਚ ਵਾਪਰੀਆਂ ਧਾਰਮਿਕ ਬੇਅਦਬੀਆਂ ਦੀਆਂ ਘਟਨਾਵਾਂ ਦੀ ਕੋਈ ਠੋਸ ਜਾਂਚ ਪੜਤਾਲ ਨਾ ਕਰਕੇ ਅਸਲ ਸਚਾਈ ਸਾਹਮਣੇ ਨਹੀਂ ਲਿਆਂਦੀ ਗਈ ਅਤੇ ਅਜਿਹੀਆਂ ਘਟਨਾਵਾਂ ਨੂੰ ਆਪਣੇ ਰਾਜਸੀ ਮੁਫਾਦਾਂ ਲਈ ਵਰਤਿਆ ਗਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਆਪਣੀਆਂ ਨਾਕਾਮੀਆਂ ਛੁਪਾਉਣ, ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਲਾਂਭੇ ਹਟਾਉਣ ਅਤੇ ਲੋਕਾਂ ਦੇ ਧਾਰਮਿਕ ਜਜ਼ਬਾਤ ਭੜਕਾਉਣ ਲਈ ਹੀ ਅਜਿਹਾ ਬੇਲੋੜਾ ਬਿੱਲ ਲਿਆਂਦਾ ਗਿਆ ਹੈ।ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਸਰਕਾਰ ਵੱਲੋਂ ਤਜਵੀਜ਼ਤ ਬਿੱਲ ਵਿੱਚ ਉਮਰ ਕੈਦ ਦੀ ਸਖ਼ਤ ਸਜ਼ਾ ਸ਼ਾਮਲ ਕਰਨਾ ਬੇਅਦਬੀ ਦੇ ਅਪਰਾਧ ਨੂੰ ਖਤਮ ਕਰਨ ਦੀ ਕੋਈ ਗਾਰੰਟੀ ਨਹੀਂ ਕਿਉਂਕਿ ਭਾਰਤੀ ਨਿਆਂ ਪ੍ਰਣਾਲੀ ਵਿੱਚ ਕਤਲ ਅਤੇ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਖ਼ਤ ਸਜ਼ਾ ਹੋਣ ਦੇ ਬਾਵਜੂਦ ਦੇਸ਼ ਵਿੱਚ ਕਤਲ ਅਤੇ ਬਲਾਤਕਾਰ ਦੇ ਅਪਰਾਧਾਂ ਵਿੱਚ ਕੋਈ ਕਮੀਂ ਨਹੀਂ ਆਈ ਉਲਟਾ ਸਗੋਂ ਵਾਧਾ ਹੋਇਆ ਹੈ।ਉਨ੍ਹਾਂ ਨੇ ਧਾਰਾ 295, 295 ਏ ਵਾਂਗ ਬੇਅਦਬੀ ਦੇ ਇਸ ਕਾਨੂੰਨ ਦੀ ਵੀ ਦੁਰਵਰਤੋਂ ਹੋਣ ਦਾ ਪੱਕਾ ਖਦਸ਼ਾ ਜ਼ਾਹਰ ਕਰਦਿਆਂ ਦੋਸ਼ ਲਾਇਆ ਕਿ ਜਿਵੇਂ ਕੇਂਦਰੀ ਹਕੂਮਤਾਂ ਵੱਲੋਂ ਯੂ ਏ ਪੀ ਏ ਅਤੇ ਐਨ ਐਸ ਏ ਵਰਗੇ ਲੋਕ ਵਿਰੋਧੀ ਸਖ਼ਤ ਕਾਨੂੰਨਾਂ ਦੀ ਆਪਣੇ ਸਿਆਸੀ ਅਤੇ ਵਿਚਾਰਧਾਰਕ ਵਿਰੋਧੀਆਂ ਦੇ ਖ਼ਿਲਾਫ਼ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਕਈ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਗਿਆ ਹੈ,ਉਵੇਂ ਹੀ ਧਾਰਮਿਕ ਬੇਅਦਬੀ ਵਿਰੋਧੀ ਕਾਨੂੰਨ ਹੇਠ ਸਿਆਸੀ ਵਿਰੋਧੀਆਂ ਅਤੇ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਕਿਸੇ ਰੰਜਿਸ਼ ਜਾਂ ਬਦਲੇਖੋਰੀ ਹੇਠ ਧਾਰਮਿਕ ਬੇਅਦਬੀ ਦੇ ਝੂਠੇ ਕੇਸਾਂ ਵਿੱਚ ਫਸਾ ਕੇ ਉਨ੍ਹਾਂ ਦੀ ਜ਼ਬਾਨਬੰਦੀ ਕੀਤੀ ਜਾਵੇਗੀ।

## ਸਾਬਕਾ ਮੰਤਰੀ ਗਿਲਜ਼ੀਆਂ ਦੀ ਟੀਮ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਸਮੱਗਰੀ ਭੇਟ



**ਟਾਂਡਾ ਉੜਮੁੜ (ਕਾਜਲ , ਉਂਕਾਰ ਸਿੰਘ)**- ਟਾਂਡਾ ਦੇ ਮੰਡ ਇਲਾਕੇ ਵਿਚ ਬਿਆਸ ਦਰਿਆ 'ਚ ਆਏ ਹੜ੍ਹ ਕਾਰਨ ਪੀੜ੍ਹਤ ਲੋਕਾਂ ਦੀ ਮਦਦ ਲਈ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਉਨ੍ਹਾਂ ਦੀ ਟੀਮ ਵੱਲੋਂ ਪਿੰਡ ਮਿਆਨੀ ਵਿਖੇ ਪ੍ਰਸ਼ਾਸ਼ਨ ਵੱਲੋਂ ਬਣਾਏ ਹੜ ਪੀੜਿਤਾਂ ਦੇ ਸੈਂਟਰ ਵਿਚ ਮਦਦ ਸਮੱਗਰੀ ਭੇਟ ਕੀਤੀ ਗਈ ਹੈ । ਨਗਰ ਕੌਂਸਲ ਟਾਂਡਾ ਦੇ ਪ੍ਰਧਾਨ ਗੁਰਸੇਵਕ ਮਾਰਸ਼ਲ, ਬਲਜੀਤ ਸਿੰਘ ਦੀ ਅਗਵਾਈ ਵਿਚ ਟੀਮ ਵਿਚ ਸ਼ਾਮਲ ਕੌਂਸਲਰਾਂ ਅਤੇ ਵਰਕਰਾਂ ਨੇ ਹੜ ਪ੍ਰਭਾਵਿਤ ਲੋਕਾਂ ਲਈ ਪੀਣ ਵਾਲਾ ਪਾਣੀ, ਓਡੋਮਾਸ, ਰੱਸ, ਬਿਸਕੁਟ ਅਤੇ ਫਰੂਟ ਭੇਟ ਕੀਤਾ । ਇਸ ਦੌਰਾਨ ਪ੍ਰਧਾਨ ਮਾਰਸ਼ਲ ਅਤੇ ਸਮਾਜ ਸੇਵਕ ਬਲਜੀਤ ਸਿੰਘ ਨੇ ਦੱਸਿਆ ਕਿ ਮਦਦ ਸਮੱਗਰੀ ਭੇਟ ਕਰਨ ਦੇ ਨਾਲ-ਨਾਲ ਉਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਤੋਂ ਉਨ੍ਹਾਂ ਦੀਆਂ ਲੋੜਾਂ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਟੀਮਾਂ ਵੱਲੋਂ ਲਗਾਤਾਰ ਇਲਾਕੇ ਵਿਚ ਜਾ ਕੇ ਮਦਦ ਕੀਤੀ ਜਾਵੇਗੀ। ਇਸ ਮੌਕੇ ਨੰਬਰਦਾਰ ਜਗਜੀਵਨ ਜੱਗੀ, ਸਨੀ ਮਿਆਣੀ, ਬਾਬੂ ਰੂਪ ਲਾਲ, ਹਰਜਿੰਦਰਪਾਲ ਸਿੰਘ ਜੇ. ਪੀ. ਨੰਗਲੀ, ਮਨੀ ਸਹਿਬਾਜ਼ਪੁਰ, ਪਰਵਿੰਦਰ ਲਾਡੀ, ਰਾਜੇਸ਼ ਰਾਜੂ, ਡਾ.ਸਤਨਾਮ ਸਿੰਘ ਆਦਿ ਮੌਜੂਦ ਸਨ ।

## ਸਿਹਤ ਵਿਭਾਗ ਨੇ ਲਾਰਵੇ ਦੀ ਕੀਤੀ ਜਾਂਚ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਯਤਨਸ਼ੀਲ ਹੈ।ਇਸੇ ਕੜੀ ਤਹਿਤ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਤੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਮੌਕੇ ਆਮ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਬਾਰਾਂਦਰੀ ਗਾਰਡਨ ਦਾ ਦੌਰਾ ਕੀਤਾ ਤੇ ਲਾਰਵੇ ਦੀ ਜਾਂਚ ਕੀਤੀ। ਉਨ੍ਹਾਂ ਆਮ ਲੋਕਾਂ ਨੂੰ ਪੰਜਾਬ ਸਰਕਾਰ ਦੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਬਾਰੇ ਦੱਸਿਆ। ਉਨ੍ਹਾਂ ਨੇ ਪਾਣੀ ਵਾਲੇ ਸਰੋਤਾਂ, ਫੁੱਲਾਂ ਦੇ ਗਮਲੇ ਅਤੇ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਦੀ ਜਾਂਚ ਕੀਤੀ। ਸਿਹਤ ਅਧਿਕਾਰੀਆਂ ਵੱਲੋਂ ਹਰ ਉਸ ਥਾਂ ਦੀ ਚੈਕਿੰਗ ਕੀਤੀ ਗਈ, ਜਿੱਥੇ ਡੇਂਗੂ ਦਾ ਲਾਰਵਾ ਹੋਣ ਦੀ ਸੰਭਾਵਨਾ ਸੀ। ਸਿਵਲ ਸਰਜਨ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਮੱਛਰ ਦੇ ਜੀਵਨ ਚੱਕਰ ਨੂੰ ਤੋੜਨਾ ਮਹੱਤਵਪੂਰਨ ਹੈ।

## ਪਾਣੀ ਦੇ ਤੇਜ਼ ਵਹਾਅ ਨਾਲ ਕਿਸਾਨ ਦੇ 6 ਖੇਤ ਡੁੱਬੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੋਟਲਾ ਪਿੰਡ ਦੇ ਕਿਸਾਨ ਅਰਪਨ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਮੀਂਹ ਪੈਣ ਕਾਰਨ, ਉਸਦੇ ਝੋਨੇ ਦੇ 6 ਖੇਤ ਪਾਣੀ ਵਿੱਚ ਡੁੱਬ ਗਏ। ਉਸ ਦਾ ਬਹੁਤ ਨੁਕਸਾਨ ਹੋਇਆ ਹੈ। ਉਹ ਇਨ੍ਹਾਂ ਖੇਤਾਂ ਵਿੱਚ ਖੇਤੀ ਮਾਮਲੇ ਤੇ ਕਰਦਾ ਹੈ। ਲਗਾਤਾਰ ਮੀਂਹ ਕਾਰਨ ਇਲਾਕੇ ਵਿੱਚ ਪਾਣੀ ਕਾਰਨ ਬਹੁਤ ਨੁਕਸਾਨ ਹੋਇਆ ਹੈ। ਇਸ ਮੌਕੇ ਹੋਰ ਕਿਸਾਨ ਗੁਰਿੰਦਰ ਸਿੰਘ ਤੇ ਸੁਰਜੀਤ ਸਿੰਘ ਆਦਿ ਉਸ ਦੇ ਨਾਲ ਮੌਜੂਦ ਸਨ।

## ਚਿੱਟੇ ਦੇ ਧੰਦੇ ਨੂੰ ਰੋਕਣ ਸਬੰਧੀ ਐੱਸ ਐੱਚ ਓ ਨੂੰ ਦਿੱਤਾ ਮੰਗ ਪੱਤਰ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਅਧੀਨ ਪੈਂਦੇ ਪਿੰਡ ਕਿੰਗਰਾ ਚੋ ਵਾਲਾ ਦੀ ਪੰਚਾਇਤ ਤੇ ਲੰਬੜਦਾਰ ਦੀ ਪ੍ਰਧਾਨਗੀ ਦੇ ਹੇਠ ਚਿੱਟੇ ਦੇ ਧੰਦੇ ਸਬੰਧੀ ਇੱਕ ਮੰਗ ਪੱਤਰ ਥਾਣਾ ਭੋਗਪੁਰ ਦੇ ਐੱਸ ਐੱਚ ਓ ਨੂੰ ਦਿੱਤਾ ਗਿਆ ਜਿਸ ਵਿੱਚ ਉਹਨਾਂ ਬਿਆਨ ਕੀਤਾ ਕਿ ਪਿੰਡ ਵਿੱਚ ਲੰਬੇ ਸਮੇਂ ਤੋਂ ਚਿੱਟੇ ਦਾ ਧੰਦਾ ਚੱਲ ਰਿਹਾ ਹੈ। ਜਿਸ ਬਾਰੇ ਅਸੀਂ ਸਮੇਂ- ਸਮੇਂ ਦੇ ਉੱਪਰ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਸਬੰਧੀ ਲਿਖਤੀ ਰੂਪ ਵਿੱਚ ਬੇਨਤੀ ਕਰਦੇ ਹਾਂ, ਪਰ ਇਹਨਾਂ ਨਸ਼ੇ ਦੇ ਸੌਦਾਗਰਾਂ ਉੱਪਰ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ। ਪਿੰਡ ਦੇ ਸਾਬਕਾ ਸਰਪੰਚ ਮੋਤੀ ਰਾਮ ਨੂੰ ਕੁੱਟ ਕੇ ਨਸ਼ੇੜੀਆਂ ਵੱਲੋਂ ਲੁੱਟਿਆ ਗਿਆ। ਸਮੂਹ ਗ੍ਰਾਮ ਪੰਚਾਇਤ, ਲੰਬਰਦਾਰ ਅਤੇ ਪਿੰਡ ਵਾਸੀਆਂ ਨੇ ਐਸ ਐਚ ਓ ਭੋਗਪੁਰ ਨੂੰ ਮੰਗ ਪੱਤਰ ਦਿੰਦਿਆਂ ਕਿਹਾ ਕਿ ਪਿੰਡ ਵਿੱਚ ਨਸ਼ੇ ਦਾ ਧੰਦਾ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨਾਲ ਗੱਲਬਾਤ ਕੀਤੀ ਉਹਨਾਂ ਕਿਹਾ ਕਿ ਪਿੰਡ ਕਿੰਗਰੇ ਦੀ ਪੰਚਾਇਤ ਨੇ ਪੁਲਸ ਤੋਂ ਸਹੀ ਮੰਗ ਕੀਤੀ ਹੈ। ਪੁਲਸ ਦੀ ਵੀ ਡਿਊਟੀ ਬਣਦੀ ਹੈ ਕਿ ਜਿੱਥੇ ਨਸ਼ੇ ਦਾ ਕੰਮ ਚੱਲਦਾ ਹੈ ਉਹ ਬੰਦ ਕਰਾਇਆ ਜਾਵੇ।



## ਸਰਪੰਚ ਅਮਰਜੀਤ ਲਾਲ ਦੀ ਅੰਤਿਮ ਅਰਦਾਸ 31 ਨੂੰ



**ਨੂਰਮਹਿਲ (ਬਾਲੀ)**- ਨਵਾਂ ਪਿੰਡ ਅਰਾਈਆ (ਸ਼ੌਕੀਆ) ਦੇ ਸਰਪੰਚ ਅਤੇ ਲੰਬੜਦਾਰ ਅਮਰਜੀਤ ਲਾਲ ਜੋ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸੀ, ਉਹਨਾਂ ਦੀ ਅੰਤਿਮ ਅਰਦਾਸ 31 ਅਗਸਤ ਨੂੰ ਨਵਾਂ ਪਿੰਡ ਸ਼ੌਕੀਆ ਵਿਖੇ ਹੋਵੇਗੀ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਮਲਕੀਤ ਚੁੰਬਰ ਨੇ ਕਿਹਾ ਕਿ ਅਮਰਜੀਤ ਸਰਪੰਚ ਦੀ ਅੰਤਿਮ ਅਰਦਾਸ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਦਰਬਾਰ ਬਾਬਾ ਭੋਲਾ ਪੀਰ ਦੇ ਹਾਲ ਵਿੱਚ ਹੋਵੇਗੀ। ਸ਼ਰਧਾਂਜਲੀ ਭੇਟ ਕਰਨ ਲਈ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਸਾਹਿਬਾਨ ਪਹੁੰਚ ਰਹੇ ਹਨ।

## ਡਿਪਟੀ ਡੀ ਈ ਓ (ਐਲੀਮੈਂਟਰੀ) ਨੂੰ ਚਾਰਜ ਸੰਭਾਲਣ 'ਤੇ ਕੀਤਾ ਸਨਮਾਨਤ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਰਕਾਰ ਵੱਲੋਂ ਪ੍ਰਿੰਸੀਪਲਾਂ ਦੀਆਂ ਬਦਲੀਆਂ ਅਤੇ ਤੈਨਾਤੀਆਂ ਕੀਤੀਆਂ ਗਈਆਂ ਹਨ। ਇਹਨਾਂ ਬਦਲੀਆਂ ਅਤੇ ਤੈਨਾਤੀਆਂ ਤਹਿਤ ਪੰਜਾਬ ਸਰਕਾਰ ਵਲੋਂ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੂੰ ਉੱਪ-ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਹੁਸ਼ਿਆਰਪੁਰ ਦਾ ਚਾਰਜ ਦਿੱਤਾ ਗਿਆ। ਪ੍ਰਿੰਸੀਪਲ ਅਮਨਦੀਪ ਸ਼ਰਮਾ ਨੂੰ ਉਕਤ ਅਹੁਦੇ ਦਾ ਚਾਰਜ ਸੰਭਾਲਣ ਤੇ ਗੌਰਮਿੰਟ ਟੀਚਰਜ ਯੂਨੀਅਨ ਬਲਾਕ ਕੋਟ ਫਤੂਹੀ ਦੀ ਟੀਮ ਵਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਬਲਾਕ ਦੀ ਜਥੇਬੰਦਕ ਟੀਮ ਵਲੋਂ ਉੱਪ-ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਅਮਨਦੀਪ ਸ਼ਰਮਾ ਨੂੰ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਗੌਰਮਿੰਟ ਟੀਚਰਜ ਹੁਸ਼ਿਆਰਪੁਰ ਦੇ ਜਿਲ੍ਹਾ ਸਲਾਹਕਾਰ ਸੁਨੀਲ ਸ਼ਰਮਾ ਅਤੇ ਲੈਕਚਰਾਰ ਅਮਰ ਸਿੰਘ ਉਚੇਚੇ ਤੌਰ ਸ਼ਾਮਿਲ ਹੋਏ। ਇਸ ਮੌਕੇ ਸਤੀਸ਼ ਰਾਣਾ, ਜਸਵੀਰ ਤਲਵਾੜਾ, ਨਰਿੰਦਰ ਅਜਨੋਹਾ, ਸੁਨੀਲ ਸ਼ਰਮਾ, ਅਮਰ ਸਿੰਘ, ਵਰਿੰਦਰ ਵਿੱਕੀ, ਉਂਕਾਰ ਸਿੰਘ, ਸਗਲੀ ਰਾਮ, ਮਨਜਿੰਦਰ ਸਿੰਘ ਹਾਜ਼ਰ ਸਨ।

## 9 ਸਤੰਬਰ ਦੀ ਸ਼ਹੀਦੀ ਕਾਨਫਰੰਸ ਨੂੰ ਸਫ਼ਲ ਕਰਨ ਲਈ ਮੀਟਿੰਗ

**ਕਾਲਾ ਸੰਘਿਆਂ (ਮਨਜੀਤ ਮਾਨ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਕਾਲਾ ਸੰਘਿਆਂ ਘੋਲ ਸ਼ਹੀਦਾਂ ਦੀ ਯਾਦਗਾਰ ਵਿਖੇ ਕਾਮਰੇਡ ਲੁਭਾਇਆ ਸਿੰਘ ਕਾਲਾ ਸੰਘਿਆਂ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ। ਜਿਸ ਵਿੱਚ ਪਾਰਟੀ ਵੱਲੋਂ ਨਕਸਲੀ ਲਹਿਰ ਦੇ 1973 'ਚ ਕਾਲਾ ਸੰਘਿਆਂ ਘੋਲ ਦੇ 7 ਨਕਸਲੀ ਸ਼ਹੀਦ ਸਾਥੀਆਂ 'ਚ ਸ਼ਾਮਲ ਸਾਥੀ ਤੇਜਾ ਸਿੰਘ ਕਾਲਾ ਸੰਘਿਆਂ, ਜੋਗਿੰਦਰ ਸਿੰਘ ਜਿੰਦ, ਸਵਰਨ ਸਿੰਘ ਢੱਡਾ, ਤਰਸੇਮ ਸਿੰਘ ਟੁੱਟ, ਗੁਰਦੀਪ ਸਿੰਘ ਗੋਬਿੰਦਪੁਰ, ਗੁਰਦਿਆਲ ਸਿੰਘ ਕਾਲਾ ਸੰਘਿਆਂ ਅਤੇ ਬਿਕਰਮਜੀਤ ਸਿੰਘ ਸਾਦਿਕਪੁਰ ਦੀ ਯਾਦ ਵਿੱਚ 9 ਸਤੰਬਰ ਨੂੰ ਇਹਨਾਂ ਨਕਸਲੀ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਸਵੇਰੇ 11 ਵਜੇ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਵੱਲੋਂ ਸ਼ਹੀਦੀ ਯਾਦਗਾਰ ਤੇ ਲਾਲ ਝੰਡਾ ਝੁਲਾਇਆ ਜਾਵੇਗਾ। ਇਸ ਉਪਰੰਤ ਇਨਕਲਾਬੀ ਨਾਹਰੇਆ ਦੀ ਗੂੰਜ ਹੇਠ ਕਿਰਤੀ ਲੋਕਾਂ ਦਾ ਕਾਫ਼ਲਾ ਮਾਰਚ ਕਰਦਿਆਂ ਕਾਲਾ ਸੰਘਿਆਂ ਦੇ ਪਿੰਡ ਵਿੱਚ ਦੀ ਹੁੰਦਾ ਹੋਇਆ ਪੈਟਰੋਲ ਪੰਪ ਨੇੜੇ ਜੋਤੀ ਪੈਲਸ ਪਹੁੰਚੇਗਾ।ਜਿਥੇ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਜਾਵੇਗੀ ਜਿਸ ਵਿਚ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਹੀਦ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। ਸ਼ਰਧਾਂਜਲੀ ਸਮਾਗਮ ਮੌਕੇ ਇਨਕਲਾਬੀ ਨਾਟਕ ਅਤੇ ਕੋਰੀਉਗਰਾਫੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਭੁੱਲਰ, ਤਰਸੇਮ ਸਿੰਘ ਬੰਨੇਮੱਲ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਅਮਰਜੀਤ ਸਿੰਘ ਜਵਾਲਾਪੁਰ, ਸੁਰਿੰਦਰ ਸਿੰਘ ਗ਼ਦਰੀ, ਕਾਮਰੇਡ ਲੁਭਾਇਆ ਸਿੰਘ, ਟਹਿਲ ਸਿੰਘ ਕਾਲਾ ਸੰਘਿਆਂ, ਕੁਲਵਿੰਦਰ ਸਿੰਘ ਭੰਡਾਲ ਬੇਟ ਆਦਿ ਹਾਜ਼ਰ ਸਨ।



## ਖ਼ੂਨਦਾਨ ਕੈਂਪ ਭਲਕੇ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਰਿਹਾਣਾ ਜੱਟਾਂ ਨਿਰੰਕਾਰੀ ਸਤਿਸੰਗ ਭਵਨ ਵਿਖੇ ਸਤਿਗੁਰੂ ਮਾਤਾ ਸੁਦੀ ਕਹਾ ਜੀ ਮਹਾਰਾਜ ਦੀ ਅਪਾਰ ਕਿਰਪਾ ਨਾਲ ਸਾਲਾਨਾ 13ਵਾਂ ਵਿਸ਼ਾਲ ਖ਼ੂਨਦਾਨ ਕੈਂਪ 31 ਅਗਸਤ ਨੂੰ ਲਗਾਇਆ ਜਾ ਰਿਹਾ ਹੈ। ਇਸ ਮੌਕੇ ਬਰਾਂਚ ਰਿਹਾਣਾ ਜੱਟਾਂ ਦੇ ਮੁੱਖ ਸੇਵਾਦਾਰ ਮੁੱਖੀ ਭਾਈ ਨਰਿੰਦਰ ਪਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ 31ਅਗਸਤ ਨੂੰ ਸਵੇਰੇ ਸਤਿਕਾਰ ਯੋਗ ਸੰਤ ਐਚ ਐਸ ਚਾਵਲਾ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਪਣੇ ਕਰ ਕਮਲਾਂ ਨਾਲ ਉਦਘਾਟਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਦੌਰਾਨ ਵੱਖ ਵੱਖ ਸ਼ਹਿਰਾਂ ਤੋਂ ਬਲੱਡ ਬੈਂਕਾ ਤੋਂ ਖ਼ੂਨ ਪ੍ਰਾਪਤ ਕਰਨ ਲਈ ਟੀਮਾਂ ਪੁਜ ਰਹੀਆਂ ਹਨ। ਪ੍ਰੋਗਰਾਮ ਦੀ ਜਾਣਕਾਰੀ ਡਾ. ਪਰਮਜੀਤ ਸਿੰਘ ਬੱਧਣ ਭੁੰਗਰਨੀ, ਡਾ. ਕੁਲਦੀਪ ਕੌਰ ਬੱਧਣ ਭੁੰਗਰਨੀ ਨੇ ਪ੍ਰੈੱਸ ਨੂੰ ਦਿੱਤੀ ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗ੍ਰਿਫਤਾਰੀ ਦੇ ਇਤਿਹਾਸਕ ਪੱਖ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਦਿੱਤਾ ਮੰਗ ਪੱਤਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਲੀ ਜਾਂਦਿਆਂ ਗ੍ਰਿਫਤਾਰੀ ਕਈ ਇਤਿਹਾਸਕਾਰਾਂ ਨੇ ਆਗਰਾ ਵਿਖੇ ਦਰਸਾਈ ਹੈ ਜਦਕਿ ਇਹ ਗ੍ਰਿਫਤਾਰੀ ਆਗਰਾ ਨਾ ਹੋ ਕੇ ਮਲਿਕਪੁਰ ਰੰਗੜਾ ਨੇੜੇ ਰੋਪੜ ਹੋਈ ਸੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਗੁਰਦੀਪ ਸਿੰਘ ਕੰਗ ਰਾਹੀਂ ਇੱਕ ਮੰਗ ਪੱਤਰ ਦਿੰਦਿਆਂ ਗੁਰਮਤਿ ਵਿਚਾਰ ਮੰਚ ਪੰਜਾਬ ਦੇ ਕਨਵੀਨਰ ਨਿਰਮਲ ਸਿੰਘ ਲੋਧੀ ਮਾਜਰਾ ਨੇ ਕੀਤਾ। ਉਹਨਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਜੋ ਕਿ ਅਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਹਨ, ਉਹਨਾਂ ਵਿੱਚ ਇਸ ਗੱਲ ਨੂੰ ਦਰੁਸਤ ਕਰਕੇ ਦੱਸਿਆ ਜਾਵੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗ੍ਰਿਫ਼ਤਾਰੀ ਮਲਿਕਪੁਰ ਰੰਗੜਾ ਵਿੱਚ ਹੋਈ ਸੀ। ਉਹਨਾਂ ਕਿਹਾ ਕਿ ਇਤਿਹਾਸਕਾਰਾਂ ਨੇ ਇਤਿਹਾਸ ਨੂੰ ਮਿਥਿਹਾਸ ਬਣਾ ਕੇ ਰੱਖ ਦਿੱਤਾ ਹੈ। ਮੌਜੂਦਾ ਮਾਨਤਾ ਇਹ ਹੈ ਕਿ ਗੁਰੂ ਜੀ ਆਗਰੇ ਤੋਂ ਗ੍ਰਿਫਤਾਰ ਹੋਏ ਸਨ ਪਰ ਕੋਈ ਵੀ ਸਰਕਾਰ ਆਪਣੇ ਬਾਗੀ ਨੂੰ ਖੁੱਲ੍ਹਾ ਨਹੀਂ ਛੱਡਦੀ ਹੁੰਦੀ। ਗੁਰੂ ਸਾਹਿਬ ਦੀਆਂ ਅਨੰਦਪੁਰ ਸਾਹਿਬ ਵਿਖੇ ਰੋਜ਼ਾਨਾ ਚਲਦੀਆਂ ਗਤੀਵਿਧੀਆਂ ਸਰਕਾਰੀ ਰਿਪੋਰਟਾਂ, ਸੂਹੀਆਂ ਰਾਹੀਂ ਅਤੇ ਕਸ਼ਮੀਰੀ ਪੰਡਤਾਂ ਰਾਹੀਂ ਔਰੰਗਜ਼ੇਬ ਦੀ ਸਰਕਾਰ ਨੂੰ ਪਹੁੰਚ ਚੁੱਕੀਆਂ ਸਨ । ਪੰਥ ਦੇ ਪ੍ਰਸਿੱਧ ਵਿਦਵਾਨ ਭੱਟ ਵਹੀਆ, ਡਾਕਟਰ ਪਿਆਰਾ ਸਿੰਘ, ਡਾਕਟਰ ਗੰਡਾ ਸਿੰਘ, ਡਾਕਟਰ ਰਜਿੰਦਰ ਸਿੰਘ ਦਿਲਗੀਰ, ਪ੍ਰੋਫੈਸਰ ਹਰਬੰਸ ਸਿੰਘ, ਮਹਿੰਦਰ ਸਿੰਘ ਜੋਸ਼, ਡਾਕਟਰ ਸੰਗਤ ਸਿੰਘ, ਡਾਕਟਰ ਤਾਰਨ ਸਿੰਘ ਅਤੇ ਮੁਹੰਮਦ ਅਹਿਸਾਨ ਆਦਿ ਨੇ ਆਪਣੀਆਂ ਲਿਖਤਾਂ ਵਿੱਚ ਨੌਵੇਂ ਪਾਤਸ਼ਾਹ ਜੀ ਦੀ ਗ੍ਰਿਫਤਾਰੀ ਪਿੰਡ ਮਲਿਕਪੁਰ ਰੰਗੜਾ ਨੂੰ ਸਹੀ ਮੰਨਿਆ ਹੈ। ਗੁਰਮਤਿ ਵਿਚਾਰ ਮੰਚ ਵੱਲੋਂ ਸਮੂਹ ਜਥੇਦਾਰ ਤਖਤ ਸਾਹਿਬਾਨ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਮੈਨੇਜਰ ਤਖਤ ਸਾਹਿਬ ਰਾਹੀਂ ਇਹ ਮੰਗ ਪੱਤਰ ਦਿੰਦਿਆਂ ਅਪੀਲ ਕੀਤੀ ਹੈ ਕਿ ਇਤਿਹਾਸ ਨੂੰ ਦਰੁਸਤ ਕੀਤਾ ਜਾਵੇ ਅਤੇ ਜੋ ਵੀ ਸਮਾਗਮ ਰੱਖੇ ਗਏ ਹਨ ਉਹਨਾਂ ਵਿੱਚ ਮਲਿਕਪੁਰ ਰੰਗੜਾ ਨੂੰ ਵੀ ਸ਼ਾਮਲ ਕੀਤਾ ਜਾਵੇ ਅਤੇ ਇਤਿਹਾਸ ਨੂੰ ਸਹੀ ਤਰੀਕੇ ਦੇ ਨਾਲ ਸਿੱਖ ਸੰਗਤ ਨੂੰ ਦੱਸਿਆ ਜਾਵੇ। ਮੰਗ ਪੱਤਰ ਦੇਣ ਸਮੇਂ ਉਹਨਾਂ ਨਾਲ ਗਿਆਨ ਸਿੰਘ ਘਨੌਲੀ, ਰਣਜੀਤ ਸਿੰਘ ਪਤਿਆਲ ਆਦਿ ਵੀ ਹਾਜ਼ਰ ਸਨ ।

## ਮਹਿਲਾਵਾਂ ਦੀ ਰਾਜਨੀਤੀ 'ਚ ਸਰਗਰਮ ਭੂਮਿਕਾ ਅਤਿ ਉਤਸ਼ਾਹਜਨਕ : ਡਾ. ਇਸ਼ਾਂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਿਸ ਵੀ ਕੰਮ ਦੀ ਵਾਗਡੋਰ ਸਾਡੀਆਂ ਮਹਿਲਾਵਾਂ ਨੇ ਫੜੀ ਹੈ, ਉਸ ਨੂੰ ਉਹ ਸਫਲ ਕਰਕੇ ਹੀ ਰਹਿੰਦੀਆਂ ਹਨ।ਅਜਿਹੀਆਂ ਦਲੇਰ, ਬੁੱਧੀਮਾਨ ਮਹਿਲਾਵਾਂ ਨੂੰ ਰਾਜਨੀਤੀ ਵਿੱਚ ਅਗਾਂਹ ਹੋ ਕੇ ਇੱਕ ਸਰਗਰਮ ਅਤੇ ਪ੍ਰਮੁੱਖ ਭੂਮਿਕਾ ਨਿਭਾਉਣ ਦੇ ਮੌਕੇ ਦੇਣਾ ਬੇਹੱਦ ਸ਼ਲਾਘਾਯੋਗ ਕਦਮ ਹੈ। ਇਹ ਵਿਚਾਰ ਡਾ. ਇਸ਼ਾਂਕ ਕੁਮਾਰ ਵਿਧਾਇਕ ਚੱਬੇਵਾਲ ਨੇ ਜ਼ਾਹਰ ਕੀਤੇ ਜਿਸ ਸਮੇਂ ਉਹ ਚੱਬੇਵਾਲ ਵਿਖੇ ਵੂਮੈਨ ਵਿੰਗ ਦੀ ਮੀਟਿੰਗ ਕਰ ਰਹੇ ਸਨ। ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਵੂਮੈਨ ਵਿੰਗ ਲੀਡਰਸ਼ਿਪ ਟਰੇਨਿੰਗ ਪ੍ਰੋਗਰਾਮ ਦੀ ਵੀ ਸ਼ੁਰੂਆਤ ਕੀਤੀ ਹੈ ਤੇ ਜਿਸ ਦੇ ਸਫਲਤਾਪੂਰਵਕ ਲਾਗੂ ਹੋਣ 'ਤੇ ਇਸ ਪ੍ਰੋਗਰਾਮ ਨੂੰ ਦੇਸ਼ ਦੇ ਬਾਕੀ ਸੂਬਿਆਂ ਵਿੱਚ ਵੀ ਚਲਾਇਆ ਜਾਵੇਗਾ।ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਪਣੀ ਇਸ ਸਪੈਸ਼ਲ ਮੀਟਿੰਗ ਵਿੱਚ ਪਹੁੰਚੀਆਂ ਮਹਿਲਾਵਾਂ ਦਾ ਸੁਆਗਤ ਕਰਦਿਆਂ ਵਿਸ਼ਵਾਸ ਜਤਾਇਆ ਕਿ ਉਹ ਸਭ ਇਸ ਲੀਡਰਸ਼ਿਪ ਟਰੇਨਿੰਗ ਪ੍ਰੋਗਰਾਮ ਵਿੱਚ ਜ਼ਰੂਰ ਹਿੱਸਾ ਲੈ ਕੇ ਆਪਣੀ ਜਾਣਕਾਰੀ ਵਿੱਚ ਵਾਧਾ ਕਰ ਕੇ ਆਪਣੇ ਪਿੰਡਾਂ, ਆਪਣੇ ਹਲਕੇ ਅਤੇ ਆਪਣੇ ਸੂਬੇ ਦੀ ਰਾਜਨੀਤੀ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਚੱਬੇਵਾਲ ਮਹਿਲਾ ਵਿੰਗ ਦੀ ਕੋਆਰਡੀਨੇਟਰ ਸੁਮਨਦੀਪ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਆਪ ਸਰਕਾਰ ਦੇ ਨਾਲ-ਨਾਲ ਹੁਸ਼ਿਆਰਪੁਰ ਐਮ.ਪੀ. ਡਾ. ਰਾਜ ਕੁਮਾਰ ਅਤੇ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ ਦਾ ਧੰਨਵਾਦ ਕੀਤਾ। ਡਾ. ਇਸ਼ਾਂਕ ਕੁਮਾਰ ਨੇ ਸਾਰੀਆਂ ਮਹਿਲਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੀ ਨਾਰੀ ਆਪਣੇ ਹੱਕ, ਆਪਣੀ ਸਮਾਜ ਪ੍ਰਤੀ ਜ਼ਿੰਮੇਵਾਰੀ ਅਤੇ ਆਪਣੀ ਤਾਕਤ ਬਾਰੇ ਪੂਰੀ ਤਰ੍ਹਾਂ ਜਾਣੂ ਹੈ।



## ਹੜ੍ਹਾਂ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ-ਪੱਤਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਿਰਤੀ ਕਿਸਾਨ ਯੂਨੀਅਨ ਦਾ ਵਫਦ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੂੰ ਮਿਲਿਆ ਤੇ ਮੰਗ-ਪੱਤਰ ਸੌਂਪਿਆ। ਇਹ ਮੰਗ-ਪੱਤਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜਣ ਲਈ ਦਿੱਤਾ ਗਿਆ। ਮੰਗ-ਪੱਤਰ ਵਿੱਚ ਸ਼ਾਮਲ ਮੰਗਾਂ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਪ੍ਰਤੀ ਏਕੜ 50 ਹਜ਼ਾਰ ਰੁਪਏ ਦੇਣ ਅਤੇ ਪ੍ਰਤੀ ਮੱਝ ਜਾਂ ਗਊ 1 ਲੱਖ ਰੁਪਏ ਦੇਣ ਦੀ ਮੰਗ ਕੀਤੀ ਗਈ। ਦੂਜੇ ਹੋਰ ਛੋਟੇ ਵੱਡੇ ਪਸ਼ੂਆਂ ਦਾ 20 ਹਜ਼ਾਰ ਰੁਪਏ ਤੋਂ 50 ਹਜ਼ਾਰ ਰੁਪਏ ਨਕਦ ਰਾਸ਼ੀ ਦਿੱਤੀ ਜਾਵੇ। ਮਜ਼ਦੂਰ ਪ੍ਰੀਵਾਰ ਨੂੰ ਵੀ 50 ਹਜ਼ਾਰ ਰੁਪਏ ਨਕਦ ਦਿੱਤੇ ਜਾਣ। ਜਿਨ੍ਹਾਂ ਪ੍ਰੀਵਾਰਾਂ ਦੇ ਕਿਸੇ ਵੀ ਜੀਅ ਦੀ ਮੌਤ ਹੋ ਗਈ ਹੈ, ਉਸ ਦੇ ਪ੍ਰੀਵਾਰ ਨੂੰ 20 ਲੱਖ ਰੁਪਏ ਦੇਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਰਿਆਵਾਂ, ਨਹਿਰਾਂ, ਚੋਆਂ, ਡਰੇਨਾਂ ਖਾਲਿਆਂ ਦੀ ਬਰਸਾਤ ਦਾ ਮੌਸਮ ਸ਼ੁਰੂ ਹੋਣ ਤੋਂ ਪਹਿਲਾਂ ਸਫਾਈ ਕਰਾਈ ਜਾਵੇ। ਹੜ੍ਹਾਂ ਨੂੰ ਕੰਟਰੋਲ ਕਰਨ ਲਈ ਸਾਰਾ ਸਾਲ ਖੇਤਾਂ ਦੀ ਸਿੰਚਾਈ ਕਰਨ ਲਈ ਨਹਿਰਾਂ ਵਿੱਚ ਪਾਣੀ ਛੱਡਿਆ ਜਾਵੇ।ਇਸ ਸਮੇਂ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਤਰਸੇਮ ਸਿੰਘ ਬੈਂਸ ਸਕੱਤਰ, ਕੁਲਵੀਰ ਸਿੰਘ ਪ੍ਰਧਾਨ ਨਵਾਂਸ਼ਹਿਰ, ਸੁਰਿੰਦਰ ਸਿੰਘ ਮਹਿਰਮਪੁਰ ਪ੍ਰਧਾਨ ਔੜ, ਰਾਮ ਜੀ ਦਾਸ ਸਨਾਵਾ, ਸੋਹਣ ਸਿੰਘ ਅਟਵਾਲ ਸਕੱਤਰ ਏਰੀਆ ਕਮੇਟੀ ਬੰਗਾ, ਜਸਵੀਰ ਸਿੰਘ ਮੰਗੂਵਾਲ, ਕੇਵਲ ਸਿੰਘ ਲੰਗੜੋਆ ਤੇ ਹੋਰ ਹਾਜ਼ਰ ਸਨ।

## ਐਥਲੈਟਿਕਸ 'ਚ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਨੇ ਮਾਰੀਆਂ ਮੱਲਾਂ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਜ਼ੋਨਲ ਟੂਰਨਾਮੈਂਟ ਵਿੱਚ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ । ਇਹ ਜ਼ੋਨਲ ਮੈਚ ਗੁਰੂ ਨਾਨਕ ਮਿਸ਼ਨ ਸਕੂਲ ਡੱਲਾ ਵਿੱਚ ਹੋਏ। ਜਿਸ ਵਿੱਚ ਬਹੁਤ ਸਾਰੇ ਸਕੂਲ ਦੀਆਂ ਵਿਦਿਆਰਥੀਆ ਨੇ ਹਿੱਸਾ ਲਿਆ। ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੱਖ ਵੱਖ ਖੇਡਾਂ ਵਿੱਚ ਮੈਡਲ ਹਾਸਲ ਕੀਤੇ। ਅੰਡਰ 19 ਵਿੱਚ ਹਰਜਸਪ੍ਰੀਤ ਸਿੰਘ ਨੇ ਲੰਬੀ ਛਾਲ ਵਿੱਚ ਦੂਸਰਾ, ਕਰਨਵੀਰ ਸਿੰਘ ਸ਼ੋਰਟਪੁੱਟ (ਗੋਲਾ) ਵਿੱਚ ਦੂਸਰਾ, ਕਰਨਵੀਰ ਸਿੰਘ ਨੇ ਜੈਵਲਿਨ (ਭਾਲਾ) ਵਿੱਚ ਤੀਸਰਾ, ਤਨਵੀਰ ਸਿੰਘ ਨੇ 3000 ਮੀਟਰ ਦੀ ਦੌੜ ਵਿੱਚ ਪਹਿਲਾ, ਰਣਵੀਰ ਸਿੰਘ ਨੇ 200 ਮੀਟਰ ਦੀ ਦੌੜ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਅੰਡਰ 19 ਵਿੱਚ ਰੀਲੇਅ ਰੇਸ (4*100) ਵਿੱਚ ਕਰਨਵੀਰ ਸਿੰਘ, ਤਨਵੀਰ ਸਿੰਘ, ਹਰਜਸਪ੍ਰੀਤ ਸਿੰਘ ਤੇ ਪ੍ਰਭਜੋਤ ਸੰਧਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਅੰਡਰ 17 ਵਿੱਚ ਦਿਲਸ਼ਾਨ ਢਿੱਲੋਂ ਨੇ ਸ਼ਾਟਪੁੱਟ ਵਿੱਚ ਪਹਿਲਾ ਤੇ ਦਿਲਸ਼ਾਨ ਨੇ ਜੈਵਲਿਨ ਥਰੋ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।ਸੇਂਟ ਸੋਲਜਰ ਦੀਆਂ ਵਿਦਿਆਰਥਣਾਂ ਵਿੱਚੋ ਅੰਡਰ 19 ਵਿੱਚ ਰਵਜੀਤ ਕੌਰ ਨੇ ਗੋਲਡ ਮੈਂਬਰ ਤੇ ਜਸਲੀਨ ਕੌਰ ਨੇ ਸਿਲਵਰ ਮੈਡਲ ਜਿੱਤਿਆ।ਇਸ ਤੋਂ ਇਲਾਵਾ ਰਤਨਜੋਤ ਕੌਰ ਨੇ 100 ਮੀਟਰ ਦੌੜ ਵਿੱਚ ਸਿਲਵਰ ਤੇ ਮਹਿਕਪ੍ਰੀਤ ਕੌਰ ਨੇ ਬਰੋਨਜ਼ ਮੈਡਲ ਹਾਸਲ ਕੀਤਾ । ਸਕੂਲ ਪ੍ਰਿੰਸੀਪਲ ਅਮਰੀਕ ਸਿੰਘ ਮਿਨਹਾਸ ਨੇ ਇਸ ਸ਼ਾਨਦਾਰ ਜਿੱਤ 'ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਅਜਿਹਾ ਹੀ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਸਪੋਰਟਸ ਅਧਿਆਪਕ ਹਰਵਿੰਦਰ ਸਿੰਘ ਤੇ ਮਿਸ ਮੀਨਾ ਵੀ ਮੌਜੂਦ ਸਨ।

## 7 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲਾ ਸਮਾਪਤ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰਦੁਆਰਾ ਨਰਾਇਣ ਪੁਰੀ ਸਾਹਿਬ ਪਿੰਡ ਖੇੜਾ ਵਿਖੇ ਪ੍ਰਬੰਧਕ ਕਮੇਟੀ ਦੀ ਸੁਚੱਜੀ ਦੇਖ-ਰੇਖ ਸੰਤ ਬਾਬਾ ਆਲਾ ਸਿੰਘ, ਸੰਤ ਬਾਬਾ ਨਰਾਇਣ ਸਿੰਘ ਪੰਡਿਤ, ਸੰਤ ਬਾਬਾ ਅਨੰਦ ਸਿੰਘ, ਸੰਤ ਬਾਬਾ ਨਰਾਇਣ ਸਿੰਘ, ਸੰਤ ਸੋਹਣ ਸਿੰਘ, ਸੰਤ ਬਲਵੀਰ ਸਿੰਘ ਨੂੰ ਸਮਰਪਿਤ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ 7 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲਾ ਸੇਵਾ ਤੇ ਸਿਮਰਨ ਦਾ ਸੰਦੇਸ਼ ਦਿੰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋ ਗਿਆ। ਜੋੜ ਮੇਲੇ ਦੀ ਸਮਾਪਤੀ ਦੀ ਅਰਦਾਸ ਬਾਬਾ ਅਮਰਜੀਤ ਸਿੰਘ ਹਰਖੋਵਾਲ, ਬਾਬਾ ਜਨਕ ਸਿੰਘ ਜੀ ਜੱਬੜ, ਬਾਬਾ ਹਰਕ੍ਰਿਸ਼ਨ ਸਿੰਘ ਜੀ ਸੋਢੀ ਠੱਕਰਵਾਲ, ਬਾਬਾ ਸੰਤੋਖ ਸਿੰਘ ਜੀ ਪਾਲਦੀ, ਬਾਬਾ ਕਰਮਜੀਤ ਸਿੰਘ ਟਿੱਬਾ ਸਾਹਿਬ, ਬਾਬਾ ਬਲਬੀਰ ਸਿੰਘ ਟਿੱਬਾ ਸਾਹਿਬ, ਬੀਬੀ ਜਸਪ੍ਰੀਤ ਕੌਰ ਮਾਹਿਲਪੁਰ, ਬਾਬਾ ਜੋਗਿੰਦਰ ਸਿੰਘ ਅਟਾਰੀ, ਬਾਬਾ ਸਮਿੱਤਰ ਸਿੰਘ ਹਰੀਆਂ ਵੇਲਾਂ,ਬਾਬਾ ਬਲਬੀਰ ਸਿੰਘ ਲੰਗੇਰੀ, ਬਾਬਾ ਅਜਾਇਬ ਸਿੰਘ ਚੱਕ ਮੱਲਾਂ, ਬਾਬਾ ਬਲਬੀਰ ਸਿੰਘ ਹਰਿਆਣਾ,ਪਰਮਿੰਦਰ ਸਿੰਘ ਪ੍ਰਧਾਨ ਬਾਬਾ ਲੱਖੋ ਜੀ, ਸੋਢੀ ਸਿੰਘ ਹੈੱਡ ਗ੍ਰੰਥੀ ਬਾਬਾ ਲੱਖੋ ਜੀ, ਤੇ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਅਰਦਾਸ ਗਿਆਨੀ ਮਨਪ੍ਰੀਤ ਸਿੰਘ ਨੇ ਕੀਤੀ। ਜੋੜ ਮੇਲੇ ਦੌਰਾਨ ਇਲਾਕੇ ਅਤੇ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ। ਆਖਰੀ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਦੌਰਾਨ ਗਿਆਨੀ ਸੁਰਜੀਤ ਸਿੰਘ ਹਰਖੋਵਾਲ, ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ, ਢਾਡੀ ਗੁਰਦਿਆਲ ਸਿੰਘ ਲੱਖਪੁਰ, ਭਾਈ ਜਤਿੰਦਰਬੀਰ ਸਿੰਘ ਮਲਕਪੁਰ, ਬਾਬਾ ਸਰਵਣ ਸਿੰਘ ਜੀ ਜੱਬੜ ਤੇ ਹੋਰ ਸੰਤ-ਮਹਾਂ ਪੁਰਸ਼ਾਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਦੇ ਰਸ ਭਿੰਨੇ ਕਥਾ-ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਜਿੱਥੇ ਮੰਚ ਸੰਚਾਲਨ ਦੀ ਸੇਵਾ ਜਥੇਦਾਰ ਇਕਬਾਲ ਸਿੰਘ ਖੇੜਾ ਤੇ ਭਾਈ ਗੁਰਦਿਆਲ ਸਿੰਘ ਨੇ ਬਾਖੂਬੀ ਨਿਭਾਈ ਉੱਥੇ ਆਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਪ੍ਰਬੰਧਕਾਂ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

## ਭਾਜਪਾ ਵਰਕਰਾਂ ਦੀ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਖੰਨਾ ਜ਼ਿਲ੍ਹਾ ਦੀ ਅਹਿਮ ਮੀਟਿੰਗ ਪ੍ਰੋ. ਭੁਪਿੰਦਰ ਸਿੰਘ ਚੀਮਾ ਜ਼ਿਲ੍ਹਾ ਪ੍ਰਧਾਨ ਤੇ ਬੁਲਾਰਾ ਦੀ ਅਗਵਾਈ ਵਿੱਚ ਤੇ ਮੰਡਲ ਪ੍ਰਧਾਨ ਜਗਤਾਰ ਸਿੰਘ ਕੁੱਕਾ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਮੁੱਖ ਮਹਿਮਾਨ ਸ੍ਰੀ ਅਨਿਲ ਸਰੀਨ ਮਹਾਂਮੰਤਰੀ ਪੰਜਾਬ ਭਾਜਪਾ ਹੋਏ, ਜਿਸ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਧੰਨਵਾਦ ਕੀਤਾ, ਜਿਨ੍ਹਾਂ ਨੇ 1984 ਦੰਗਾ ਪੀੜਤ ਪਰਵਾਰਾਂ ਨੂੰ ਹਰ ਘਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ ਤੇ ਨਾਲ ਹੀ ਜੋ ਹਰਿਆਣਾ ਦੀਆਂ ਔਰਤਾਂ ਨੂੰ ਲਾਡੋ ਲਕਸ਼ਮੀ ਯੋਜਨਾ ਤਹਿਤ 2100 ਰੁਪਏ ਹਰ ਹਰਿਆਣਾ ਦੀ ਔਰਤ ਨੂੰ ਦੇਣ ਦਾ ਵਾਅਦਾ ਪੂਰਾ ਕੀਤਾ। ਇਸ ਲਈ ਸਾਰੀ ਖੰਨਾ ਟੀਮ ਵੱਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਨਾਲ ਹੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲੜਨ ਲਈ ਵੀ ਉਮੀਦਵਾਰਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ।

## ਅਸ਼ਟਵਿਨਾਇਕ ਗਣੇਸ਼ ਮੰਡਲ ਵੱਲੋਂ ਗਣੇਸ਼ ਉਤਸਵ ਦੀ ਸ਼ੁਰੂਆਤ



**ਸਮਾਣਾ (ਗੁਰਦਿਆਲ ਸਿੰਘ ਬੱਲ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਅਸ਼ਟਵਿਨਾਇਕ ਗਣੇਸ਼ ਮੰਡਲ ਵੱਲੋਂ ਇੱਕ ਸੁੰਦਰ ਪੰਡਾਲ 'ਚ ਗਣੇਸ਼ ਜੀ ਦੀ ਮੂਰਤੀ ਸੁਸ਼ੋਭਿਤ ਕਰਕੇ ਸ੍ਰੀ ਗਣੇਸ਼ ਮਹਾਉਤਸਵ ਦੀ ਸ਼ੁਰੂਆਤ ਕੀਤੀ ਗਈ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਕੌਂਸਲਰ ਦਰਸ਼ਨ ਮਿੱਤਲ ਤੇ ਸਮੂਹ ਮਿੱਤਲ ਪਰਿਵਾਰ ਵੱਲੋਂ ਜਯੋਤੀ ਪ੍ਰਚੰਡ ਕਰਨ ਦੀ ਰਸਮ ਅਦਾ ਕਰਨ ਤੋਂ ਬਾਅਦ ਭਗਵਾਨ ਸ੍ਰੀ ਗਣੇਸ਼ ਜੀ ਦੀ ਅਰਾਧਨਾ ਕੀਤੀ ਗਈ। ਸਮਾਗਮ ਦੇ ਨਾਲ-ਨਾਲ ਮੰਡਲ ਵੱਲੋਂ ਲਾਇਨ ਕਲੱਬ ਰੋਇਲ ਦੇ ਸਹਿਯੋਗ ਨਾਲ ਖੂਨ ਦਾਨ ਕੈਂਪ ਵੀ ਲਾਇਆ ਗਿਆ, ਜਿਸ ਦਾ ਉਦਘਾਟਨ ਲਾਇਨ ਕਲੱਬ ਰੋਇਲ ਦੇ ਪ੍ਰਧਾਨ ਜੀਵਨ ਗਰਗ ਨੇ ਕੀਤਾ। ਕੈਂਪ ਦੌਰਾਨ ਡਾ: ਯੂਧੀ ਦੀਕਸ਼ਿਤ ਤੇ ਸੰਦੀਪ ਕੁਮਾਰ ਦੀ ਅਗਵਾਈ ਹੇਠ ਪਹੁੰਚੀ ਟੀਮ ਨੇ 70 ਯੂਨਿਟ ਖੂਨ ਇੱਕਤਰ ਕੀਤਾ। ਮੰਡਲ ਦੇ ਮੈਂਬਰਾਂ ਨੇ ਦੱਸਿਆ ਕਿ 5 ਦਿਨ ਤੱਕ ਚੱਲਣ ਵਾਲੇ ਇਸ ਸਮਾਗਮ ਵਿੱਚ ਰੋਜ਼ਾਨਾ ਦੂਰ-ਦੂਰ ਤੋਂ ਪਹੁੰਚ ਕੇ ਕਲਾਕਾਰ ਗਣੇਸ਼ ਜੀ ਦੀ ਅਰਾਧਨਾ ਕਰਨਗੇ। ਉਨ੍ਹਾਂ ਕਿਹਾ ਕਿ ਇਸ ਵਾਰ ਸ੍ਰੀ ਗਣੇਸ਼ ਉਤਸਵ ਨੂੰ ਲੈ ਕੇ ਭਗਤਾਂ ਵਿੱਚ ਭਾਰੀ ਉਤਸ਼ਾਹ ਹੈ।

## ਬਾਬਾ ਨੰਦ ਸਿੰਘ ਜੀ ਦੇ ਬਰਸੀ ਸਮਾਗਮਾਂ 'ਤੇ ਪ੍ਰਸਿੱਧ ਕੀਰਤਨੀਏ ਭਾਈ ਅਪਾਰ ਸਿੰਘ ਨੇ ਭਰੀ ਹਾਜ਼ਰੀ



**ਜਗਰਾਉਂ (ਸੰਜੀਵ ਅਰੋੜਾ)**-ਧੰਨ ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਸਾਲਾਨਾ ਬਰਸੀ ਗੁਰਦੁਆਰਾ ਨਾਨਕਸਰ ਵਿਖੇ ਪੂਰੀ ਸ਼ਰਧਾ-ਭਾਵਨਾ ਨਾਲ ਮਨਾਈ ਗਈ। ਬਰਸੀ ਸਮਾਗਮਾਂ 'ਚ ਦੀਵਾਨਾਂ 'ਤੇ ਪੰਥ ਦੀ ਪ੍ਰਸਿੱਧ ਕੀਰਤਨੀਏ, ਰਾਗੀ, ਢਾਡੀ ਤੇ ਵੱਖ-ਵੱਖ ਸੰਪ੍ਰਦਾਵਾਂ ਦੇ ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ, ਉਥੇ ਸੁਰੀਲੀ ਆਵਾਜ਼ ਦੇ ਮਾਲਕ, ਪੰਥ ਪ੍ਰਸਿੱਧ ਕੀਰਤਨੀਏ ਭਾਈ ਅਪਾਰ ਸਿੰਘ ਜ਼ੀਰਾ ਵਾਲਿਆਂ ਨੇ ਕੀਰਤਨ ਦੁਆਰਾ ਹਾਜ਼ਰੀ ਭਰੀ ਤੇ ਆਖਿਆ ਕਿ ਬਰਸੀ ਸਮਾਗਮਾਂ ਦਾ ਇਕੱਠ ਨਿੰਦਕਾਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਉਨ੍ਹਾਂ ਕਿਹਾ ਕਿ ਬਾਬਾ ਜੀ ਰੂਹਾਨੀਅਤ ਦੇ ਕੇਂਦਰ ਨਾਨਕਸਰ ਦੇ ਬਾਨੀ ਹਨ। ਬਾਬਾ ਜੀ ਸਿੱਖ ਕੌਮ ਦੀ ਮਹਾਨ ਹਸਤੀ ਹੋਏ ਹਨ, ਜਿਨ੍ਹਾਂ ਨੇ ਸਿੱਖਾਂ ਨੂੰ ਨਾਮ ਸਿਮਰਨ ਨਾਲ ਜੋੜ ਕੇ ਜਿੱਥੇ ਮਨੁੱਖਤਾ ਦਾ ਉਦਾਰ ਕੀਤਾ, ਉੱਥੇ ਕੌਮ ਨੂੰ ਗੁਰਮਤਿ ਨਜ਼ਰੀਏ ਤੋਂ ਰਾਜਨੀਤਕ ਚੇਤਨਾ ਪ੍ਰਦਾਨ ਕੀਤੀ। ਬਾਬਾ ਜੀ ਬਾਰੇ ਅੱਜ ਤੱਕ ਜੋ ਪ੍ਰਚਾਰ ਕੀਤਾ ਗਿਆ ਹੈ, ਉਸ ਵਿਚ ਬਾਬਾ ਜੀ ਦਾ ਸਰੂਪ ਸਿਰਫ਼ ਨਾਮ ਸਿਮਰਨ ਦ੍ਰਿੜ੍ਹ ਕਰਵਾਉਣ ਵਾਲੇ ਮਹਾਤਮਾ ਵਜੋਂ ਉਘੜਦਾ ਹੈ, ਜਦਕਿ ਆਪ ਜੀ ਰਾਜ ਜੋਗੀ ਸਨ। ਉਹ ਨਾਮ ਸਿਮਰਨ ਦ੍ਰਿੜ੍ਹ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਗੁਰਮਤਿ ਅਨੁਸਾਰ ਰੂਹਾਨੀ, ਰਾਜਨੀਤਕ, ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਜੀਵਨ ਜਿਉਣ ਲਈ ਵੀ ਪ੍ਰੇਰਿਤ ਕਰਦੇ ਸਨ। ਇਸ ਤੋਂ ਵੀ ਅੱਗੇ ਜਾ ਕੇ ਉਨ੍ਹਾਂ ਨੇ ਸਿੱਖਾਂ ਦੇ ਮਨ 'ਚ ਅੰਮ੍ਰਿਤ ਛਕਣ ਪ੍ਰਤੀ ਪਿਆਸ ਪੈਦਾ ਕੀਤੀ ਤੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਅੱਜ ਉਨ੍ਹਾਂ ਦੇ ਬਰਸੀ ਸਮਾਗਮਾਂ 'ਤੇ ਦੂਰੋਂ ਨੇੜਿਓਂ ਆਈਆਂ ਸੰਗਤਾਂ ਨੂੰ ਅਸੀਂ ਜੀ ਆਇਆ ਆਖਦੇ ਹਾਂ।

## 'ਫੰਤਾਸੀਆ' ਦੀ ਰਿਲੀਜ਼ ਮੌਕੇ ਲਾਇਆ ਖ਼ੂਨਦਾਨ ਕੈਂਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਸ਼ਾ ਭਵਨ ਪਟਿਆਲਾ ਵਿਖੇ ਯੁਵਾ ਲੇਖਕ ਸਤਦੀਪ ਗਿੱਲ ਦੀ ਪਲੇਠੀ ਕਿਤਾਬ 'ਫੰਤਾਸੀਆ' ਦੇ ਲੋਕ ਅਰਪਣ ਸਮਾਗਮ ਮੌਕੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਨਿਵੇਕਲੀ ਪਹਿਲ ਕਰਦੇ ਹੋਏ ਖ਼ੂਨਦਾਨ ਕੈਂਪ ਲਾਇਆ। ਪ੍ਰਸਿੱਧ ਅਦਾਕਾਰ ਤੇ ਲੋਕ ਗਾਇਕ ਕਰਮਜੀਤ ਅਨਮੋਲ, ਵਿਸ਼ੇਸ਼ ਮਹਿਮਾਨ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇਜਿੰਦਰ ਮਹਿਤਾ, ਸੀਬਾ ਸਕੂਲ ਲਹਿਰਾਗਾਗਾ ਦੇ ਚੇਅਰਮੈਨ ਕੰਵਲਜੀਤ ਸਿੰਘ ਢੀਂਡਸਾ, ਐਸ.ਐਮ.ਓ. ਘਨੌਰ ਡਾ. ਕਿਰਨਜੋਤ ਕੌਰ ਉੱਪਲ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਤੇ ਪ੍ਰਸਿੱਧ ਕਵੀ ਜਸਵੰਤ ਸਿੰਘ ਜ਼ਫਰ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫਾਊਂਡੇਸ਼ਨ ਨੇ ਸਾਹਿਤ ਅਤੇ ਸਮਾਜ ਸੇਵਾ ਦਾ ਸੰਗਮ ਕਰਾਉਣ ਦੀ ਅਨੋਖੀ ਅਤੇ ਚੰਗੀ ਪਹਿਲ ਕੀਤੀ ਹੈ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਬੂਟੇ ਦੇ ਕੇ ਸਨਮਾਨਤ ਕੀਤਾ ਗਿਆ। ਕਰਮਜੀਤ ਅਨਮੋਲ ਨੇ ਮਨੁੱਖਤਾ ਦੇ ਭਲੇ ਲਈ ਲਾਏ ਖ਼ੂਨਦਾਨ ਕੈਂਪ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਖ਼ੂਨ ਨੂੰ ਸੰਜੀਵਨੀ ਦੱਸਿਆ।

## ਪੱਤਰਕਾਰ ਲਾਲ ਸਿੰਘ ਮਾਂਗਟ ਨਮਿਤ ਅੰਤਮ ਅਰਦਾਸ 3 ਨੂੰ



**ਦੋਰਾਹਾ (ਹਰਮਿੰਦਰ ਸੇਠ)** ਸੀਨੀਅਰ ਪੱਤਰਕਾਰ ਲਾਲ ਸਿੰਘ ਮਾਂਗਟ ਪਿੰਡ ਬੇਗੋਵਾਲ ਦਾ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਨ੍ਹਾਂ ਤਕਰੀਬਨ ਇੱਕ ਸਾਲ ਤੋਂ ਗੁਰਦਿਆਂ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਦਾ ਡਾਇਲਾਸਿਸ ਹੋ ਰਿਹਾ ਸੀ, ਜਿਸ ਕਾਰਨ ਸਰੀਰ ਵਿੱਚ ਕਾਫੀ ਕਮਜ਼ੋਰੀ ਆ ਗਈ ਸੀ। ਐਨੀ ਗੰਭੀਰ ਬਿਮਾਰੀ ਦੇ ਬਾਵਜੂਦ ਮਾਂਗਟ ਨਿਡਰ ਹੋ ਕੇ ਆਪਣਾ ਫ਼ਰਜ਼ ਨਿਭਾਉਂਦੇ ਰਹੇ। ਉਹ ਤਕਰੀਬਨ 15 ਦਿਨਾਂ ਤੋਂ ਪੀਜੀਆਈ ਵਿੱਚ ਦਾਖਲ ਸਨ। ਡਾਕਟਰਾਂ ਦੇ ਦੱਸਣ ਮੁਤਾਬਕ ਉਨ੍ਹਾਂ ਦੇ ਸਰੀਰ ਵਿੱਚ ਇਨਫੈਕਸ਼ਨ ਵਧ ਗਈ ਸੀ। ਉਨ੍ਹਾਂ ਦੇ ਲੀਵਰ ਨੇ ਕੰਮ ਕਰਨਾ ਘੱਟ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਦੇ ਇਲਾਜ ਦਰਮਿਆਨ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ, ਪ੍ਰੰਤੂ ਘਰ ਆ ਕੇ ਫ਼ੇਰ ਉਨ੍ਹਾਂ ਦੀ ਹਾਲਤ ਵਿਗੜੀ ਤੇ ਦੁਬਾਰਾ ਉਨ੍ਹਾਂ ਨੂੰ ਪੀਜੀਆਈ ਲਿਆਂਦਾ ਗਿਆ, ਜਿੱਥੇ ਉਹ ਸਦੀਵੀ ਵਿਛੋੜਾ ਦੇ ਗਏ। ਪੱਤਰਕਾਰ ਭਾਈਚਾਰੇ ਵੱਲੋਂ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇੱਕ ਸੁਲਝੇ, ਬੇਬਾਕ ਪੱਤਰਕਾਰ ਦਾ ਜਿੱਥੇ ਸਮਾਜ ਨੂੰ ਘਾਟਾ ਪਿਆ ਉੱਥੇ ਹੀ ਪਰਿਵਾਰਕ ਮੈਂਬਰਾਂ ਲਈ ਇਹ ਵਿਛੋੜਾ ਅਸਹਿਣਯੋਗ ਹੈ ਕਿਉਕਿ ਮਹਿਜ 58 ਸਾਲ ਦੀ ਉਮਰ ਚ ਉਹ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਸਮਾਜਿਕ ਊਣਤਾਈਆਂ ਨੂੰ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਅੱਗੇ ਰੱਖਣ ਦੀ ਵਿਲੱਖਣ ਕਲਾ ਚ ਬਖ਼ੂਬੀ ਮੁਹਾਰਤ ਰੱਖਦੇ ਸਨ। ਉਹਨਾਂ ਦੇ ਜਾਣ ਨਾਲ ਪ੍ਰੈਸ ਕਲੱਬ ਸਬ ਡਵੀਜ਼ਨ ਪਾਇਲ ਦੇ ਪੱਤਰਕਾਰਾਂ ਵੱਲੋ ਸੋਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਕਲੱਬ ਦੇ ਸਰਪ੍ਰਸਤ, ਜੋਗਿੰਦਰ ਸਿੰਘ ਉਬਰਾਏ ਸ਼ਿਵ ਵਿਨਾਇਕ, ਮੀਤ ਪ੍ਰਧਾਨ ਗੁਰਦੀਪ ਸਿੰਘ ਸ਼ਾਹਪੁਰ,ਚੇਅਰਮੈਨ ਹਰਮਿੰਦਰ ਸਿੰਘ ਸੇਠ, ਜਗਤਾਰ ਸਿੰਘ, ਸੁਖਦੇਵ ਸਿੰਘ, ਲਖਵੀਰ ਸਿੰਘ ਲੱਖਾ ਪਾਇਲ ਨੇ ਦੁੱਖ ਪ੍ਰਗਟ ਕੀਤਾ ਗਿਆ। ਲਾਲ ਸਿੰਘ ਮਾਂਗਟ ਨਮਿਤ ਭੋਗ 3 ਸਤੰਬਰ ਨੂੰ ਗੁਰਦੁਆਰਾ ਸ੍ਰੀ ਕਲਗ਼ੀਧਰ ਸਾਹਿਬ, ਪਿੰਡ ਬੇਗੋਵਾਲ ਵਿਖੇ ਪਾਏ ਜਾਣਗੇ।

## ਰਾਹਤ ਕੈਂਪਾਂ 'ਚ ਪਹੁੰਚ ਡੀ.ਸੀ ਨੇ ਵੰਡੀ ਲੋਕਾਂ ਨੂੰ ਰਾਹਤ ਸਮੱਗਰੀ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਸਰਹੱਦੀ ਪਿੰਡਾਂ ਵਿੱਚ ਸਤਲੁਜ ਦਾ ਪਾਣੀ ਆਉਣ ਕਾਰਨ ਬਣੇ ਹੜ ਦੇ ਹਾਲਾਤ ਦੇ ਮੱਦੇਨਜ਼ਰ ਜੋ ਲੋਕ ਰਾਹਤ ਕੈਂਪਾਂ 'ਚ ਪਹੁੰਚੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਛੇ ਰਾਹਤ ਕੈਂਪ ਬਣਾਏ ਗਏ ਹਨ। ਉਨ੍ਹਾਂ ਨੂੰ ਰਾਹਤ ਸਮੱਗਰੀ ਦੀ ਵੰਡ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਨਿੱਜੀ ਨਿਗਰਾਨੀ ਹੇਠ ਕੀਤੀ ਜਾ ਰਹੀ ਹੈ। ਉਨ੍ਹਾਂ ਨਾਲ ਐਸਐਸਪੀ ਗੁਰਮੀਤ ਸਿੰਘ ਦੀ ਹਾਜ਼ਰ ਰਹੇ। ਉਨ੍ਹਾਂ ਮੰਡੀ ਲਾਧੂਕਾ ਵਿਖੇ ਬਣੇ ਰਾਹਤ ਕੇਂਦਰ ਵਿੱਚ ਪਹੁੰਚ ਕੇ ਇੱਥੇ ਜਿੱਥੇ ਪਰਵਾਰਾਂ ਨੂੰ ਫੂਡ ਕਿੱਟਾਂ, ਮੱਛਰਦਾਨੀਆਂ ਤਕਸੀਮ ਕੀਤੀਆਂ, ਉੱਥੇ ਹੀ ਪਰਵਾਰਾਂ ਨਾਲ ਪਹੁੰਚੇ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਕਿੱਟਾਂ ਉਨ੍ਹਾਂ ਬੱਚਿਆਂ ਨੂੰ ਵੰਡੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਨਾਂ 'ਚ ਕਿਸੇ ਪ੍ਰਕਾਰ ਦਾ ਤਣਾਅ ਪੈਦਾ ਨਾ ਹੋਵੇ, ਇਸ ਲਈ ਇਹ ਕਿੱਟਾਂ ਬੱਚਿਆਂ ਨੂੰ ਇੱਥੇ ਦਿਲ ਲਾਉਣ ਲਈ ਵੰਡੀਆਂ ਗਈਆਂ ਹਨ। ਵਧੀਕ ਡਿਪਟੀ ਕਮਿਸ਼ਨਰ ਜਰਨਲ ਡਾਕਟਰ ਮਨਦੀਪ ਕੌਰ ਤੇ ਸਹਾਇਕ ਕਮਿਸ਼ਨਰ ਜਨਰਲ ਅਮਨਦੀਪ ਸਿੰਘ ਮਾਵੀ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ। ਸੰਤ ਬਾਬਾ ਸੋਹਣ ਸਿੰਘ ਖੁਸ਼ਦਿਲ ਵੀ ਲੰਗਰ ਲੈ ਕੇ ਪਹੁੰਚੇ ਤੇ ਲੰਗਰ ਵੀ ਵਰਤਾਇਆ ਗਿਆ। ਦੂਜੇ ਪਾਸੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸੈਨੀਵਾਲਾ ਹੈਡਵਰਕਸ ਤੋਂ ਇਸ ਸਮੇਂ 2 ਲੱਖ 60 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸਰਹੱਦੀ ਪਿੰਡਾਂ 'ਚ ਕਿਸ਼ਤੀਆਂ ਤੇ ਟਰੈਕਟਰ-ਟਰਾਲੀਆਂ ਰਾਹੀਂ ਪ੍ਰਸ਼ਾਸਨ ਦਾ ਪੂਰਾ ਰਾਬਤਾ ਹੈ ਤੇ ਪਿੰਡਾਂ ਤੱਕ ਵੀ ਲੋੜ ਅਨੁਸਾਰ ਮਦਦ ਮੁਹਈਆ ਕਰਵਾਈ ਜਾ ਰਹੀ ਹੈ। ਐਨ.ਡੀ.ਆਰ.ਐਫ ਦੀਆਂ ਟੀਮਾਂ ਵੱਲੋਂ ਮੋਰਚਾ ਸੰਭਾਲਿਆ ਹੋਇਆ ਹੈ ਤੇ ਲੋਕਾਂ ਨੂੰ ਮਦਦ ਮੁਹਈਆ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਹੜ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉੱਚੀਆਂ ਥਾਂਵਾਂ 'ਤੇ ਰਹਿਣ ਤੇ ਪੈਦਲ ਪਾਣੀ ਦੇ ਰਸਤਿਆਂ ਨੂੰ ਪਾਰ ਕਰਨ ਦੀ ਕੋਸ਼ਿਸ਼ ਨਾ ਕਰਨ।

# ਸੜਕ 'ਤੇ ਕੀਤਾ ਪੈਚ ਵਰਕ ਕੁਝ ਘੰਟਿਆਂ ਬਾਅਦ ਹੀ ਪਾਣੀ 'ਚ ਰੁੜ੍ਹਿਆ : ਅਕਾਲੀ ਆਗੂ

### ਅਕਾਲੀ ਆਗੂਆਂ ਸਰਕਾਰ ਤੇ ਨਗਰ ਕੌਂਸਲ ਦੀ ਮਾੜੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਬਾਘਾ ਪੁਰਾਣਾ ਦੇ ਸੀਨੀਅਰ ਆਗੂਆਂ ਜਗਮੋਹਨ ਸਿੰਘ ਜੇ ਸਿੰਘ ਵਾਲਾ, ਵਿੱਕੀ ਫੂਲੇਵਾਲੀਆ, ਲਖਵੀਰ ਸਿੰਘ ਬਰਾੜ ਤੇ ਰਾਜਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬੇ ਦੀ ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਨਾਲ ਨਾਲ ਨਗਰ ਕੌਂਸਲ ਬਾਘਾ ਪੁਰਾਣਾ ਦੀ ਕਾਰਗੁਜ਼ਾਰੀ 'ਤੇ ਤਿੱਖੇ ਸਵਾਲ ਖੜ੍ਹੇ ਕਰਦਿਆਂ ਆਖਿਆ ਕਿ ਬਦਲਾਅ ਦੇ ਨਾਮ 'ਤੇ ਸੂਬੇ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਲਕਾ ਬਾਘਾ ਪੁਰਾਣਾ ਦਾ ਕੁਝ ਵੀ ਨਾ ਸੰਵਾਰਿਆ ਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਵੱਲੋਂ ਗੱਲੀਂ-ਬਾਤੀਂ ਹਲਕੇ ਦੇ ਮੂੰਹ ਮਹਾਂਦਰਾ ਸੰਵਾਰਿਆ ਜਾ ਰਿਹਾ ਹੈ, ਜਦਕਿ ਇਸ ਵਿੱਚ ਸੱਚਾਈ ਰੱਤੀ ਭਰ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸਥਾਨਕ ਸ਼ਹਿਰ ਦੇ ਮੋਗਾ ਰੋਡ ਦੀ ਗੱਲ ਕੀਤੀ ਜਾਵੇ ਤਾਂ ਉਹ ਥਾਂ ਥਾਂ ਤੋਂ ਟੁੱਟੀ ਹੋਈ ਸੀ ਅਤੇ ਲੋਕਾਂ ਤੇ ਰਾਹਗੀਰਾਂ ਵਿੱਚ ਹਾਹਾਕਾਰ ਮੱਚੀ ਹੋਈ ਸੀ, ਜਿਸ ਤੋਂ ਬਾਅਦ ਸਥਾਨਕ ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ ਗੱਗਲੂਆਂ ਤੋਂ ਮਿੱਟੀ ਝਾੜਦਿਆਂ ਸ਼ਹਿਰ ਦੀ ਮੋਗਾ ਰੋਡ ਸੜਕ 'ਤੇ ਪੈਚ ਵਰਕ ਕੀਤਾ ਗਿਆ ਸੀ, ਪ੍ਰੰਤੂ ਇਹ ਕੁਝ ਹੀ ਘੰਟਿਆਂ ਬਾਅਦ ਪਾਣੀ ਵਿੱਚ ਰੁੜ੍ਹ ਗਿਆ। ਉਨ੍ਹਾਂ ਕਿਹਾ ਕਿ ਜਦੋਂ ਪਹਿਲਾਂ ਟੋਲ ਟੈਕਸ ਲੱਗਾ ਹੋਇਆ ਸੀ ਤਾਂ ਉਸ ਸਮੇਂ ਜਦੋਂ ਵੀ ਕਿਤੋਂ ਵੀ ਸੜਕ ਟੁੱਟਦੀ ਸੀ ਤਾਂ ਤੁਰੰਤ ਹੀ ਕੰਪਨੀ ਦੇ ਕਰਮਚਾਰੀਆਂ ਵੱਲੋਂ ਪੈਚ ਵਰਕ ਕੀਤਾ ਜਾਂਦਾ ਸੀ, ਪ੍ਰੰਤੂ ਜਦੋਂ ਦਾ ਟੋਲ ਟੈਕਸ ਬੰਦ ਹੋਇਆ, ਉਸ ਸਮੇਂ ਤੋਂ ਕੋਈ ਵੀ ਇਸ ਰੋਡ ਦਾ ਵਾਲੀ ਵਾਰਿਸ ਨਾ ਰਿਹਾ, ਜਿਸ ਕਰਕੇ ਸੜਕ 'ਤੇ ਪੈ ਰਹੇ ਵੱਡੇ ਵੱਡੇ ਖੱਡੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਆਸ ਨਾਲ ਲੋਕਾਂ ਵੱਲੋਂ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਂਦੀ, ਉਸ 'ਤੇ ਖਰਾ ਨਾ ਉਤਰਨ ਕਰ ਕੇ ਪੰਜਾਬ ਦੇ ਲੋਕ ਇਸ ਨੂੰ ਚੱਲਦਾ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ ਅਤੇ ਅਕਾਲੀ ਸਰਕਾਰ ਵੇਲੇ ਦੇ ਦਿਨ ਉਨ੍ਹਾਂ ਨੂੰ ਯਾਦ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਅੰਦਰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ।

## 20 ਸਾਲ ਤੋਂ ਸਿੱਧੀ ਵਿਨਾਇਕ ਮੰਡਲ ਦੇ ਗਨੇਸ਼ ਉਤਸਵ 'ਚ ਪਹੁੰਚਦੀ ਹਾਂ : ਗੁਰਸ਼ਰਨ ਰੰਧਾਵਾ

**ਸਮਾਣਾ (ਇਕਬਾਲ ਸਿੰਘ ਬੱਲ)**-ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਸ੍ਰੀ ਸਿੱਧੀ ਵਿਨਾਇਕ ਗਣੇਸ਼ ਮੰਡਲ ਵੱਲੋਂ ਮਨਾਏ ਜਾ ਰਹੇ 20ਵੇਂ ਗਣੇਸ਼ ਉਤਸਵ 'ਚ ਆਪਣੀ ਟੀਮ ਸਮੇਤ ਪਹੁੰਚੇ ਤਾਂ ਬੀਬੀ ਰੰਧਾਵਾ ਨੇ ਕਿਹਾ ਕਿ ਜਦੋਂ ਤੋਂ ਸਾਡੇ ਪਰਵਾਰਕ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਗਰਗ, ਸਾਥੀਆਂ ਤੇ ਗਣੇਸ਼ ਮੰਡਲ ਦੇ ਅਹੁਦੇਦਾਰਾਂ ਦੀ ਅਗਵਾਈ ਹੇਠ ਸ੍ਰੀ ਗਣੇਸ਼ ਉਤਸਵ ਮਨਾਉਣ ਦੀ ਸ਼ੁਰੂਆਤ ਹੋਈ ਹੈ। ਉਹ ਹਰ ਸਾਲ ਪਰਵਾਰ ਤੇ ਸਾਥੀਆਂ ਸਮੇਤ ਮੱਥਾ ਟੇਕਣ ਜ਼ਰੂਰ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਇੱਥੇ ਪਹੁੰਚ ਕੇ ਉਨ੍ਹਾਂ ਦੇ ਮਨ ਨੂੰ ਸੰਤੁਸ਼ਟੀ ਤੇ ਖ਼ੁਸ਼ੀ ਮਿਲਦੀ ਹੈ ਤੇ ਸ੍ਰੀ ਗਣੇਸ਼ ਜੀ ਉਨ੍ਹਾਂ ਦਾ ਸਾਥ ਜ਼ਰੂਰ ਨਿਭਾਉਂਦੇ ਹਨ।



## ਨੈਣ ਕਲਾਂ ਕਬੱਡੀ ਖੇਡ ਮੇਲੇ ਦਾ ਪੋਸਟਰ ਵਿਧਾਇਕ ਵੱਲੋਂ ਜਾਰੀ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਨੈਣ ਕਲਾਂ ਵਿਖੇ ਗੁੱਗਾ ਨੌਮੀ ਉਤਸਵ 'ਤੇ ਇੱਕ ਸ਼ਾਨਦਾਰ ਨੂੰ 26ਵਾਂ ਕਬੱਡੀ ਖੇਡ ਟੂਰਨਾਮੈਂਟ, ਜੋ ਯੁਵਕ ਸੇਵਾਵਾਂ ਕਲੱਬ ਨੈਣ ਕਲਾਂ, ਗੁੱਗਾ ਮਾੜੀ ਪ੍ਰਬੰਧਕ ਕਮੇਟੀ, ਇਲਾਕਾ ਨਿਵਾਸੀ ਤੇ ਐੱਨ ਆਰ ਆਈਜ਼ ਨੌਜਵਾਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਵਿੱਚ ਪੰਜਾਬ, ਹਰਿਆਣਾ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈਣਗੀਆਂ। ਇਸ ਟੂਰਨਾਮੈਂਟ ਵਿੱਚ ਪਹਿਲਾ ਇਨਾਮ 71 ਹਜ਼ਾਰ ਤੇ ਦੂਜਾ ਇਨਾਮ 51 ਹਜ਼ਾਰ ਰੁਪਏ ਦੇਵੇਗਾ ਅਤੇ ਇੱਕ ਪਿੰਡ ਓਪਨ ਦੇ ਬੈਸਟ ਰੇਡਰ ਤੇ ਜਾਫੀ ਨੂੰ 15-15 ਹਜ਼ਾਰ ਰੁਪਏ ਦਿੱਤੇ ਜਾਣਗੇ। ਨੈਣ ਕਲਾਂ ਕਬੱਡੀ ਖੇਡ ਮੇਲੇ ਦਾ ਪੋਸਟਰ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵੱਲੋਂ ਅੱਜ ਜਾਰੀ ਕੀਤਾ ਗਿਆ। ਇਸ ਮੌਕੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਕਿਹਾ ਕਿ ਇਤਿਹਾਸਕ ਧਾਰਮਿਕ ਸਥਾਨਾਂ 'ਤੇ ਹੋਣ ਵਾਲੇ ਖੇਡ ਮੇਲੇ ਪੰਜਾਬ ਦੇ ਸੱਭਿਆਚਾਰ ਤੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹਨ। ਉਨ੍ਹਾਂ ਕਿਹਾ ਕਿ ਹਲਕਾ ਸਨੌਰ ਵਿੱਚ ਯੂਥ ਦੀ ਮੰਗ ਨੂੰ ਮੁੱਖ ਰੱਖਦਿਆਂ ਸੈਂਕੜੇ ਖੇਡ ਮੈਦਾਨ ਤਿਆਰ ਹੋਣ ਜਾ ਰਹੇ ਹਨ। ਇਸ ਮੌਕੇ ਕਲੱਬ ਪ੍ਰਧਾਨ ਜਸਪ੍ਰੀਤ ਸਿੰਘ ਜੱਸੀ ਬੁੱਟਰ, ਅਮਰ ਸੰਘੇੜਾ ਜ਼ਿਲ੍ਹਾ ਯੂਥ ਪ੍ਰਧਾਨ ਨੇ ਖੇਡ ਮੇਲੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਇੱਕ ਸਤੰਬਰ ਨੂੰ (ਗੁੱਗਾ ਨੌਮੀ) ਸਵੇਰੇ 11 ਵਜੇ ਗੁੱਗਾ ਮਾੜੀ ਨੈਣ ਕਲਾਂ ਮੰਦਰ ਦੇ ਮੁੱਖ ਸੇਵਾਦਾਰ ਭਗਤ ਕਰਨੈਲ ਸਿੰਘ ਰਾਣਾ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਕੀਤਾ ਜਾਵੇਗਾ। ਇਸ ਟੂਰਨਾਮੈਂਟ ਦੀ ਪ੍ਰਧਾਨਗੀ ਹਰਜਸ਼ਨ ਪਠਾਨਮਾਜਰਾ ਤੇ ਜ਼ਿਲ੍ਹਾ ਯੂਥ ਪ੍ਰਧਾਨ ਅਮਰ ਸੰਘੇੜਾ ਵੱਲੋਂ ਕੀਤੀ ਜਾਵੇਗੀ ਤੇ ਇਸ ਖੇਡ ਮੇਲੇ ਦੇ ਮੁੱਖ ਮਹਿਮਾਨ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਹੋਣਗੇ, ਜੋ ਕਿ ਜੇਤੂ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕਰਨਗੇ। ਇਸ ਮੌਕੇ ਜਸਪ੍ਰੀਤ ਸਿੰਘ ਜੱਸੀ ਬੁੱਟਰ ਕਲੱਬ ਪ੍ਰਧਾਨ, ਅਮਰਦੀਪ ਸਿੰਘ ਸੰਘੇੜਾ ਜ਼ਿਲਾ ਪ੍ਰਧਾਨ ਯੂਥ ਵਿੰਗ ਆਪ, ਗੁਰਪ੍ਰੀਤ ਸਿੰਘ ਗੁਰੀ ਪੀ ਏ, ਗੁਰਮੀਤ ਸਿੰਘ ਚਮਾਰਹੇੜੀ, ਭੁਪਿੰਦਰ ਸਿੰਘ ਬੁੱਟਰ, ਲਖਵਿੰਦਰ ਸਿੰਘ ਨੰਬਰਦਾਰ, ਹਰਦੇਵ ਸਿੰਘ ਘੜਾਮ, ਮਿੰਟੂ ਢੀਂਡਸਾ, ਹੈਪੀ ਅੰਬਰਸਰੀਆ ਸਰਪੰਚ ਖ਼ਾਸੀਆਂ ਹਾਜ਼ਰ ਸਨ।

## ਖ਼ੂਨਦਾਨ ਕੈਂਪ 21 ਤੋਂ 23 ਸਤੰਬਰ ਤੱਕ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਤ 21, 22 ਤੇ 23 ਸਤੰਬਰ ਨੂੰ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਵੇਗਾ। ਵਿਸ਼ੇਸ਼ ਮੀਟਿੰਗ ਸ਼ੇਖ ਫ਼ਰੀਦ ਵੋਕੇਸ਼ਨਲ ਸੈਂਟਰ, ਜੁਬਲੀ ਚੌਕ ਵਿਖੇ ਸੁਸਾਇਟੀ ਦੇ ਸੰਸਥਾਪਕ ਅਤੇ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਦੀ ਪ੍ਰਧਾਨਗੀ ਹੇਠ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਪੰਜਾਬ ਸੋਸ਼ਲ ਸੁਸਾਇਟੀ, ਆਲ ਇੰਡੀਆ ਕਿਸਾਨ ਯੂਨੀਅਨ (ਏਕਤਾ) ਫ਼ਤਿਹ, ਇੰਡਿਕ ਆਰਟਸ ਵੈਲਫ਼ੇਅਰ ਕੌਂਸਲ, ਰੈੱਡ ਕਰਾਸ ਸੁਸਾਇਟੀ, ਸ਼ੇਖ ਫ਼ਰੀਦ ਵੈਲਫ਼ੇਅਰ ਕਲੱਬ ਫ਼ਰੀਦਕੋਟ, ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।23 ਸਤੰਬਰ ਨੂੰ ਸਾਰੇ ਪੱਤਰਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਕੈਂਪ ਵਿੱਚ ਸਮਾਜਿਕ, ਧਾਰਮਿਕ, ਸਾਹਿਤਕ, ਰਾਜਨੀਤਕ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਵੀ ਸ਼ਿਰਕਤ ਕਰਨਗੀਆਂ।

# ਫਾਜ਼ਿਲਕਾ ਜ਼ਿਲ੍ਹੇ ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ ਟਰੱਕ ਰਵਾਨਾ

### ਪੰਜਾਬ ਸਰਕਾਰ ਹੜ੍ਹ ਪੀੜਤਾਂ ਨੂੰ ਮੁਹੱਈਆ ਕਰਵਾ ਰਹੀ ਹੈ ਹਰ ਸੰਭਵ ਮਦਦ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਤੇ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਦੋ ਟਰੱਕਾਂ ਨੂੰ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ ਜਗਦੀਪ ਸਿੰਘ ਕਾਕਾ ਬਰਾੜ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪੀੜਤਾਂ ਨੂੰ ਹਰ ਤਰ੍ਹਾਂ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਹਲਕਾ ਵਿਧਾਇਕ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਦੋ ਟਰੱਕਾਂ ਵਿੱਚ 1000 ਦੇ ਕਰੀਬ ਰਾਸ਼ਨ ਦੀਆਂ ਕਿੱਟਾਂ ਹਨ, ਜਿਨ੍ਹਾਂ ਨੂੰ ਅੱਜ ਫਾਜ਼ਿਲਕਾ ਜ਼ਿਲ੍ਹੇ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿੱਟਾਂ ਵਿੱਚ ਆਟਾ, ਚਾਹ, ਖੰਡ, ਦਾਲ, ਖਾਣ ਵਾਲਾ ਤੇਲ ਤੋਂ ਇਲਾਵਾ ਹੋਰ ਤਰ੍ਹਾਂ ਦੀਆਂ ਰੋਜ਼ਾਨਾ ਵਰਤੋਂ ਵਾਲੀਆਂ ਵਸਤਾਂ ਭੇਜੀਆਂ ਜਾ ਰਹੀਆਂ ਹਨ। ਜਗਦੀਪ ਸਿੰਘ ਕਾਕਾ ਬਰਾੜ ਨੇ ਸਮੂਹ ਇਲਾਕਾ ਨਿਵਾਸੀਆਂ, ਸ਼ਹਿਰ ਦੀਆਂ ਸਮਾਜਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਆਫ਼ਤ ਦੀ ਇਸ ਘੜੀ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਉਣ ਅਤੇ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ, ਕਿਉਂਕਿ ਇਨ੍ਹਾਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਸਾਡਾ ਸਾਰਿਆਂ ਦਾ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ ਉਪ-ਮੰਡਲ ਮੈਜਿਸਟ੍ਰੇਟ ਸ੍ਰੀ ਮੁਕਤਸਰ ਸਾਹਿਬ ਬਲਜੀਤ ਕੌਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸੁਖਜਿੰਦਰ ਸਿੰਘ ਕਾਉਣੀ, ਚੇਅਰਮੈਨ ਮਾਰਕਿਟ ਕਮੇਟੀ ਮਲੋਟ ਜਸ਼ਨ ਬਰਾੜ, ਚੇਅਰਮੈਨ ਸਹਿਕਾਰੀ ਸੁਸਾਇਟੀ ਜਗਦੇਵ ਸਿੰਘ ਬਾਂਮ, ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਸੁਰਜੀਤ ਸਿੰਘ ਸੰਧੂ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ ਗਿੱਲ, ਖੁਸ਼ਬੀਰ ਸਿੰਘ ਯੂਥ ਆਗੂ, ਜਸਵੰਤ ਸਿੰਘ ਸੰਧੂ ਸੰਗਠਨ ਪ੍ਰਧਾਨ, ਵਰਿੰਦਰ ਢੋਸੀਵਾਲ ਜ਼ਿਲ੍ਹਾ ਈਵੈਂਟ ਇੰਚਾਰਜ, ਕਾਲਾ ਐਮ.ਸੀ. ਤੋਂ ਇਲਾਵਾ ਪਾਰਟੀ ਵਰਕਰ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਅਧਿਕਾਰੀ, ਕਰਮਚਾਰੀ ਹਾਜ਼ਰ ਸਨ।

## ਕੀਤੀਆਂ ਬਦਲੀਆਂ ਦੇ ਮੈਰਿਟ ਅੰਕ ਸ਼ੋਅ ਕੀਤੇ ਜਾਣ : ਨਵਪ੍ਰੀਤ ਬੱਲੀ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਕ) ਪੰਜਾਬ ਦੀ ਮੀਟਿੰਗ ਸੂਬਾਈ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਜਥੇਬੰਦੀ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਮੈਂਬਰਸ਼ਿਪ ਤੋਂ ਬਾਅਦ ਬਲਾਕ, ਜ਼ਿਲ੍ਹਾ ਤੇ ਸੂਬਾਈ ਚੋਣ ਕੀਤੀ ਜਾਵੇਗੀ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀਆਂ ਬਦਲੀਆਂ ਵਿੱਚ ਕੀਤੀ ਜਾ ਰਹੀ ਧਾਂਦਲੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਅਧਿਆਪਕਾਂ ਦੀਆਂ ਬਦਲੀਆਂ ਲਈ ਮੈਰਿਟ ਅੰਕ ਸ਼ੋਅ ਕੀਤੇ ਜਾਣ। ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਮੀਤ ਪ੍ਰਧਾਨ ਪਰਗਟ ਸਿੰਘ ਜੰਬਰ ਤੇ ਜਤਿੰਦਰ ਸਿੰਘ ਸੋਨੀ, ਸੂਬਾ ਵਿੱਤ ਸਕੱਤਰ ਸੋਮ ਸਿੰਘ, ਸੂਬਾ ਪ੍ਰੈੱਸ ਸਕੱਤਰ ਐੱਨ. ਡੀ. ਤਿਵਾੜੀ, ਨਵਾਂ ਸ਼ਹਿਰ ਤੋਂ ਲਾਲ ਚੰਦ, ਜਲੰਧਰ ਤੋਂ ਕੰਵਲਜੀਤ ਸਿੰਘ ਸੰਗੋਵਾਲ, ਰੋਪੜ ਤੋਂ ਸੁੱਚਾ ਸਿੰਘ ਚਾਹਲ ਆਦਿ ਆਗੂਆਂ ਨੇ ਸਿੱਖਿਆ ਵਿਭਾਗ ਵਿੱਚ ਪ੍ਰਮੋਸ਼ਨਾਂ ਵਿੱਚ ਕੀਤੀ ਜਾ ਰਹੀ ਦੇਰੀ ਨੂੰ ਮੰਦਭਾਗਾ ਕਰਾਰ ਦਿੰਦਿਆਂ ਜਲਦ ਤੋਂ ਜਲਦ ਸਾਰੇ ਕਾਡਰ ਦੀਆਂ ਪ੍ਰਮੋਸ਼ਨਾਂ ਕਰਨ ਦੀ ਮੰਗ ਕੀਤੀ ਤੇ ਲੈਕਚਰਾਰ ਦੀ ਸੀਨੀਆਰਤਾ ਸੂਚੀ ਵਿੱਚ ਬਹੁਤ ਸਾਰੀਆਂ ਊਣਤਾਈਆਂ ਦਾ ਮੁੱਦਾ ਵੀ ਵਿਚਾਰਿਆ ਗਿਆ ਅਤੇ ਇਸ ਸਬੰਧੀ ਜਲਦ ਹੀ ਸਿੱਖਿਆ ਅਧਿਕਾਰੀਆਂ ਨੂੰ ਮਿਲਣ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਗੁਰਮੀਤ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਰਸ਼ਮਿੰਦਰ ਪਾਲ ਸੋਨੂ, ਰੇਸ਼ਮ ਕੰਬੋਜ, ਜਗਤਾਰ ਸਿੰਘ ਖਮਾਣੋ, ਸੁਰਮਖ ਸਿੰਘ, ਗੁਰੇਕ ਸਿੰਘ, ਰਮਨ ਕੁਮਾਰ ਗੁਪਤਾ, ਜਰਨੈਲ ਜੰਡਾਲੀ, ਬਲਵੀਰ ਸਿੰਘ ਸੰਗਰੂਰ, ਅਸ਼ਵਨੀ ਕੁਮਾਰ, ਕਮਲ ਕਿਸ਼ੋਰ, ਰਜਨੀ ਪ੍ਰਕਾਸ਼ ਹਾਜ਼ਰ ਸਨ।

# ਨਗਰ ਸੁਧਾਰ ਸਭਾ ਵੱਲੋਂ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ 'ਤੇ ਸੰਘਰਸ਼ ਦੀ ਚੇਤਾਵਨੀ

### ਨਗਰ ਕੌਂਸਲ, ਪ੍ਰਸ਼ਾਸਨ ਤੇ ਸਰਕਾਰ 'ਤੇ ਘੂਕ ਸੁੱਤੇ ਹੋਣ ਦਾ ਦੋਸ਼



**ਬੁਢਲਾਡਾ (ਅਸ਼ੋਕ ਲਾਕੜਾ)**-ਨਗਰ ਸੁਧਾਰ ਸਭਾ ਬੁਢਲਾਡਾ ਨੇ ਨਗਰ ਕੌਂਸਲ, ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸ਼ਹਿਰ ਦੇ ਮੁੱਖ ਬਜ਼ਾਰ ਗੋਲ ਚੱਕਰ ਮਾਰਕੀਟ ਤੇ ਅਨਾਜ ਮੰਡੀ ਵਿੱਚੋਂ ਬਰਸਾਤੀ ਪਾਣੀ ਦੀ ਨਿਕਾਸੀ ਫੌਰੀ ਨਾ ਕੀਤੀ ਗਈ ਤਾਂ ਤਿੱਖਾ ਸੰਘਰਸ਼ ਆਰੰਭਿਆ ਜਾਵੇਗਾ। ਨਗਰ ਸੁਧਾਰ ਸਭਾ ਬੁਢਲਾਡਾ ਦੇ ਆਗੂਆਂ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਸਤਪਾਲ ਸਿੰਘ ਕਟੌਦੀਆ ਤੇ ਪ੍ਰੇਮ ਸਿੰਘ ਦੋਦੜਾ ਨੇ ਕਿਹਾ ਕਿ ਤਿੰਨ ਦਿਨਾਂ ਤੋਂ ਸ਼ਹਿਰ ਦੇ ਮੁੱਖ ਬਜ਼ਾਰ ਵਿੱਚ ਪਾਣੀ ਭਰਿਆ ਪਿਆ ਹੈ ਤੇ ਕਈ ਥਾਂਵਾਂ 'ਤੇ ਤਿੰਨ ਤਿੰਨ-ਚਾਰ ਚਾਰ ਫੁੱਟ ਪਾਣੀ ਖੜ੍ਹਾ ਹੈ, ਪਰ ਹਾਲਾਂ ਤੱਕ ਨਗਰ ਕੌਂਸਲ ਬੁਢਲਾਡਾ ਤੇ ਪ੍ਰਸ਼ਾਸਨ ਨੇ ਪਾਣੀ ਦੀ ਨਿਕਾਸੀ ਲਈ ਕੋਈ ਯਤਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਨੇਕਾਂ ਦੁਕਾਨਾਂ ਵਿੱਚ ਪਾਣੀ ਦਾਖ਼ਲ ਹੋ ਚੁੱਕਾ ਹੈ ਤੇ ਦੁਕਾਨਦਾਰਾਂ ਦਾ ਕਾਫੀ ਆਰਥਿਕ ਨੁਕਸਾਨ ਹੋਇਆ ਹੈ। ਆਗੂਆਂ ਨੇ ਕਿਹਾ ਕਿ ਦੁਕਾਨਦਾਰਾਂ, ਵਪਾਰੀਆਂ, ਕਾਰੋਬਾਰੀ ਲੋਕਾਂ ਸਮੇਤ ਆਮ ਜਨਤਾ ਨੂੰ ਕਾਫੀ ਮੁਸ਼ਕਲ ਆ ਰਹੀ ਹੈ। ਪ੍ਰਸ਼ਾਸਨ, ਸਰਕਾਰ ਤੇ ਨਗਰ ਕੌਂਸਲ ਬੁਢਲਾਡਾ ਘੂਕ ਸੁੱਤੀ ਪਈ ਹੈ। ਉਨ੍ਹਾਂ ਦੱਸਿਆ ਕਿ ਬਾਰਸ਼ ਦੇ ਪਾਣੀ ਵਿੱਚੋਂ ਬਦਬੂ ਆਉਣ ਲੱਗ ਪਈ ਹੈ ਤੇ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ। ਸ਼ਹਿਰ ਦੇ ਦੁਕਾਨਦਾਰਾਂ, ਕਾਰੋਬਾਰੀਆਂ ਦਾ ਕਈ ਦਿਨਾਂ ਤੋਂ ਕੰਮਕਾਰ ਬੰਦ ਪਿਆ ਹੈ। ਗਾਹਕ ਦੁਕਾਨਾਂ ਵਿੱਚ ਨਹੀਂ ਆ ਰਹੇ। ਇਸ ਮੌਕੇ ਆਗੂਆਂ ਨੇ ਜੁੜੇ ਦੁਕਾਨਦਾਰਾਂ ਦੇ ਇਕੱਠ ਨੂੰ ਸੰਬੋਧਨ ਕੀਤਾ ਤੇ ਭਵਿੱਖ ਵਿੱਚ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਰਾਜਿੰਦਰ ਸਿੰਘ ਸੋਨੂੰ ਕੋਹਲੀ ਸਾਬਕਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਰਮੇਸ਼ ਕੁਮਾਰ ਗੋਇਲ ਪ੍ਰਧਾਨ ਪੈਸਟੀਸਾਈਡ ਐਸੋਸੀਏਸ਼ਨ, ਹਰਦਿਆਲ ਸਿੰਘ ਦਾਤੇਵਾਸ, ਜੱਸੀ ਪ੍ਰਧਾਨ ਸਵਰਨਕਾਰ ਸੰਘ, ਜਰਨੈਲ ਸਿੰਘ ਮਿਸਤਰੀ, ਗਗਨ ਦਾਸ ਵੈਰਾਗੀ ਤੇ ਵੱਡੀ ਗਿਣਤੀ ਵਿੱਚ ਦੁਕਾਨਦਾਰ, ਵਪਾਰੀ, ਕਾਰੋਬਾਰੀ ਆਦਿ ਮੌਜੂਦ ਸਨ।

## 536 ਗ੍ਰਾਮ ਹੈਰੋਇਨ ਬਰਾਮਦ, ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਪੁਲਸ ਵੱਲੋਂ ਸਰਹੱਦੀ ਖੇਤਰ ਦੇ ਪਿੰਡ ਚੱਕ ਬਜੀਦਾ ਉਰਫ਼ ਟਾਹਲੀਵਾਲਾ ਵਿਖੇ 536 ਗ੍ਰਾਮ ਹੈਰੋਇਨ ਬਰਾਮਦ ਹੋਣ ਤੇ ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

ਜਾਂਚ ਅਧਿਕਾਰੀ ਇੰਸਪੈਕਟਰ ਅੰਗਰੇਜ਼ ਕੁਮਾਰ ਨੇ ਦੱਸਿਆ ਕਿ ਬੀ.ਐਸ.ਐਫ਼. ਦੀ 65 ਬਟਾਲੀਆਨ ਦੇ ਇੰਸਪੈਕਟਰ ਮਨੋਜ ਕੁਮਾਰ ਰਾਉਤ ਬੀ.ਐਸ.ਐਫ਼.ਬੀ.ਓ.ਪੀ. ਟਾਹਲੀਵਾਲਾ ਜਾਣਕਾਰੀ ਦਿੱਤੀ ਗਈ ਕਿ ਚੱਕ ਬਜੀਦਾ ਉਰਫ਼ ਟਾਹਲੀਵਾਲਾ ਦੇ ਖੇਤਾਂ ਵਿੱਚ ਹੈਰੋਇਨ ਬਰਾਮਦ ਹੋਈ ਹੈ, ਜੋ ਬੀ.ਐਸ.ਐਫ਼. ਵੱਲੋਂ 536 ਗ੍ਰਾਮ ਹੈਰੋਇਨ ਬਰਾਮਦ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 116 ਮਿਤੀ 28-08-2025 ਨੂੰ ਧਾਰਾ 21 ਸੀ, 23/61/85 ਐਨ.ਡੀ.ਪੀ. ਐਸ. ਐਕਟ ਤਹਿਤ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਦਰਜ ਕੀਤਾ ਗਿਆ ਹੈ ਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੀ ਜੀ ਆਰ ਐੱਸ ਪੋਰਟਲ 'ਤੇ ਪ੍ਰਾਪਤ ਸ਼ਿਕਾਇਤਾਂ ਦੀ ਡੀ ਸੀ ਵੱਲੋਂ ਸੁਣਵਾਈ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ (ਪੀ ਜੀ ਆਰ ਐੱਸ) 'ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਦੂਸਰੀ ਅਪੀਲ ਦੇ ਕੇਸਾਂ ਦੀ ਸੁਣਵਾਈ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਏ ਇੱਕ ਵਿਸ਼ੇਸ਼ ਕੈਂਪ ਦੌਰਾਨ ਕੀਤੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਇਹ ਉਪਰਾਲਾ ਲੋਕਾਂ ਲਈ ਬਹੁਤ ਲਾਭਕਾਰੀ ਸਿੱਧ ਹੋ ਰਿਹਾ ਹੈ। ਇਸ ਮੌਕੇ ਆਪਣੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤੇ ਜਾਣ ਤੋਂ ਖੁਸ਼ ਹੋਏ ਕਈ ਨਾਗਰਿਕਾਂ ਨੇ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕੈਂਪ ਦੌਰਾਨ ਲਗਪਗ 135 ਅਪੀਲਾਂ ਦੀ ਸੁਣਵਾਈ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਕੇ ਇਨ੍ਹਾਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸੇ ਵੀ ਨਾਗਰਿਕ ਦੀ ਪ੍ਰਾਪਤ ਹੋਈ ਸ਼ਿਕਾਇਤ ਦੇ ਨਿਪਟਾਰੇ ਵਿੱਚ ਕੋਈ ਕੁਤਾਹੀ ਤੇ ਬਿਨਾਂ ਕਾਰਨ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਪੀਡੀਏ ਦੇ ਏਸੀਏ ਜਸ਼ਨਪ੍ਰੀਤ ਕੌਰ ਗਿੱਲ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ, ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਕੈਂਪ ਦੌਰਾਨ ਆਪਣੀਆਂ ਸ਼ਿਕਾਇਤਾਂ ਦਾ ਹੱਲ ਕਰਵਾਉਣ ਪੁੱਜੇ ਲੋਕਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਦਾ ਵਿਸ਼ੇਸ਼ ਧੰਨਵਾਦ ਵੀ ਕੀਤੀ ਤੇ ਕਿਹਾ ਕਿ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ ਪੋਰਟਲ 'ਤੇ ਪਾਈਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਹੋ ਰਿਹਾ ਹੈ।

## ਹਮੀਦੀ 'ਚ ਮਜ਼ਦੂਰ ਪਰਵਾਰ ਦੇ ਘਰ ਦੀ ਛੱਤ ਡਿੱਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਮੀਦੀ ਵਿਖੇ ਲਗਾਤਾਰ ਤੇਜ਼ ਬਾਰਿਸ਼ ਕਾਰਨ ਇੱਕ ਮਜ਼ਦੂਰ ਪਰਵਾਰ ਦੇ ਘਰ ਦੀ ਛੱਤ ਡਿੱਗਣ ਨਾਲ ਭਾਰੀ ਨੁਕਸਾਨ ਹੋਣ ਦਾ ਪਤਾ ਲੱਗਾ ਹੈ। ਪੀੜਤ ਹਰਬੰਸ ਸਿੰਘ ਪੁੱਤਰ ਨਿਰੰਜਨ ਸਿੰਘ ਹਮੀਦੀ ਨੇ ਦੱਸਿਆ ਕਿ ਬਾਰਿਸ਼ ਦੇ ਦੌਰਾਨ ਛੱਤ ਚੋਅ ਰਹੀ ਸੀ, ਜਿਸ ਕਰਕੇ ਪਰਵਾਰਕ ਮੈਂਬਰ ਤੇ ਬੱਚੇ ਹੋਰ ਕਮਰੇ ਵਿੱਚ ਸੌਂ ਰਹੇ ਸਨ। ਰਾਤ ਨੂੰ ਛੱਤ ਡਿੱਗਣ ਕਾਰਨ ਘਰ ਵਿੱਚ ਪਿਆ ਸਾਰਾ ਸਮਾਨ ਖ਼ਰਾਬ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਬਾਰੇ ਪਟਵਾਰੀ ਵਿਨੋਦ ਕੁਮਾਰ, ਮੁਹਤਬਰਾਂ ਨੂੰ ਜਾਣੂ ਕਰਾਇਆ ਗਿਆ ਹੈ। ਪੀੜਤ ਪਰਵਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਘਰ ਮੁੜ ਬਣਾਉਣ ਲਈ ਮੁਆਵਜ਼ਾ ਦਿੱਤਾ ਜਾਵੇ।

## ਸਪਰਿੰਗ ਸਕੂਲ ਦਾ ਜ਼ੋਨਲ ਤੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਾਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਨੇ ਪੰਜਾਬ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਜ਼ੋਨ ਤੇ ਜ਼ਿਲ੍ਹਾ ਪੱਧਰ ਦੀਆਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਕੇ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ।

ਸਕੂਲ ਦੇ ਬੱਚਿਆਂ ਨੇ ਬੈਡਮਿੰਟਨ ਮੁਕਾਬਲੇ ਵਿੱਚ ਜ਼ੋਨ ਬਾਘਾ ਪੁਰਾਣਾ ਵਿੱਚ ਜਿੱਤ ਹਾਸਲ ਕਰ ਕੇ ਪਹਿਲੇ ਨੰਬਰ 'ਤੇ ਆਉਣ 'ਤੇ ਜ਼ਿਲ੍ਹਾ ਪੱਧਰੀ ਖੇਡਾਂ ਵਿਚ ਹਿੱਸਾ ਲਿਆ ਅਤੇ ਬਲੂਮਿੰਗ ਬਰਡ ਸਕੂਲ 'ਚ ਹੋਏ ਮੁਕਾਬਲੇ ਵਿੱਚ ਸਪਰਿੰਗ ਫੀਲਡ ਸਕੂਲ ਦੇ ਬੱਚਿਆਂ ਅੰਡਰ-17 ਲੜਕੀਆਂ ਨੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਅੰਡਰ-19 ਸਾਲ ਲੜਕੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਦੇ ਨਾਲ ਹੀ ਸਕੂਲ ਦੇ ਤਿੰਨ ਖਿਡਾਰੀ ਅੰਡਰ-19 ਵਿੱਚ ਗੀਨਾ ਰਾਣੀ ਤੇ ਨਿਹਾਰਿਕਾ ਅਤੇ ਅੰਡਰ-17 ਬੈਡਮਿੰਟਨ 'ਚ ਤਰੀਸ਼ਾ ਸਟੇਟ ਲੈਵਲ 'ਤੇ ਮੋਗਾ ਜ਼ਿਲ੍ਹੇ ਵੱਲੋਂ ਖੇਡਣ ਲਈ ਚੁਣੀਆਂ ਗਈਆਂ। ਜ਼ੋਨਲ ਖੇਡਾਂ ਵਿੱਚ ਵੀ ਬੈਡਮਿੰਟਨ ਅੰਡਰ-19, ਅੰਡਰ-17 ਤੇ ਅੰਡਰ-14, ਫੁੱਟਬਾਲ ਲੜਕੀਆਂ ਅੰਡਰ-14, ਵਾਲੀਬਾਲ ਲੜਕੀਆਂ ਅੰਡਰ-19 ਤੇ ਲੜਕੀਆਂ ਅੰਡਰ-14 ਫਸਟ ਆਈਆਂ। ਕ੍ਰਿਕਟ ਲੜਕੇ ਅੰਡਰ-14 ਸੈਕਿੰਡ, ਵਾਲੀਬਾਲ ਲੜਕੇ ਅੰਡਰ-14 ਸੈਕਿੰਡ ਆਏ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਬੱਚਿਆਂ ਦੀ ਵਧੀਆ ਕਾਰਗੁਜ਼ਾਰੀ ਉੱਪਰ ਡੀ.ਪੀ.ਈ. ਹਰਜਿੰਦਰ ਸਿੰਘ, ਡੀ.ਪੀ.ਈ. ਮੈਡਮ ਹਰਦੀਪ ਕੌਰ, ਮੈਡਮ ਬੇਅੰਤ ਕੌਰ ਤੇ ਬੱਚਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਬਾਇਜੂ ਵਿਜੇ ਤੇ ਕੋਆਰਡੀਨੇਟਰ ਅਨੁਪਮ ਸ਼ਰਮਾ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ।

## ਬਾਰਸ਼ ਨਾਲ ਨੁਕਸਾਨੇ ਘਰਾਂ ਦੇ ਮੁਆਵਜ਼ੇ ਦੀ ਮੰਗ



**ਬਰੇਟਾ (ਰੀਤਵਾਲ)**-ਨਜ਼ਦੀਕੀ ਪਿੰਡ ਕਿਸ਼ਨਗੜ੍ਹ ਸੇਢਾ ਸਿੰਘ ਵਾਲਾ ਦੀ ਸਮੂਹ ਪੰਚਾਇਤ ਤੇ ਕਿਸਾਨ ਜਥੇਬੰਦੀਆਂ ਨੇ ਸਰਕਾਰ 'ਤੇ ਰੋਸ ਜ਼ਾਹਰ ਕੀਤਾ ਅਤੇ ਪਿੰਡ ਦੀ ਸਰਪੰਚ ਬਲਵੀਰ ਕੌਰ ਨੇ ਘਰਾਂ ਦੇ ਡਿੱਗਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਆਫ਼ਤ ਭਰੀ ਬਾਰਸ਼ ਪੈਣ ਨਾਲ ਪਿੰਡ ਵਿੱਚ ਬਹੁਤੇ ਘਰਾਂ ਦਾ ਨੁਕਸਾਨ ਹੋ ਗਿਆ ਹੈ, ਪਰ ਕੋਈ ਵੀ ਸਰਕਾਰੀ ਅਧਿਕਾਰੀ ਜਾਇਜ਼ਾ ਲੈਣ ਨਹੀਂ ਪਹੁੰਚਿਆ। ਉਨ੍ਹਾਂ ਕਿਹਾ ਕਿ ਮੱਘਰ ਸਿੰਘ, ਬਲਕਾਰ ਸਿੰਘ, ਬਿੱਲੂ ਸਿੰਘ, ਨਾਇਬ ਸਿੰਘ, ਗੁਰਦੀਪ ਸਿੰਘ, ਕਾਲਾ ਸਿੰਘ, ਹਰੀ ਸਿੰਘ, ਪ੍ਰਗਟ ਸਿੰਘ, ਜਗਦੇਵ ਸਿੰਘ, ਗੱਗੀ ਸਿੰਘ, ਬਿੰਦਰ ਸਿੰਘ, ਦੀਪਾ ਸਿੰਘ, ਰਾਮਫਲ ਸਿੰਘ, ਭੋਲਾ ਸਿੰਘ, ਸੱਤੂ ਸਿੰਘ, ਜਸਪ੍ਰੀਤ ਸਿੰਘ, ਅਮ੍ਰਿਤ ਸਿੰਘ ਤੇ ਮੱਖਣ ਸਿੰਘ ਆਦਿ ਦੇ ਘਰ ਬਿਲਕੁਲ ਨੁਕਸਾਨੇ ਗਏ ਹਨ। ਉਨ੍ਹਾਂ ਸਰਕਾਰ ਕੋਲ ਗੁਹਾਰ ਲਗਾਈ ਹੈ ਕਿ ਇਨ੍ਹਾਂ ਪਰਵਾਰਾਂ ਦੀ ਜਲਦੀ ਸੁਣਵਾਈ ਕਰਨ ਉਪਰੰਤ ਮੁਆਵਜ਼ਾ ਦਿੱਤਾ ਜਾਵੇ।

## 31 ਅਗਸਤ ਬਿਨਾਂ ਪੈਨਲਟੀ ਪ੍ਰਾਪਰਟੀ ਟੈਕਸ ਭਰਨ ਦੀ ਆਖਰੀ ਮਿਤੀ

### ਛੁੱਟੀ ਵਾਲੇ ਦਿਨ ਵੀ ਲੋਕ ਭਰ ਸਕਣਗੇ ਪ੍ਰਾਪਰਟੀ ਟੈਕਸ : ਮੇਅਰ ਗੋਗੀਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਨਗਰ ਨਿਗਮ ਵੱਲੋਂ ਸ਼ਹਿਰ ਵਾਸੀਆਂ ਲਈ ਵੱਡੀ ਰਾਹਤ ਦਾ ਐਲਾਨ ਕੀਤਾ ਗਿਆ ਹੈ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਹੁਣ ਸ਼ਹਿਰ ਵਾਸੀ 31 ਅਗਸਤ 2025 ਤੱਕ ਆਪਣਾ ਪ੍ਰਾਪਰਟੀ ਟੈਕਸ ਬਿਨਾਂ ਕਿਸੇ ਪੈਨਲਟੀ ਦੇ ਭਰ ਸਕਣਗੇ। ਇਹ ਮੌਕਾ ਸਰਕਾਰ ਵੱਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਦਿੱਤਾ ਗਿਆ ਹੈ। ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਾਰ-ਵਾਰ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਸਮੇਂ ਸਿਰ ਆਪਣਾ ਟੈਕਸ ਜ਼ਰੂਰ ਭਰਨ। ਉਨ੍ਹਾਂ ਦੱਸਿਆ ਕਿ ਟੈਕਸ ਦੀ ਆਮਦਨ ਸ਼ਹਿਰ ਦੇ ਵਿਕਾਸ ਕਾਰਜਾਂ 'ਤੇ ਖਰਚ ਕੀਤੀ ਜਾਂਦੀ ਹੈ, ਜਿਸ ਵਿੱਚ ਸਫਾਈ, ਸੜਕਾਂ ਦੀ ਮੁਰੰਮਤ, ਲਾਈਟਾਂ ਦੀ ਸਹੂਲਤ ਤੇ ਹੋਰ ਜਨਹਿੱਤੀ ਕਾਰਜ ਸ਼ਾਮਲ ਹਨ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਨਾਗਰਿਕਾਂ ਦੀ ਸੁਵਿਧਾ ਲਈ ਵਾਧੂ ਕਾਊਂਟਰ ਲਗਾਏ ਗਏ ਹਨ ਤੇ ਛੁੱਟੀ ਵਾਲੇ ਦਿਨ ਵੀ ਦਫ਼ਤਰ ਖੁੱਲ੍ਹਾ ਰਹੇਗਾ। ਇਸ ਤੋਂ ਇਲਾਵਾ ਆਨਲਾਈਨ ਭੁਗਤਾਨ ਦੀ ਸਹੂਲਤ ਵੀ ਉਪਲੱਬਧ ਹੈ, ਜਿਸ ਰਾਹੀਂ ਲੋਕ ਘਰ ਬੈਠੇ ਹੀ ਆਪਣਾ ਟੈਕਸ ਭਰ ਸਕਦੇ ਹਨ, ਜਿਨ੍ਹਾਂ ਨੂੰ ਤਕਨੀਕੀ ਜਾਣਕਾਰੀ ਨਹੀਂ ਹੈ, ਉਨ੍ਹਾਂ ਲਈ ਸਹਾਇਤਾ ਡੈਸਕ ਵੀ ਸਥਾਪਤ ਕੀਤੇ ਗਏ ਹਨ। ਮੇਅਰ ਨੇ ਅਖੀਰ ਵਿੱਚ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 31 ਅਗਸਤ ਤੋਂ ਪਹਿਲਾਂ ਹੀ ਆਪਣਾ ਪ੍ਰਾਪਰਟੀ ਟੈਕਸ ਜ਼ਰੂਰ ਭਰਨ, ਕਿਉਂਕਿ ਇਸ ਮਿਤੀ ਤੋਂ ਬਾਅਦ ਪੈਨਲਟੀ ਲਾਗੂ ਹੋ ਜਾਵੇਗੀ।



## ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜੇਲ੍ਹ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਜੀਆਂ ਦੇ ਪੱਤਰ ਅਨੁਸਾਰ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ- ਜੇਲ੍ਹਾਂ ਵਿੱਚ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਹਿੱਤ ਅਤੇ ਸ੍ਰੀ ਰਾਜ ਕੁਮਾਰ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸ੍ਰੀ ਮੁਕਤਸਰ ਸਾਹਿਬ ਅਤੇ ਸ੍ਰੀ ਹਿਮਾਂਸ਼ੂ ਅਰੋੜਾ, ਸੀ.ਜੀ.ਐੱਮ/ਸਕੱਤਰ ਸ੍ਰੀ ਮੁਕਤਸਰ ਸਾਹਿਬ ਜੀਆਂ ਵੱਲੋਂ ਅੱਜ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੈਰਾ ਲੀਗਲ ਵਲੰਟੀਅਰਜ਼ ਤੇ ਡਿਫੈਂਸ ਕਾਊਂਸਲ ਦੀ ਡਿਊਟੀ ਲਗਾਈ ਗਈ ਹੈ, ਜੋ ਕਿ ਜ਼ਿਲ੍ਹਾ ਜੇਲ੍ਹ ਵਿੱਚ ਹਰ ਰੋਜ਼ ਆਉਣ ਵਾਲੇ ਹਵਾਲਾਤੀਆਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜੋ ਰਜਿਸਟਰ ਲਗਾਏ ਹਨ, ਉਨ੍ਹਾਂ ਵਿੱਚ ਹਰ ਰੋਜ਼ ਆਉਣ ਵਾਲੇ ਹਵਾਲਾਤੀ, ਅਪੀਲ ਸਬੰਧੀ, ਜ਼ਮਾਨਤ ਸਬੰਧੀ ਤੇ ਹੋਰ ਮੈਡੀਕਲ ਸਬੰਧੀ ਜਾਣਕਾਰੀ ਦਰਜ ਕਰਨਗੇ। ਸ੍ਰੀ ਰਾਜ ਕੁਮਾਰ ਤੇ ਸ੍ਰੀ ਹਿਮਾਂਸ਼ੂ ਅਰੋੜਾ ਵੱਲੋਂ ਹਵਾਲਾਤੀ/ਕੈਦੀਆਂ ਨਾਲ ਗੱਲਬਾਤ ਕੀਤੀ ਗਈ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਉਸ ਦਾ ਨਿਪਟਾਰਾ ਕੀਤਾ ਗਿਆ। ਉਪਰੰਤ ਜੇਲ੍ਹ ਦੌਰਾਨ ਹਵਾਲਾਤੀਆਂ ਨੂੰ ਦਿੱਤੀ ਜਾਣ ਵਾਲੀ ਮੈਡੀਕਲ ਸਹੂਲਤ ਤੇ ਖਾਣੇ ਦਾ ਵੀ ਨਰੀਖਣ ਕੀਤਾ ਗਿਆ।

## ਗੁਰੂ ਘਰ ਦੀ ਸੜਕ ਲਈ ਮਤਾ ਪਾਸ ਕਰਨਾ ਸ਼ਲਾਘਾਯੋਗ ਕਦਮ : ਪ੍ਰਧਾਨ ਜੱਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਵੱਲੋਂ ਜੋ ਸ੍ਰੀ ਚਰਨ ਕੰਵਲ ਸਾਹਿਬ ਚੌਂਕ ਤੋਂ ਲੈ ਕੇ ਗੁਰਦੁਆਰਾ ਸਾਹਿਬ ਤੱਕ ਜਾਣ ਵਾਲੀ ਬੇਹੱਦ ਖਸਤਾ ਹਾਲਤ ਸੜਕ ਨੂੰ ਬਣਾਉਣ ਲਈ ਮਤਾ ਪਾਸ ਕੀਤਾ ਹੈ, ਉਸ 'ਤੇ ਸਮੂਹ ਕੌਂਸਲਰਾਂ ਨੇ ਸਹਿਮਤੀ ਪ੍ਰਗਟਾਈ, ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚਰਨ ਕੰਵਲ ਸਾਹਿਬ ਵੈੱਲਫੇਅਰ ਐਂਡ ਸਪੋਰਟਸ ਕਲੱਬ ਦੇ ਪ੍ਰਧਾਨ ਤੇ ਕੌਂਸਲਰ ਕੁਲਵਿੰਦਰ ਕੌਰ ਦੇ ਪਤੀ ਜਸਪਾਲ ਸਿੰਘ ਜੱਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮਤਾ ਪਾਸ ਹੋਣ ਤੋਂ ਬਾਅਦ ਜਲਦ ਟੈਂਡਰ ਲੱਗੇਗਾ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਮਾਛੀਵਾੜਾ ਸਾਹਿਬ ਵਿਖੇ ਸਾਲਾਨਾ ਜੋੜ ਮੇਲ ਤੋਂ ਪਹਿਲਾਂ ਇਸ ਦਾ ਕੰਮ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮਾਛੀਵਾੜਾ ਦੀਆਂ ਧਾਰਮਿਕ ਤੇ ਸਮਾਜ ਸੇਵੀ ਜਥੇਬੰਦੀਆਂ ਤੋਂ ਇਲਾਵਾ ਸੰਗਤਾਂ ਦੀ ਵੱਡੀ ਮੰਗ ਸੀ ਕਿ ਗੁਰੂ ਘਰ ਨੂੰ ਜਾਣ ਵਾਲੀ ਸੜਕ ਦੀ ਮੁਰੰਮਤ ਦਾ ਕੰਮ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇ। ਜਸਪਾਲ ਜੱਜ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੁਝ ਮਹੀਨੇ ਪਹਿਲਾਂ ਇਸ ਸੜਕ ਦੇ ਨਿਰਮਾਣ ਦਾ ਮੁੱਦਾ ਨਗਰ ਕੌਂਸਲ ਦੀ ਮੀਟਿੰਗ ਵਿੱਚ ਉਠਾਇਆ ਸੀ, ਜਿਸ 'ਤੇ ਸਮੂਹ ਕੌਂਸਲਰਾਂ ਨੇ ਸਹਿਮਤੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਮੀਟਿੰਗ ਦੌਰਾਨ ਕਿਹਾ ਕਿ ਸੀ ਕਿ ਜੇਕਰ ਲੋਕ ਨਿਰਮਾਣ ਵਿਭਾਗ ਇਸ ਸੜਕ ਦਾ ਨਿਰਮਾਣ ਸ਼ੁਰੂ ਨਹੀਂ ਕਰਵਾਉਂਦਾ ਤਾਂ ਉਨ੍ਹਾਂ ਨੂੰ ਇਸ ਸਬੰਧੀ ਪ੍ਰਵਾਨਗੀ ਲੈ ਕੇ ਦਿੱਤੀ ਜਾਵੇ, ਜਿਸ ਨੂੰ ਨਗਰ ਕੌਂਸਲ ਆਪਣੇ ਖਰਚ 'ਤੇ ਬਣਾਏਗੀ। ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਨਗਰ ਕੌਂਸਲ ਦੀ ਮਾਸਿਕ ਮੀਟਿੰਗ ਦੌਰਾਨ ਇਸ ਸੜਕ ਨੂੰ ਬਣਾਉਣ ਦਾ ਮਤਾ ਪਾਸ ਕੀਤਾ ਗਿਆ, ਜਿਸ 'ਤੇ 90 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਈਲ ਲਗਾਈ ਜਾਵੇਗੀ।

30-Aug-page-11-Majha-2025.qxd 8/29/2025 10:37 PM Page 1



# ਸਰਹੱਦਾਂ ਦੇ ਰਾਖੇ ਹੁਣ ਹੜ੍ਹ ਪੀੜਤਾਂ ਦੀ ਸੁਰੱਖਿਆ ਲਈ ਅੱਗੇ ਆਏ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਭਾਰਤੀ ਸਰਹੱਦ ਦੀ ਰਾਖੀ ਕਰਨ ਵਾਲੇ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੇ ਜਵਾਨ ਹੜ੍ਹਾਂ ਦੌਰਾਨ ਵੀ ਲੋਕਾਂ ਦੀ ਸੁਰੱਖਿਆ ਲਈ ਅੱਗੇ ਆਏ ਹਨ।ਗੁਰਦਾਸਪੁਰ ਸੈਕਟਰ ਹੈੱਡਕੁਆਟਰ ਦੇ ਅਧਿਕਾਰੀਆਂ ਤੇ ਜਵਾਨਾਂ ਵੱਲੋਂ ਰਾਵੀ ਦਰਿਆ ਦੇ ਹੜ੍ਹ ਦੌਰਾਨ ਪੂਰੀ ਨਿਸ਼ਠਾ ਨਾਲ ਰਾਹਤ ਅਤੇ ਬਚਾਅ ਕਾਰਵਾਈਆਂ ਵਿੱਚ ਲਗਾਤਾਰ ਹਿੱਸਾ ਲਿਆ ਜਾ ਰਿਹਾ ਹੈ। ਡੀ.ਆਈ.ਜੀ., ਸੈਕਟਰ ਹੈੱਡਕੁਆਟਰ ਗੁਰਦਾਸਪੁਰ ਜਸਵਿੰਦਰ ਕੁਮਾਰ ਵਿਰਦੀ ਨੇ ਬੀਐੱਸਐੱਫ. ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਨਾਲ ਬੀਐੱਸਐੱਫ਼ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਅਤੇ ਬੀਐੱਸਐੱਫ਼. ਏਅਰ ਵਿੰਗ ਦੇ ਹੈਲੀਕਾਪਟਰ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਅਤੇ ਬੀ.ਓ.ਪੀ. (ਬੋਰਡਰ ਆਊਟ ਪੋਸਟਸ) 'ਚ ਫਸੇ ਹੋਏ ਜਵਾਨਾਂ ਦੀ ਸੁਰੱਖਿਅਤ ਢੰਗ ਨਾਲ ਬਾਹਰ ਕੱਢਿਆ ਗਿਆ ਹੈ।ਇਸ ਦੇ ਇਲਾਵਾ, ਐੱਨ.ਡੀ.ਆਰ.ਐੱਫ. ਅਤੇ ਬੀਐੱਸਐੱਫ਼ ਵਾਟਰ ਵਿੰਗ ਦੀਆਂ ਸਪੀਡ ਬੋਟਾਂ ਵੀ ਇਸ ਬਚਾਅ ਮੁਹਿੰਮ ਵਿੱਚ ਪੂਰੀ ਤਰ੍ਹਾਂ ਸ਼ਾਮਲ ਹਨ ਅਤੇ ਨਿਰੰਤਰ ਬਚਾਅ ਤੇ ਰਾਹਤ ਕਾਰਵਾਈ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਐੱਸਐੱਫ਼ ਦੀ ਇਹ ਕੋਸ਼ਿਸ਼ ਸਿਰਫ਼ ਆਪਣੇ ਜਵਾਨਾਂ ਤੱਕ ਸੀਮਤ ਨਹੀਂ ਰਹੀ ਸਗੋਂ ਬੀਐੱਸਐੱਫ਼ ਨੇ ਹੜ੍ਹ-ਪ੍ਰਭਾਵਿਤ ਸਰਹੱਦੀ ਇਲਾਕਿਆਂ ਤੋਂ ਕਈ ਨਾਗਰਿਕਾਂ ਨੂੰ ਵੀ ਬਚਾਇਆ ਹੈ ਅਤੇ ਉਨ੍ਹਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕੀਤੀ ਹੈ।ਉਨ੍ਹਾਂ ਕਿਹਾ ਕਿ ਬੀਐੱਸਐੱਫ਼ ਅਤੇ ਹੋਰ ਸਹਾਇਕ ਏਜੰਸੀਜ਼ ਦੇ ਸਹਿਯੋਗ ਕਾਰਨ ਸੈਕਟਰ ਹੈੱਡ ਕੁਆਟਰ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਨਾ ਤਾਂ ਕਿਸੇ ਬੀਐੱਸਐੱਫ਼ ਜਵਾਨ ਦੀ ਤੇ ਨਾ ਹੀ ਕਿਸੇ ਨਾਗਰਿਕ ਦੀ ਜਾਨ ਦਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਸੀਮਾ ਸੁਰੱਖਿਆ ਬਲ ਅੰਤਰਰਾਸ਼ਟਰੀ ਸਰਹੱਦ ਦੀ ਰੱਖਿਆ ਨੂੰ ਵਫ਼ਾਦਾਰੀ, ਸਚੇਤਤਾ ਅਤੇ ਦੇਸ਼-ਭਗਤੀ ਨਾਲ ਨਿਭਾਉਂਦਾ ਆ ਰਿਹਾ ਹੈ।ਡੀਆਈਜੀ ਸੈਕਟਰ ਹੈੱਡਕੁਆਟਰ ਗੁਰਦਾਸਪੁਰ ਜਸਵਿੰਦਰ ਕੁਮਾਰ ਵਿਰਦੀ ਨੇ ਇਸ ਸਭ ਲਈ ਆਪਣੇ ਨਿਸ਼ਠਾਵਾਨ ਅਫ਼ਸਰਾਂ ਤੇ ਜਵਾਨਾਂ ਦੀ ਟੀਮ ਦੀ ਸ਼ਲਾਘਾ ਕੀਤੀ।

## ਮੋਟਰਸਾਈਕਲ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਰਸ਼ਦੀਪ ਸਿੰਘ ਪੁੱਤਰ ਜੇਮਸ ਮਸੀਹ ਵਾਸੀ ਅਲੀਵਾਲ ਅਰਾਈਆਂ ਘਣੀਏ ਕੇ ਬਾਂਗਰ (ਬਟਾਲਾ) ਨੇ ਦੱਸਿਆ ਕਿ ਉਹ ਸੰਨ ਸਟਾਰ ਫਾਇਨਾਂਸ ਕੰਪਨੀ ਬਟਾਲਾ ਵਿਖੇ ਕਲਰਕ (ਕੈਸ਼ ਕੁਲੈਕਸਨ) ਦੀ ਡਿਊਟੀ ਕਰਦਾ ਹੈ। 21 ਅਗਸਤ ਨੂੰ ਮੋਟਰਸਾਈਕਲ ਨੰਬਰ ਪੀਬੀ..18 ਵਾਏ 3078 ਡੀ-ਲੈਕਸ 'ਤੇ ਸਵਾਰ ਹੋ ਕੇ ਕੈਸ਼ ਕੁਲੈਕਸ਼ਨ ਕਰਨ ਲਈ ਸਿਵਲ ਹਸਪਤਾਲ ਧਾਰੀਵਾਲ ਆਇਆ ਸੀ ਅਤੇ ਸ਼ਾਮ ਨੂੰ 4 ਵਜੇ ਦੇ ਕਰੀਬ ਆਪਣਾ ਮੋਟਰਸਾਇਕਲ ਪਾਰਕਿੰਗ ਵਿਚ ਲਗਾ ਕੇ ਲਾਕ ਕਰਕੇ ਹਸਪਤਾਲ ਦੇ ਅੰਦਰ ਚਲਾ ਗਿਆ।

ਕੁਝ ਸਮੇਂ ਬਾਅਦ ਜਦ ਵਾਪਿਸ ਆਇਆ ਤਾਂ ਦੇਖਿਆ ਕਿ ਉਸ ਦਾ ਮੋਟਰਸਾਈਕਲ ਉਥੇ ਨਹੀਂ ਸੀ। ਥਾਣਾ ਧਾਰੀਵਾਲ ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਚੋਰੀ ਦੇ ਦੋਸ਼ਾਂ ਹੇਠ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਈ ਥਾਈਂ ਰਾਹਤ ਸਮੱਗਰੀ ਡਰੋਨ ਰਾਹੀਂ ਪਹੁੰਚਾਈ ਗਈ




ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਡਰੋਨ ਜਰੀਏ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਤੀਬਾੜੀ ਕੰਮਾਂ ਲਈ ਵਰਤੇ ਜਾਂਦੇ ਡਰੋਨ ਨੂੰ ਡੇਰਾ ਬਾਬਾ ਨਾਨਕ ਵਿਖੇ ਰਾਹਤ ਸਮਗਰੀ ਪਹੁੰਚਣ ਲਈ ਵਰਤਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਡੀ ਐੱਮ. ਡੇਰਾ ਬਾਬਾ ਨਾਨਕ ਡਾ. ਅਦਿੱਤਯ ਸ਼ਰਮਾ ਨੇ ਦੱਸਿਆ ਕਿ ਰਾਵੀ ਦਰਿਆ ਦੇ ਨਾਲ ਲੱਗਦੇ ਕਈ ਪਿੰਡਾਂ ਵਿੱਚ ਹੜ੍ਹ ਦਾ ਪਾਣੀ ਆ ਗਿਆ ਹੈ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਵਿੱਚ ਮੁਸ਼ਕਲ ਪੇਸ਼ ਆ ਰਹੀ ਸੀ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਤਹਿਤ ਉਨ੍ਹਾਂ ਵਲੋਂ ਖੇਤੀਬਾੜੀ ਕੰਮਾਂ (ਸਪਰੇਅ ਆਦਿ) ਕਰਨ ਵਾਲੇ ਡਰੋਨ ਰਾਹੀਂ ਪਾਣੀ ਵਿਚ ਘਿਰੇ ਲੋਕਾਂ ਤੱਕ ਰਾਹਤ ਸਮਗਰੀ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਡਰੋਨ ਜ਼ਰੀਏ ਪ੍ਰਭਾਵਿਤ ਲੋਕਾਂ ਤੱਕ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ ਅਤੇ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਟਰਾਇਲ ਪੂਰੀ ਤਰਾਂ ਸਫਲ ਰਿਹਾ ਹੈ ਅਤੇ ਕੱਲ੍ਹ ਤੋਂ ਡਰੋਨ ਰਾਹੀਂ ਸਹਾਇਤਾ ਪਹੁੰਚਾਉਣ ਦਾ ਸਿਲਸਲਾ ਜਾਰੀ ਰਹੇਗਾ। ਇਸ ਮੌਕੇ ਐੱਸਡੀਐੱਮ. ਫ਼ਤਿਹਗੜ੍ਹ ਚੂੜੀਆਂ ਗੁਰਮੰਦਰ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਰਦਾਸਪੁਰ ਇੰਦਰਜੀਤ ਸਿੰਘ, ਬੀਡੀਪੀਓ ਅਮਨਦੀਪ ਕੌਰ, ਧੀਰਜ ਸ਼ਰਮਾ ਵੀ ਹਾਜ਼ਰ ਸਨ।

## ਅੱਜ ਨਗਰ ਨਿਗਮ ਬਟਾਲਾ ਦੀ ਹਦੂਦ ਅੰਦਰ ਹੋਵੇਗਾ ਡਰਾਈ ਡੇਅ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ, ਆਈਏਐੱਸ ਨੇ ਪੰਜਾਬ ਆਬਕਾਰੀ ਐਕਟ-1914 ਦੀ ਧਾਰਾ 54 ਅਤੇ ਪੰਜਾਬ ਲੀਕਰ ਲਾਇਸੈਂਸ ਦੇ ਰੂਲ 37 (9) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਤੇ ਪੰਜਾਬ ਸਰਕਾਰ, ਆਬਕਾਰੀ ਤੇ ਕਰ ਵਿਭਾਗ ਦੇ ਪੱਤਰ ਨੰਬਰ 549, ਮਿਤੀ 29 ਅਗਸਤ ਰਾਹੀਂ ਪ੍ਰਾਪਤ ਹੋਈ ਪ੍ਰਵਾਨਗੀ ਤਹਿਤ 30 ਅਗਸਤ 2025 ਨੂੰ ਬਟਾਲਾ ਸ਼ਹਿਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ ਵਿਆਹ ਪੁਰਬ ਦੇ ਮੱਦੇਨਜ਼ਰ ਨਗਰ ਨਿਗਮ ਬਟਾਲਾ ਦੀ ਹਦੂਦ ਅੰਦਰ ਡਰਾਈ ਡੇਅ ਐਲਾਨ ਕੀਤਾ ਹੈ।ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਹ ਹੁਕਮ ਜਾਰੀ ਕਰਦਿਆਂ ਇਹ ਵੀ ਹਦਾਇਤ ਕੀਤੀ ਹੈ ਕਿ ਮਿਊਂਸੀਪਲ ਦੀ ਹਦੂਦ ਅੰਦਰ ਦੇਸੀ, ਅੰਗਰੇਜ਼ੀ ਸ਼ਰਾਬ ਦੇ ਠੇਕੇ ਬੰਦ ਰਹਿਣਗੇ ਅਤੇ ਕੋਈ ਵੀ ਵਿਅਕਤੀ ਇਸ ਦੀ ਵਿੱਕਰੀ ਅਤੇ ਸਟੋਰੇਜ ਨਹੀਂ ਕਰੇਗਾ।ਇਹ ਮਨਾਹੀ ਹੁਕਮ ਹੋਟਲਾਂ, ਕਲੱਬਾਂ ਅਤੇ ਸ਼ਰਾਬ ਦੇ ਅਹਾਤਿਆਂ ਆਦਿ ਜਿੱਥੇ ਸ਼ਰਾਬ ਵੇਚਣ ਦੀ ਕਾਨੂੰਨੀ ਇਜਾਜ਼ਤ ਹੈ, ਉਤੇ ਵੀ ਪੂਰਨ ਤੌਰ 'ਤੇ ਲਾਗੂ ਹੋਣਗੇ।ਇਹ ਹੁਕਮ ਇੱਕ ਤਰਫ਼ਾ ਪਾਸ ਕੀਤੇ ਜਾਂਦੇ ਹਨ।

## ਪੁਲੀ ਨੇੜਿਉਂ ਲਾਸ਼ ਮਿਲਣ ਨਾਲ ਇਲਾਕੇ 'ਚ ਦਹਿਸ਼ਤ ਦਾ ਮਾਹੌਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਝਬਾਲ ਅਤੇ ਪੰਜਵੜ ਦੇ ਵਿਚਕਾਰ ਬਣੀ ਪੁਲੀ ਨੇੜਿਉਂ ਇਕ ਨੌਜਵਾਨ ਦੀ ਕਤਲ ਕਰਕੇ ਸੁੱਟੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹੈ।ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪਿੰਡ ਝਬਾਲ ਦੇ ਸਰਕਾਰੀ ਹਸਪਤਾਲ ਨੇੜਿਉਂ ਪਿੰਡ ਪੰਜਵੜ ਨੂੰ ਜਾਂਦੇ ਰਸਤੇ ਤੇ ਬਣੇ ਪੁਲ ਨੇੜੇ ਇਕ ਨੌਜਵਾਨ 30 ਕੁ ਸਾਲ ਜਿਸ ਨੇ ਹਰੀ ਚਿੱਟੀ ਧਾਰੀਆਂ ਵਾਲੀ ਕਮੀਜ਼ ਪਾਈ ਹੈ ਅਤੇ ਤੇਜ਼ ਹਥਿਆਰਾਂ ਨਾਲ ਬੁਰੀ ਤਰਾਂ ਜ਼ਖ਼ਮੀ ਅਤੇ ਗਲ ਵਿੱਚ ਰੱਸੀ ਬੰਨ੍ਹੀ ਹੈ, ਦੀ ਲਾਸ਼ ਪਈ ਹੈ।ਪਤਾ ਚੱਲਣ 'ਤੇ ਝਬਾਲ ਥਾਣੇ ਦੇ ਮੁਖੀ ਇੰਸਪੈਕਟਰ ਕਸ਼ਮੀਰ ਸਿੰਘ ਅਤੇ ਪੁਲਸ ਦੇ ਹੋਰ ਉਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਮੌਕੇ 'ਤੇ ਫੋਰੈਂਸਿਕ ਟੀਮਾਂ ਮੰਗਵਾਈਆਂ ਗਈਆਂ। ਜਾਂਚ ਵਿੱਚ ਨੌਜਵਾਨ ਦੀ ਪਛਾਣ ਗੁਰਪ੍ਰੀਤ ਸਿੰਘ ਗੋਪੀ ਪੁੱਤਰ ਜੋਗਿੰਦਰ ਸਿੰਘ ਵਾਸੀ ਮੂਸੇ ਵਜੋਂ ਹੋਈ।ਜਾਣਕਾਰੀ ਅਨੁਸਾਰ ਉਕਤ ਨੌਜਵਾਨ ਲਗਭਗ ਦੋ ਸਾਲ ਪਹਿਲਾਂ ਪਿੰਡ ਦੀ ਹੀ ਲੜਕੀ ਨੂੰ ਭਜਾ ਕੇ ਲੈ ਗਿਆ ਸੀ। ਪੁਲਸ ਵੱਲੋਂ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਜਲਦੀ ਹੀ ਅਸਲੀਅਤ ਸਾਹਮਣੇ ਆ ਜਾਵੇਗੀ।

## ਸਟਰੀਟ ਲਾਈਟ ਵਰਕਰ ਦੀ ਡਿਊਟੀ ਦੌਰਾਨ ਕੁੱਟਮਾਰ ਦੀ ਸੀਟੂ ਵੱਲੋਂ ਨਿਖੇਧੀ

### ਐੱਫ ਆਈ ਆਰ ਦਰਜ ਨਾ ਹੋਣ 'ਤੇ ਥਾਣੇ ਦਾ ਕੀਤਾ ਜਾਵੇਗਾ ਘਿਰਾਓ : ਅਜਨਾਲਾ

**ਛੇਹਰਟਾ, (ਮਨੋਜ ਕੁਮਾਰ)**

ਨਗਰ ਨਿਗਮ ਸਟਰੀਟ ਲਾਈਟ ਵਰਕਰ ਦੀ ਬੀਤੇ ਦਿਨੀ ਇਕ ਸਾਬਕਾ ਕੌਂਸਲਰ ਦੇ ਬੇਟੇ ਵੱਲੋਂ ਡਿਊਟੀ ਦੌਰਾਨ ਕੁੱਟਮਾਰ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਨਗਰ ਨਿਗਮ ਸਟਰੀਟ ਲਾਈਟ ਵਰਕਰ ਯੂਨੀਅਨ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜਨਰਲ ਸਕੱਤਰ ਤਰਸੇਮ ਸਿੰਘ ਦਿਓਲ ਨੇ ਦੱਸਿਆ ਕਿ ਵਰਕਰ ਨਰੇਸ਼ ਕੁਮਾਰ 27 ਅਗਸਤ ਨੂੰ ਰਾਣੀ ਕਾ ਬਾਗ ਵਿਚ ਆਪਣੀ ਡਿਊਟੀ ਦੇ ਰਿਹਾ ਸੀ। ਇਸ ਦੌਰਾਨ ਸਾਬਕਾ ਕੌਂਸਲਰ ਦੇ ਬੇਟੇ ਨੇ ਆਪਣੇ ਸਾਥੀ ਨਾਲ ਆ ਕੇ ਉਸ 'ਤੇ ਹਮਲਾ ਕਰਕੇ ਮਾਰ ਕੁਟਾਈ ਕੀਤੀ ਜਿਸ ਨਾਲ ਉਹ ਬੇਹੋਸ਼ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਮਿਸ਼ਨਰ ਨਗਰ ਨਿਗਮ ਅਤੇ ਏਸੀਪੀ ਵੈਸਟ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਮੁਲਜ਼ਮ ਖ਼ਲਾਫ਼ 31 ਅਗਸਤ ਤਕ ਐੱਫਆਈਆਰ ਦਰਜ ਨਾ ਕੀਤੀ ਤਾਂ 1 ਸਤੰਬਰ ਨੂੰ ਕੰਟੋਨਮੈਂਟ ਥਾਣੇ ਦਾ ਘਿਰਾਓ ਕੀਤਾ ਜਾਵੇਗਾ ਜੋ ਇਨਸਾਫ਼ ਮਿਲਣ ਤਕ ਜਾਰੀ ਰਹੇਗਾ। ਮੀਟਿੰਗ ਨੂੰ ਭਗਵੰਤ ਸਿੰਘ ਪ੍ਰਧਾਨ ਨਗਰ ਨਿਗਮ ਵਰਕਰ ਯੂਨੀਅਨ ਸੀਟੂ ਤੇ ਵਾਸਦੇਵ, ਤਰਸੇਮ ਟਪਿਆਲਾ ਪ੍ਰਧਾਨ ਨਰੇਗਾ ਵਰਕਰਜ਼ ਯੂਨੀਅਨ, ਗੁਰਦੀਪ ਬੁਤਾਲਾ ਪ੍ਰਧਾਨ ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ, ਸੀਟੂ ਆਗੂ ਕਾਮਰੇਡ ਚਰਨਜੀਤ ਸਿੰਘ ਮਜੀਠਾ, ਕਾਮਰੇਡ ਕਿਰਪਾ ਰਾਮ ਅਤੇ ਕਾਮਰੇਡ ਨਰਿੰਦਰਪਾਲ ਚਮਿਆਰੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਲਵੰਤ ਸਿੰਘ, ਰੋਹਿਤ ਕੁਮਾਰ, ਮੇਜਰ ਸਿੰਘ, ਰਣਜੀਤ ਸਿੰਘ, ਰਾਜੇਸ਼ ਕੁਮਾਰ, ਹਰਜੀਤ ਸਿੰਘ, ਵਿਨੋਦ ਕੁਮਾਰ ਆਦਿ ਸਾਥੀ ਹਾਜ਼ਰ ਸਨ।



## ਜੋਬਨ ਰੰਧਾਵਾ ਤੇ ਉਨ੍ਹਾਂ ਦੇ ਸਾਥੀਆਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੇ ਰਾਵੀ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਹੜ੍ਹ ਆਉਣ ਕਾਰਨ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਬਚਾਉਣ ਅਤੇ ਰਾਹਤ ਸਮੱਗਰੀ ਵੰਡਣ ਦਾ ਕੰਮ ਲਗਾਤਾਰ ਜਾਰੀ ਹੈ। ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਨਵ ਨਿਯੁਕਤ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਦੀ ਅਗਵਾਈ ਹੇਠ ਉਨ੍ਹਾਂ ਦੇ ਸਾਥੀਆਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡੀ ਗਈ। ਇਸ ਮੌਕੇ ਉਨ੍ਹਾਂ ਨਾਲ ਆਪ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਮੁਖਦੇਵ ਸਿੰਘ ਆਲੋਵਾਲ ਵੀ ਹਾਜ਼ਰ ਸਨ। ਇਸ ਮੌਕੇ ਗੱਲ ਕਰਦਿਆਂ ਨਵ-ਨਿਯੁਕਤ ਚੇਅਰਮੈਨ ਜੋਬਨ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਹਤ ਕਾਰਜ ਜਾਰੀ ਹਨ ਅਤੇ ਹੜ੍ਹ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ।

ਜੋਬਨ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਜਾ ਕੇ ਲੋਕਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ ਅਤੇ ਪ੍ਰਭਾਵਿਤ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕੀਤੀ ਜਾਵੇ।




## ਪਾਣੀ ਨਾਲ ਸਬੰਧਤ ਬਿਮਾਰੀਆਂ ਦੀ ਰੋਕਥਾਮ ਲਈ ਸਿਰਫ਼ ਉੱਬਲਿਆ ਜਾਂ ਕਲੋਰੀਨ ਵਾਲਾ ਪਾਣੀ ਹੀ ਪੀਓ: ਡੀ ਸੀ



**ਪੱਟੀ (ਬਲਦੇਵ ਸਿੰਘ ਸੰਧੂ)**-ਸਰਕਾਰ ਵੱਲੋਂ ਹੜ੍ਹਾਂ ਦੀ ਸਥਿਤੀ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ।ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੜ੍ਹਾਂ ਦੌਰਾਨ ਆਮ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਪਾਣੀ ਨਾਲ ਸਬੰਧਤ ਬਿਮਾਰੀਆਂ ਦੀ ਰੋਕਥਾਮ ਲਈ ਸਿਰਫ਼ ਉਬਲਿਆ ਜਾਂ ਕਲੋਰੀਨ ਵਾਲਾ ਪਾਣੀ ਪੀਓ, ਪਾਣੀ ਸਾਫ਼ ਢੱਕੇ ਹੋਏ ਭਾਂਡਿਆਂ ਵਿੱਚ ਸਟੋਰ ਕਰੋ। ਫਲ ਅਤੇ ਸਬਜ਼ੀਆਂ ਚੰਗੀ ਤਰ੍ਹਾਂ ਧੋ ਕੇ ਹੀ ਵਰਤੋ ਅਤੇ ਹੜ੍ਹ ਦੇ ਪਾਣੀ ਦੇ ਸੰਪਰਕ 'ਚ ਆਉਣ ਵਾਲਾ ਭੋਜਨ ਨਾ ਖਾਓ ।ਉਨ੍ਹਾਂ ਕਿਹਾ ਕਿ ਮੱਛਰਾਂ, ਮੱਖੀਆਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਖੜ੍ਹਾ ਪਾਣੀ (ਟੈਂਕ, ਟਾਇਰ, ਕੂਲਰ) ਖਾਲ੍ਹੀ ਕਰੋ।ਮੱਛਰਦਾਨੀ ਦੀ ਵਰਤੋਂ ਕਰੋ, ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨੋ, ਮੱਛਰ ਰੋਧਕ ਕਰੀਮ ਲਗਾਓ, ਪ੍ਰਭਾਵਿਤ ਖੇਤਰਾਂ ਵਿਚ ਫੌਗਿੰਗ, ਸਪਰੇਅ ਆਦਿ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸੱਪ ਦੇ ਕੱਟਣ ਤੋਂ ਬਚਣ ਲਈ ਸਾਨੂੰ ਰਾਤ ਨੂੰ ਪਾਣੀ ਵਾਲੇ ਇਲਾਕਿਆਂ 'ਚ ਟਾਰਚ, ਸੋਟੀ ਤੋਂ ਬਿਨਾ ਨਾ ਜਾਓ, ਖੱਡਾਂ, ਝਾੜੀਆਂ ਵਿੱਚ ਹੱਥ - ਪੈਰ ਨਾ ਪਾਓ, ਆਲੇ ਦੁਆਲੇ ਕੂੜਾ, ਪੱਥਰ, ਲੱਕੜ ਦੇ ਢੇਰ ਸਾਫ਼ ਰੱਖੋ ।

ਉਨ੍ਹਾਂ ਕਿਹਾ ਕਿ ਚਮੜੀ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਹੜ੍ਹ ਦੇ ਪਾਣੀ ਵਿੱਚ ਬਹੁਤੀ ਦੇਰ ਨਾ ਰਹੋ, ਸੁੱਕੇ ਕੱਪੜੇ ਪਹਿਨੋ, ਸਾਬਣ ਨਾਲ ਨਹਾਓ ਤੇ ਚਮੜੀ ਨੂੰ ਸੁਕਾਓ। ਇਨਫੈਕਸ਼ਨ ਹੋਣ 'ਤੇ ਡਾਕਟਰ ਨਾਲ ਸੰਪਰਕ ਕਰੋ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਕਾਰਜ ਜਾਰੀ, 2000 ਤੋਂ ਵੱਧ ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ

**ਗੁਰਦਾਸਪੁਰ, (ਜਨਕ ਮਹਾਜਨ)**-ਰਾਵੀ ਦਰਿਆ ਵਿਚ ਪਾਣੀ ਦਾ ਪੱਧਰ ਵੱਧਣ 'ਤੇ ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਇਲਾਕਿਆਂ ਨੂੰ ਹੜ੍ਹ ਦੀ ਮਾਰ ਝੱਲਣੀ ਪਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਜ਼ਿਲ੍ਹਾ ਗੁਰਦਾਸਪੁਰ ਦੇ ਬਹਿਰਾਮਪੁਰ ਵਿਖੇ ਹੜ੍ਹ ਪੀੜਤਾਂ ਦਾ ਹਾਲ ਵੀ ਜਾਣਿਆ ਸੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਤੇ ਬਚਾਅ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਰਾਵੀ ਦਰਿਆ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਲਗਾਤਾਰ ਰਾਹਤ ਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ। ਸ਼੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵਲੋਂ 2000 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਅੰਦਰ 12 ਰਾਹਤ ਕੈਂਪ ਬਣਾਏ ਗਏ ਹਨ। ਇਨ੍ਹਾਂ ਕੈਂਪਾਂ ਵਿੱਚ ਖਾਣੇ ਤੋਂ ਇਲਾਵਾ ਸੌਣ ਲਈ ਗੱਦੇ, ਸੁੱਕਾ ਰਾਸ਼ਨ, ਬਿਸਕੁਟ ਅਤੇ ਛੋਟੇ ਬੱਚਿਆਂ ਦੇ ਲਈ ਦੁੱਧ ਤੋਂ ਇਲਾਵਾ ਮੁੱਢਲੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਵਾਹਰ ਨਵੋਦਿਆ ਸਕੂਲ ਦਬੂੜੀ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ ਅਤੇ ਕੇਰਲਾ ਇੰਟਰਨੈਸ਼ਨਲ ਸਕੂਲ ਕਲਾਨੌਰ ਦੇ ਸਟਾਫ਼ ਨੂੰ ਰੈਸਕਿਊ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਲਾਨੌਰ ਦੇ ਬਖਸ਼ੀਵਾਲ ਪਿੰਡ ਵਿਚ ਇਕ ਨਵ-ਜਨਮੇ ਬੱਚੇ ਅਤੇ ਉਸਦੀ ਮਾਂ ਨੂੰ ਰੈਸਕਿਊ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਲਾਨੌਰ, ਗਾਹਲੜੀ ਅਤੇ ਬਾਹਮਣੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਖੁਦ ਦੌਰਾ ਕੀਤਾ ਗਿਆ ਹੈ।



## ਵਿਆਹ ਪੁਰਬ ਸਮਾਗਮਾਂ 'ਚ ਦੁਕਾਨਦਾਰਾਂ ਤੇ ਲੰਗਰ ਲਗਾ ਰਹੀਆਂ ਸੰਗਤਾਂ ਨੂੰ ਸਫਾਈ ਰੱਖਣ ਦੀ ਅਪੀਲ

**ਬਟਾਲਾ, (ਤਰਲੋਕ ਬੱਗਾ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਵੱਡਾ ਕਾਰਜ ਕਰਦਿਆਂ ਸ਼ਹਿਰ ਦੇ ਬਜਾਰਾਂ ਵਿੱਚ ਡਸਟਬੀਨ ਮੁਹੱਈਆ ਕਰਵਾਏ ਹਨ ਤਾਂ ਜੋ ਸ਼ਹਿਰ ਨੂੰ ਹੋਰ ਸੁਚਾਰੂ ਢੰਗ ਨਾਲ ਸਾਫ਼-ਸੁਥਰਾ ਰੱਖਿਆ ਜਾ ਸਕੇ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ ਅਤੇ ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ ਤੇ ਮਾਸਟਰ ਤਿਲਕ ਰਾਜ ਆਦਿ ਮੌਜੂਦ ਸਨ।ਗਾਂਧੀ ਚੌਕ ਬਟਾਲਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਸ਼ਹਿਰ ਨੂੰ ਸਾਫ਼-ਸੁਥਰਾ ਤੇ ਸੰਦਰ ਰੱਖਣ ਲਈ ਉਹ ਦਿਨ ਰਾਤ ਤਤਪਰ ਰਹਿੰਦੇ ਹਨ ਅਤੇ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ ਰਹੀ ਹੈ ਕਿ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੇ ਨਾਲ ਸ਼ਹਿਰ ਨੂੰ ਖੂਬਸੂਰਤ ਰੱਖਿਆ ਜਾ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਵਿਆਹ ਪੁਰਬ ਸਮਾਗਮਾਂ ਨੂੰ ਮੁੱਖ ਰੱਖਦਿਆਂ ਸ਼ਹਿਰ ਵਾਸੀਆਂ ਅਤੇ ਦੇਸ਼-ਵਿਦੇਸ ਵਿੱਚੋਂ ਆ ਰਹੀ ਸੰਗਤ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ ਅਤੇ ਆਪਸੀ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਸੁਚਾਰੂ ਢੰਗ ਨਾਲ ਸਫਲਤਾਪੂਰਵਕ ਨੇਪਰੇ ਚਾੜ੍ਹੇ ਜਾਣਗੇ।ਵਿਧਾਇਕ ਸ਼ੈਰੀ ਕਲਸੀ ਨੇ ਸ਼ਹਿਰ ਵਾਸੀਆਂ ਤੇ ਲੰਗਰ ਲਗਾਉਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਜਿਸ ਜਗ੍ਹਾ 'ਤੇ ਲੰਗਰ ਲਗਾ ਰਹੇ ਹਨ। ਉਸ ਜਗ੍ਹਾ ਨੂੰ ਸਾਫ ਸੁਥਰਾ ਰੱਖਣ।ਵੇਸਟੇਜ ਡਸਟਬੀਨ ਵਿੱਚ ਹੀ ਸੁੱਟੀ ਜਾਵੇ ਅਤੇ ਨਾਲ ਦੀ ਨਾਲ ਇਕੱਠੀ ਕਰਨ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪਵਿੱਤਰ ਨਗਰੀ ਬਟਾਲਾ ਨੂੰ ਸਾਫ਼-ਸੁਥਰਾ ਰੱਖੀਏ।



## ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕਰਨ ਲਈ ਸਿਹਤ ਵਿਭਾਗ ਨੇ ਕੈਂਪ ਲਗਾਇਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫਸਰ ਡਾ: ਬਲਜਿੰਦਰ ਸਿੰਘ ਭੁੱਲਰ ਅਤੇ ਬਲਾਕ ਖੇਤੀਬਾੜੀ ਅਫਸਰ ਡਾ :ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਵਿੱਚ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ ਅਤੇ ਸਬ ਇੰਸਪੈਕਟਰ ਸੰਦੀਪ ਕੁਮਾਰ ਨੇ ਪਰਾਲੀ ਦੀ ਸੁਚੱਜੀ ਵਰਤੋਂ ਬਾਰੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ।ਇਸ ਮੌਕੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਗਲੋਬਲ ਵਾਰਮਿੰਗ ਹੁੰਦੀ ਹੈ, ਇਸ ਨਾਲ ਵਾਤਾਵਰਨ ਖਰਾਬ ਹੁੰਦਾ ਹੈ, ਜੋ ਮਨੁੱਖੀ ਸਿਹਤ ਲਈ ਬਹੁਤ ਨੁਕਸਾਨਦਾਇਕ ਹੈ।ਉਕਤ ਅਧਿਕਾਰੀਆਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਗ ਲਗਾਉਣ ਨਾਲ ਖੇਤਾਂ ਵਿੱਚੋਂ ਮਿੱਤਰ ਕੀੜੇ ਵੀ ਮਰ ਜਾਂਦੇ ਹਨ ਅਤੇ ਜਮੀਨ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ।ਇਸ ਸਮੇਂ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਵੱਲੋਂ ਖੇਤੀ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਤੇ ਦਿੱਤੀ ਜਾਣ ਵਾਲੀ ਸਬਸਿਡੀ ਜਿਸ ਵਿੱਚ ਸੁੱਪਰਸੀਡਰ, ਸਰਫੇਸ ਸੀਡਰ, ਮਲਚਰ, ਬੇਲਰ, ਰੇਕਰ, ਜ਼ੀਰੋ ਡਰਿੱਲ ਅਤੇ ਉਲ਼ਟਾਵੇਂ ਹੱਲ ਆਦਿ ਬਾਰੇ ਵਿਸਥਾਰ ਨਾਲ ਦੱਸਿਆ।ਉਨ੍ਹਾਂ ਕਿਸਾਨਾਂ ਨੂੰ ਯੂਰੀਆ ਖਾਦ ਦੀ ਬੇਲੋੜੀ ਵਰਤੋਂ ਨਾ ਕਰਨ ਸਬੰਧੀ ਸੁਝਾਅ ਦਿੱਤਾ ਅਤੇ ਝੋਨੇ ਅਤੇ ਬਾਸਮਤੀ ਦੀਆਂ ਫਸਲਾਂ ਵਿੱਚ ਕੀੜੇ-ਮਕੋੜੇ ਅਤੇ ਦਵਾਈਆਂ ਸਬੰਧੀ ਅਹਿਮ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਨਾਲ ਮਨੁੱਖ ਦੇ ਫੇਫੜੇ ਵੀ ਪ੍ਰਭਾਵਿਤ ਹੁੰਦੇ ਹਨ ਅਤੇ ਸਾਹ ਨਾਲ ਸਬੰਧਿਤ ਕਈ ਬਿਮਾਰੀਆਂ ਹੋ ਸਕਦੀਆਂ ਹਨ।ਇਸ ਕੈਂਪ ਵਿੱਚ ਵਿੱਚ ਵੱਖ-ਵੱਖ ਪਿੰਡਾਂ ਤੋਂ ਲਗਭਗ 50 ਕਿਸਾਨਾਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿੱਚ ਕੰਬਾਈਨ ਮਾਲਕ, ਅਗਾਂਹਵਧੂ ਕਿਸਾਨ, ਪੰਚ-ਸਰਪੰਚ ਅਤੇ ਨੰਬਰਦਾਰਾਂ ਜੋ ਇਲਾਵਾ ਹੋਰ ਵੀ ਮੋਹਤਬਰ ਵਿਅਕਤੀ ਹਾਜ਼ਰ ਸਨ।



## ਹਾਸਰਸ ਕਵੀ ਚਰਨਜੀਤ ਸਿੰਘ ਅਜਨਾਲਾ ਦਾ ਸ਼ਰਧਾਂਜਲੀ ਸਮਾਗਮ ਭਲਕੇ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬੀ ਸੱਭਿਆਚਾਰ ਸੱਥ ਤੇ ਸਾਹਿਤ ਸੰਸਥਾ ਅੰਮ੍ਰਿਤਸਰ ਦੇ ਪ੍ਰਧਾਨ ਜਸਬੀਰ ਸਿੰਘ ਝਬਾਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਸਰਸ ਕਵੀ ਚਰਨਜੀਤ ਸਿੰਘ ਅਜਨਾਲਾ ਸਾਹਿਤਕ ਮਹਿਫ਼ਲਾਂ ਤੇ ਹਾਸਿਆਂ ਦੇ ਬਾਦਸ਼ਾਹ ਤੇ ਮਿਲਾਪੜੇ ਕਵੀ ਜੋ ਪਿਛਲੇ ਦਿਨੀਂ ਪਰਿਵਾਰ ਅਤੇ ਅਪਣੇ ਪਿਆਰੇ ਸੱਜਣਾਂ ਮਿਤਰਾਂ ਤੇ ਸਨੇਹੀਆਂ ਨੂੰ ਵਿਛੋੜਾ ਦੇ ਕੇ ਗਏ ਹਨ, ਦੇ ਪਰਿਵਾਰ ਵੱਲੋਂ 31 ਅਗਸਤ ਦਿਨ ਐਤਵਾਰ ਨੂੰ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦਵਾਰਾ ਸੁੰਦਰ ਨਗਰ ਖੈਰਾਬਾਦ ਰੋਡ ਅੰਮ੍ਰਿਤਸਰ ਵਿਖੇ ਹੋਵੇਗਾ। ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਅਭੁੱਲ ਯਾਦਾਂ ਨੂੰ ਤਾਜ਼ਾ ਕਰਨ ਲਈ ਸਮੂਹ ਲੇਖਕਾਂ ਅਤੇ ਕਵੀਆਂ ਨੂੰ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

## ਬਾਦਲ ਨੇ ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਹਲਕਾ ਤਰਨ ਤਾਰਨ ਤੋਂ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੀ ਚੋਣ ਮੁਹਿਮ ਨੂੰ ਤੇਜ਼ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਬੂਥ ਪੱਧਰ ਦੀਆਂ ਮੀਟਿੰਗਾਂ ਕਰਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।ਇਸੇ ਤਹਿਤ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ ਦੇ ਗ੍ਰਹਿ ਵਿਖੇ ਮੀਟਿੰਗ ਹੋਈ।ਇਸ ਸਮੇਂ ਉਚੇਚੇ ਤੌਰ 'ਤੇ ਪੁੱਜੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜੀ ਆਇਆਂ ਕਹਿੰਦਿਆਂ ਸਾਬਕਾ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਦੁਬਾਰਾ ਖੁਸ਼ਹਾਲ ਬਣਾਉਣ ਲਈ ਵੱਧ ਤੋਂ ਵੱਧ ਵੋਟਾਂ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਪਾ ਕੇ ਜਤਾਉਣ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਸਿਰਫ ਡਰਾਮੇਬਾਜ਼ੀ ਕਰ ਰਹੀਆਂ ਹਨ, ਵਿਕਾਸ ਵੱਲ ਕੋਈ ਧਿਆਨ ਨਹੀਂ। ਇਸ ਮੌਕੇ ਜ਼ਿਲਾ ਪ੍ਰਧਾਨ ਅਲਵਿੰਦਰ ਪਾਲ ਸਿੰਘ ਪੱਖੋਕੇ, ਜਨਰਲ ਸਕੱਤਰ ਇਕਬਾਲ ਸਿੰਘ ਸੰਧੂ, ਕੋਰ ਕਮੇਟੀ ਮੈਂਬਰ ਗੌਰਵਦੀਪ ਸਿੰਘ ਵਲਟੋਹਾ, ਸਾਬਕਾ ਚੇਅਰਮੈਨ ਹਰਵੰਤ ਸਿੰਘ ਝਬਾਲ, ਚੇਅਰਮੈਨ ਗੁਰਸੇਵਕ ਸਿੰਘ ਸੇਖ, ਅਜਮੇਰ ਸਿੰਘ ਕਾਕਾ ਛਾਪਾ, ਸਰਪੰਚ ਸੋਨੂੰ ਬਰਾੜ, ਸਾਬਕਾ ਸਰਪੰਚ ਮਨਜਿੰਦਰ ਸਿੰਘ ਐਮਾ, ਸਾਬਕਾ ਸਰਪੰਚ ਗੁਰਿੰਦਰ ਸਿੰਘ ਬਾਬਾ ਲੰਗਾਹ, ਸਾਬਕਾ ਸਰਪੰਚ ਪਰਮਜੀਤ ਸਿੰਘ ਬਘਿਆੜੀ, ਸਰਪੰਚ ਪ੍ਰਮਜੀਤ ਕੌਰ, ਦਿਲਬਾਗ ਸਿੰਘ ਮੈਂਬਰ ਪੰਚਾਇਤ, ਜਸਬੀਰ ਸਿੰਘ ਮੈਂਬਰ ਪੰਚਾਇਤ, ਲਖਬੀਰ ਕੌਰ ਮੈਂਬਰ ਪੰਚਾਇਤ, ਸਾਹਬ ਸਿੰਘ, ਬਗੀਚਾ ਸਿੰਘ, ਕਸ਼ਮੀਰ ਸਿੰਘ, ਮਨਜਿੰਦਰ ਸਿੰਘ ਬਾਬਾ, ਮੈਂਬਰ ਸਾਵਰਣ ਸਿੰਘ, ਚੰਦਰਾਜ ਸਿੰਘ, ਅੰਗਰੇਜ਼ ਸਿੰਘ, ਰੇਸ਼ਮ, ਕਸ਼ਮੀਰ ਸਿੰਘ, ਕਾਕੂ, ਵਿੱਕੀ, ਜਗੀਰ ਸਿੰਘ ਦੋਧੀ, ਦਲਜੀਤ ਸਿੰਘ, ਬਿੱਟੂ, ਗੋਪੀ ਮੈਂਬਰ, ਦਿਲਬਾਗ ਸਿੰਘ, ਚੌਧਰੀ ਕੁਲਵੰਤ ਸਿੰਘ ਗੋਰਾ ਸਰਪੰਚ, ਸਾਬਕਾ ਮੈਂਬਰ ਪੰਚਾਇਤ ਮਹਿੰਦਰ ਕੌਰ, ਪ੍ਰਧਾਨ ਲਖਵਿੰਦਰ ਕੌਰ, ਸਮਨਪ੍ਰੀਤ ਕੌਰ, ਪ੍ਰਕਾਸ਼ ਕੌਰ, ਬਾਪੂ ਪਿਆਰਾ ਸਿੰਘ ਹਾਜ਼ਰ ਸਨ।



## ਸੈਂਟ੍ਰਲ ਬੈਂਕ ਆਫ਼ ਇੰਡੀਆ ਨੇ ਪਿੰਡ ਮੱਲ੍ਹੀਆਂ ਵਿਖੇ ਵਿੱਤੀ ਸਮਾਵੇਸ਼ ਕੈਂਪ ਲਗਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸੈਂਟ੍ਰਲ ਬੈਂਕ ਆਫ਼ ਇੰਡੀਆ ਵੱਲੋਂ ਪਿੰਡ ਮੱਲ੍ਹੀਆਂ, ਤਰਨ ਤਾਰਨ ਵਿਖੇ ਵਿੱਤੀ ਸਮਾਵੇਸ਼ ਕੈਂਪ ਲਗਾਇਆ ਗਿਆ।ਇਸ ਕੈਂਪ ਦਾ ਮੁੱਖ ਉਦੇਸ਼ ਪਿੰਡ ਦੇ ਆਮ ਲੋਕਾਂ ਨੂੰ ਬੈਂਕਿੰਗ ਸੇਵਾਵਾਂ, ਸਰਕਾਰੀ ਯੋਜਨਾਵਾਂ ਅਤੇ ਵਿੱਤੀ ਸਿੱਖਿਆ ਨਾਲ ਜੋੜਨਾ ਸੀ ਤਾਂ ਜੋ ਉਹ ਆਪਣੀ ਜ਼ਿੰਦਗੀ ਵਿੱਚ ਵਿੱਤੀ ਮਜ਼ਬੂਤੀ ਹਾਸਲ ਕਰ ਸਕਣ।ਕੈਂਪ ਦੌਰਾਨ ਬੈਂਕ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਬੈਂਕਿੰਗ ਸੇਵਾਵਾਂ ਅਤੇ ਵੱਖ-ਵੱਖ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਕਿਵੇਂ ਬੈਂਕ ਦੀਆਂ ਸੁਵਿਧਾਵਾਂ ਦਾ ਸਹੀ ਤਰੀਕੇ ਨਾਲ ਲਾਭ ਲਿਆ ਜਾ ਸਕਦਾ ਹੈ।ਪਿੰਡ ਵਾਸੀਆਂ ਨੂੰ ਨਵੇਂ ਬੈਂਕ ਖਾਤੇ ਖੋਲ੍ਹਣ ਅਤੇ ਪੈਨਸ਼ਨ ਯੋਜਨਾਵਾਂ ਵਿੱਚ ਨਾਮ ਦਰਜ ਕਰਨ ਵਿੱਚ ਸਹਾਇਤਾ ਕੀਤੀ ਗਈ।ਇਸ ਤੋਂ ਇਲਾਵਾ ਲੋਕਾਂ ਨੂੰ ਵੱਖ-ਵੱਖ ਬੀਮਾ ਯੋਜਨਾਵਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਸੁਰੱਖਿਆ ਜਾਲ ਨਾਲ ਜੋੜਿਆ ਗਿਆ।ਇਸ ਕੈਂਪ ਦੀ ਸਫਲਤਾ ਲਈ ਬੈਂਕ ਦੇ ਉਚ ਅਧਿਕਾਰੀ ਵੀ ਹਾਜ਼ਰ ਰਹੇ, ਜਿਨ੍ਹਾਂ ਵਿੱਚ ਐਗਜ਼ੀਕਿਊਟਿਵ ਡਾਇਰੈਕਟਰ ਵਿਵੇਕ ਵਾਹੀ, ਜ਼ੋਨਲ ਹੈੱਡ ਅਰਵਿੰਦ ਕੁਮਾਰ, ਰੀਜਨਲ ਹੈੱਡ ਸਕੀਬ ਅਹਿਮਦ ਖ਼ਾਨ ਅਤੇ ਬ੍ਰਾਂਚ ਹੈੱਡ ਲਵਲੇਸ਼ ਅਵਸਥੀ ਸ਼ਾਮਲ ਸਨ।ਉਨ੍ਹਾਂ ਨੇ ਕੈਂਪ ਵਿੱਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਨੂੰ ਸਾਇਬਰ ਕ੍ਰਾਈਮ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਫੇਕ ਫੋਨ ਕਾਲਾਂ ਤੋਂ ਬਚਨ ਲਈ ਜਾਗਰੂਕ ਕੀਤਾ।ਕੈਂਪ ਵਿੱਚ ਸੈਂਕੜੇ ਲੋਕਾਂ ਨੇ ਭਾਗ ਲਿਆ। ਬਜ਼ੁਰਗਾਂ ਅਤੇ ਨੌਜਵਾਨਾਂ ਵੱਲੋਂ ਨਵੇਂ ਖਾਤੇ ਖੋਲ੍ਹਣ ਵਿੱਚ ਵੱਡੀ ਦਿਲਚਸਪੀ ਦਿਖਾਈ ਗਈ।ਮਹਿਲਾਵਾਂ ਨੇ ਵੀ ਵਿੱਤੀ ਸਿੱਖਿਆ ਸੈਸ਼ਨਾਂ ਵਿੱਚ ਚੰਗੀ ਹਿੱਸੇਦਾਰੀ ਕੀਤੀ, ਜਿਸ ਨਾਲ ਪਿੰਡ ਵਾਸੀਆਂ ਵਿੱਚ ਵਿੱਤੀ ਜਾਗਰੂਕਤਾ ਵਧੀ।ਸੈਂਟ੍ਰਲ ਬੈਂਕ ਆਫ਼ ਇੰਡੀਆ ਵੱਲੋਂ ਆਯੋਜਿਤ ਇਹ ਕੈਂਪ ਸਿਰਫ਼ ਵਿੱਤੀ ਸਮਾਵੇਸ਼ ਤੱਕ ਸੀਮਿਤ ਨਹੀਂ ਸੀ, ਬਲਕਿ ਇਸਦਾ ਮਕਸਦ ਲੋਕਾਂ ਨੂੰ ਆਤਮਨਿਰਭਰ ਬਣਾਉਣਾ ਅਤੇ ਆਰਥਿਕ ਵਿਕਾਸ ਵੱਲ ਪ੍ਰੇਰਿਤ ਕਰਨਾ ਵੀ ਸੀ।ਬੈਂਕ ਅਧਿਕਾਰੀਆਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਕੈਂਪਾਂ ਰਾਹੀਂ ਗ੍ਰਾਮੀਣ ਖੇਤਰਾਂ ਦੇ ਲੋਕਾਂ ਨੂੰ ਮੁੱਖ ਧਾਰਾ ਨਾਲ ਜੋੜਨ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਨੂੰ ਸੁਰੱਖਿਅਤ ਬੱਚਤ, ਕਰਜ਼ੇ ਦੀ ਸੁਵਿਧਾ, ਪੈਨਸ਼ਨ ਅਤੇ ਬੀਮਾ ਵਰਗੀਆਂ ਸਹੂਲਤਾਂ ਤੱਕ ਆਸਾਨ ਪਹੁੰਚ ਪ੍ਰਾਪਤ ਹੋਵੇਗੀ।






## ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦਾ ਖੇਡਾਂ ਵਿੱਚ ਵੱਖ-ਵੱਖ ਪੁਜ਼ੀਸ਼ਨਾਂ 'ਤੇ ਕਬਜ਼ਾ





**ਲੋਹੀਆਂ ਖਾਸ, (ਯੋਗੇਸ਼ਵਰ)**- ਪਿੰਡ ਸੀਚੇਵਾਲ ਹਾਕੀ ਸਟੇਡੀਅਮ (ਜਲੰਧਰ) ਵਿਖੇ ਜ਼ੋਨ 16, ਲੋਹੀਆਂ ਅਤੇ ਸ਼ਾਹਕੋਟ ਦੇ ਜ਼ੋਨਲ ਪੱਧਰ ਅਥਲੈਟਿਕ ਮੀਟ ਵਿਚ ਲੜਕੇ ਅਤੇ ਲੜਕੀਆਂ ਦੇ ਵਰਗ 14 ,17 ਅਤੇ ਵਰਗ 19 ਦੇ ਐਥਲੀਟ ਮੁਕਾਬਲੇ ਕਰਵਾਏ ਗਏ।ਇਹ ਐਥਲੈਟਿਕ ਮੀਟ ਜ਼ੋਨਲ ਪ੍ਰਧਾਨ ਅਤੇ ਜ਼ੋਨਲ ਸਕੱਤਰ ਦੀ ਅਗਵਾਈ ਵਿੱਚ ਕਰਵਾਏ ਗਏ ਜਿਨ੍ਹਾਂ ਵਿੱਚ ਜ਼ੋਨ ਦੇ ਸਾਰੇ ਸਕੂਲਾਂ ਨੇ ਵੱਧ ਚੜ੍ਹ ਕੇ ਭਾਗ ਲਿਆ।ਇਸ ਦੌਰਾਨ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ (ਜਲੰਧਰ) ਦੇ ਖੇਡ ਇੰਚਾਰਜ ਡੀ. ਪੀ. ਗੁਰਪ੍ਰੀਤ ਸਿੰਘ ਨੇ ਅਥਲੈਟਿਕ ਟੀਮਾਂ ਨੂੰ ਮੈਦਾਨ ਵਿੱਚ ਉਤਾਰਿਆ ਤੇ ਜਿਸ ਵਿੱਚ ਲੜਕੀ ਮਨਜੋਤ ਕੌਰ ਪੁੱਤਰੀ ਰਾਮ ਸਿੰਘ ਜਮਾਤ ਨੌਵੀਂ ਨੇ 100 ਮੀਟਰ ਦੌੜ, ਵਰਗ 17 ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ 200 ਮੀਟਰ ਦੌੜ, ਵਰਗ 17 ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਇਸੇ ਤਰ੍ਹਾਂ ਲੜਕਿਆਂ ਵਿਚੋ ਹਿੰਮਤਬੀਰ ਸਿੰਘ ਪੁੱਤਰ ਰਣਜੀਤ ਸਿੰਘ ਜਮਾਤ ਦਸਵੀਂ ਦੇ ਵਿਦਿਆਰਥੀ ਨੇ ਲੰਬੀ ਛਾਲ, ਵਰਗ 17 ਵਿੱਚ ਦੂਸਰਾ ਸਥਾਨ ਅਤੇ ਪਵਨਦੀਪ ਸਿੰਘ ਪੁੱਤਰ ਸਰਬਜੀਤ ਸਿੰਘ ਜਮਾਤ ਨੌਵੀਂ ਦੇ ਵਿਦਿਆਰਥੀ ਨੇ 200 ਮੀਟਰ ਦੌੜ, ਵਰਗ 17 ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਨੇ ਸਕੂਲ ਦੇ ਪ੍ਰਿੰਸੀਪਲ/ਡਿਪਟੀ ਡਾਇਰੈਕਟਰ ਸਰਗਮ ਥਿੰਦ ਅਤੇ ਡਾਇਰੈਕਟਰ ਸਸੱਦਾਮ ਖਾਨ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

## ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਹੜ੍ਹਾਂ ਨੂੰ ਲੈ ਕੇ ਹੰਗਾਮੀ ਮੀਟਿੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ਼੍ਰੀ ਹਰਗੋਬਿੰਦਪੁਰ ਕਾਦੀਆਂ ਦੀ ਹੰਗਾਮੀ ਮੀਟਿੰਗ ਪਿੰਡ ਮਠੋਲਾ ਵਿੱਚ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਅਤੇ ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਦੀ ਅਗਵਾਈ ਵਿਚ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਮੇਟੀ ਮੈਂਬਰ ਮਾਸਟਰ ਜਗੀਰ ਸਿੰਘ ਅਤੇਪੁਰ ਅਤੇ ਜ਼ਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਨੇ ਕਿਹਾ ਕਿ ਹੜ੍ਹਾਂ ਦਾ ਵਰਤਾਰਾ ਹਾਕਮ ਜਮਾਤਾਂ ਵੱਲੋਂ ਕੁਦਰਤੀ ਵਾਤਾਵਰਣ ਨੂੰ ਬਰਬਾਦ ਕਰਨ ਵਾਲੀਆਂ ਨੀਤੀਆਂ ਦਾ ਸਿੱਟਾ ਹੈ।ਦਲਾਲ ਭਾਰਤੀ ਹਾਕਮ ਇਕ ਪਾਸੇ ਜੰਗਲਾਂ ਪਹਾੜਾਂ ਨੂੰ ਤਬਾਹ ਕਰਕੇ ਕਾਰਪੋਰੇਟਾਂ ਦੇ ਹਵਾਲੇ ਕਰ ਰਹੇ ਹਨ ਜਿਸ ਨਾਲ ਕੁਦਰਤ ਦਾ ਸੰਤੁਲਨ ਵਿਗੜ ਰਿਹਾ ਹੈ ਉਥੇ ਦੂਜੇ ਪਾਸੇ ਕੁਰਰਤੀ ਆਫ਼ਤਾਂ/ਹੜ੍ਹਾਂ ਆਦਿ ਦੀ ਰੋਕਥਾਮ ਅਤੇ ਅਗਾਊਂ ਪੁਖਤਾ ਪ੍ਰਬੰਧ ਕਰਨ ਦੀ ਥਾਂ ਗੈਰ ਵਿਗਿਆਨਕ ਦਲੀਲਾਂ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ।ਆਗੂਆਂ ਨੇ ਕਿਹਾ ਕਿ ਹੜ ਪੀੜਤਾਂ ਦੀ ਸਹਾਇਤਾ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਹੜ ਪੀੜਤ ਦਰਜਨਾਂ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨੂੰ ਮੁਸੀਬਤ ਵਿੱਚ ਫਸੇ ਆਪਣੇ ਭਰਾਵਾਂ ਦੀ ਸਹਾਇਤਾ ਲਈ ਅੱਗੇ ਆਉਣ ਦੀ ਅਪੀਲ ਕੀਤੀ ਗਈ।ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਸਿੰਘ ਬਸਰਾਵਾਂ, ਖਜ਼ਾਨਚੀ ਅਮਰਜੀਤ ਸਿੰਘ ਅਤੇਪੁਰ, ਜਰਨੈਲ ਸਿੰਘ ਭਰਥ, ਜੁਗਿੰਦਰ ਸਿੰਘ ਮਠੋਲਾ, ਬਲਕਾਰ ਸਿੰਘ, ਹਰਜੀਤ ਸਿੰਘ ਮਠੋਲਾ ਅਤੇ ਕਸ਼ਮੀਰ ਸਿੰਘ ਮਠੋਲਾ ਆਦਿ ਹਾਜ਼ਰ ਸਨ।



## ਮਾਤਾ ਮਹਿੰਦਰ ਕੌਰ ਦੀ ਅੰਤਿਮ ਅਰਦਾਸ 'ਤੇ ਸ਼ਰਧਾਂਜਲੀ ਭੇਟ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰਜ਼ ਪੈਨਸ਼ਨਰਜ਼ ਐਸੋਸੀਏਸ਼ਨ ਅਜਨਾਲਾ ਮੰਡਲ ਯੂਨਿਟ ਦੇ ਸਕੱਤਰ ਸੱਤਪਾਲ ਸਿੰਘ ਪੁਰਬਾ ਦੀ ਮਾਤਾ ਮਹਿੰਦਰ ਕੌਰ ਦਾ ਭੋਗ ਅਤੇ ਅੰਤਿਮ ਅਰਦਾਸ ਬਾਬਾ ਦੀਪ ਸਿੰਘ ਅਜਨਾਲਾ ਗੁਰਦਵਾਰਾ ਸਾਹਿਬ ਵਿਖੇ ਵੈਰਾਗਮਈ ਕੀਰਤਨ ਅਤੇ ਅਰਦਾਸ ਤੋਂ ਉਪਰੰਤ ਜੋਗਿੰਦਰ ਸਿੰਘ ਕਿਸਾਨ ਆਗੂ ਅਜਨਾਲਾ ਅਤੇ ਹਰਭਜਨ ਸਿੰਘ ਝੰਜੋਟੀ ਵੱਲੋਂ ਮਾਤਾ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਸੱਤਪਾਲ ਸਿੰਘ ਪੁਰਬਾ ਦੇ ਰਿਸ਼ਤੇਦਾਰ, ਸੱਜਣ, ਮਿੱਤਰ ਤੇ ਸਿਆਸੀ ਪਾਰਟੀਆਂ ਦੇ ਆਗੂ ਅਤੇ ਪੈਨਸ਼ਨਰ ਆਗੂ ਬਲਵਿੰਦਰ ਸਿੰਘ ਛੀਨਾ, ਤਰਸੇਮ ਸਿੰਘ ਤੇੜੀ, ਸੋਮਨਾਥ ਮਰਵਾਹਾ, ਲਖਵਿੰਦਰ ਸਿੰਘ ਮਾਲਾਕੀੜੀ, ਅਵਤਾਰ ਸਿੰਘ, ਕੇਵਲ ਸਿੰਘ ਬਾਠ, ਦਲਜੀਤ ਸਿੰਘ ਜੇਈ, ਅਵਤਾਰ ਸਿੰਘ, ਰਣਜੀਤ ਸਿੰਘ ਭੱਖਾ ਆਦਿ ਪੈਨਸ਼ਨਰ ਹਾਜ਼ਰ ਸਨ।

## ਖ਼ਾਲਸਾ ਕਾਲਜ ਦਾ ਆਸਟਰੇਲੀਆ ਦੀ ਸ਼ਪੇਂਜ਼ਾ ਟੈਕਨਾਲੋਜੀਜ਼ ਕੰਪਨੀ ਨਾਲ ਹੋਇਆ ਅਹਿਮ ਸਮਝੌਤਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਖ਼ਾਲਸਾ ਕਾਲਜ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਨੇ ਆਸਟਰੇਲੀਆ ਦੀ ਪ੍ਰਮੁੱਖ ਟੈਕਨਾਲੋਜੀ ਕੰਪਨੀ 'ਸ਼ਪੇਂਜ਼ਾ ਟੈਕਨਾਲੋਜੀਜ਼' ਨਾਲ ਇਕ ਮਹੱਤਵਪੂਰਨ ਸਮਝੌਤਾ ਕੀਤਾ ਹੈ, ਜੋ ਗਲੋਬਲ ਅਕਾਦਮਿਕ ਉਦਯੋਗਿਕ ਸਹਿਯੋਗ ਦੀ ਨਵੀਂ ਪਹਿਚਾਣ ਹੈ। ਇਸ ਸਮਝੌਤੇ ਦਾ ਮੁੱਖ ਉਦੇਸ਼ ਅਕਾਦਮਿਕ ਸੰਸਥਾਵਾਂ ਅਤੇ ਉਦਯੋਗ ਵਿਚਕਾਰ ਸਹਿਯੋਗੀ ਮਾਹੌਲ ਬਣਾਉਣਾ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਦਯੋਗ ਨਾਲ ਸਬੰਧਿਤ ਤਾਲੀਮ ਅਤੇ ਹੁਨਰ ਵਿਕਾਸ ਕਾਰਜਕ੍ਰਮਾਂ ਰਾਹੀਂ ਸਮਰੱਥ ਬਣਾਇਆ ਜਾ ਸਕੇ। ਇਸ ਸਬੰਧੀ ਕਾਲਜ ਪ੍ਰਿੰ. ਡਾ. ਆਤਮ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਭਾਈਚਾਰਾ ਰੋਜ਼ਗਾਰ ਯੋਗਤਾ 'ਚ ਵਾਧਾ ਕਰਨ, ਤਕਨਾਲੋਜੀ ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਅਕਾਦਮਿਕ ਪਾਠਕ੍ਰਮ ਨੂੰ ਵਿਸ਼ਵ ਪੱਧਰੀ ਮਿਆਰਾਂ ਦੇ ਅਨੁਕੂਲ ਬਣਾਉਣ ਲਈ ਤੱਤਪਰ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਮੌਕੇ ਉਕਤ ਕੰਪਨੀ ਦੇ ਸੀ. ਈ. ਓ. ਸ: ਸੁਮਿਤ ਸਿੰਘ ਚੱਢਾ, ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ, ਵਿਭਾਗ ਮੁੱਖੀ ਡਾ. ਸੁਖਵਿੰਦਰ ਕੌਰ, ਟੈਕ ਏਰਾ ਸੋਸਾਇਟੀ ਸਹਿ-ਕੋਆਰਡੀਨੇਟਰ ਡਾ. ਮਨੀ ਅਰੋੜਾ ਅਤੇ ਕੰਪਿਊਟਰ ਸਾਇੰਸ ਵਿਭਾਗ ਫੈਕਲਟੀ ਡਾ. ਅਨੁਰੀਤ ਕੌਰ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉਕਤ ਸਮਝੌਤੇ ਤਹਿਤ ਸ਼ਪੇਂਜ਼ਾ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ, ਡੇਟਾ ਸਾਇੰਸ, ਮਸ਼ੀਨ ਲਰਨਿੰਗ, ਸਾਈਬਰ ਸੁਰੱਖਿਆ, ਕਲਾਊਡ ਕੰਪਿਊਟਿੰਗ ਅਤੇ ਹੋਰ ਉੱਭਰਦੀਆਂ ਤਕਨਾਲੋਜੀਆਂ 'ਚ ਆਨਲਾਈਨ ਅਤੇ ਆਫ-ਲਾਈਨ ਸਰਟੀਫਾਈਡ ਕੋਰਸ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਕਤ ਤਾਲਮੇਲ 'ਚ ਵਿਸ਼ੇਸ਼ ਤਾਲੀਮੀ ਮਾਡਿਊਲਾਂ ਦੀ ਰਚਨਾ ਅਤੇ ਡਿਲੀਵਰੀ, ਅਧਿਆਪਕ ਵਿਕਾਸ ਕਾਰਜਕ੍ਰਮ, ਟੈਕ ਟਾਕਸ, ਹੈਕਾਥਾਨ, ਵੈਬੀਨਾਰ ਅਤੇ ਸਾਂਝੇ ਸਰਟੀਫ਼ਿਕੇਸ਼ਨ ਇਨੀਸ਼ੀਏਟਿਵ ਵੀ ਸ਼ਾਮਿਲ ਹਨ। ਉਨ੍ਹਾਂ ਵਿਦਿਆਰਥੀਆਂ ਦੀ ਭਵਿੱਖੀ ਤਿਆਰੀ 'ਚ ਉਦਯੋਗਿਕ ਅਨੁਭਵ ਅਤੇ ਵਿਸ਼ਵ ਪੱਧਰੀ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿਸ਼ਵਾਸ਼ ਦਿਵਾਇਆ ਕਿ ਸ਼ਪੇਂਜ਼ਾ ਨਾਲ ਇਹ ਸਾਂਝ ਵਿਦਿਆਰਥੀਆਂ ਲਈ ਨਵਾਂ ਕੁਝ ਸਿੱਖਣ ਦਾ ਰਾਹ ਪੱਧਰਾ ਕਰੇਗਾ।



29 Aug Page 12.qxd 8/29/2025 9:34 PM Page 1





ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁੱਭ ਵਿਆਹ ਮੌਕੇ
ਮਜੀਠਾ ਦੇ ਸ਼ੁੱਭਚਿੰਤਕਾਂ ਵੱਲੋਂ
ਨਾਨਕ ਨਾਮ ਲੇਵਾ ਸੰਗਤਾਂ ਨੂੰ
ਲੱਖ- ਲੱਖ ਵਧਾਈਆਂ



ਪੱਤਰਕਾਰ ਸੋਹਿਮ ਆਨੰਦ
ਨਵਾਂ ਜ਼ਮਾਨਾ (ਮਜੀਠਾ)



ਡਾ. ਐਮ.ਐਮ. ਆਨੰਦ
ਚੇਅਰਮੈਨ ਆਨੰਦ ਗਰੁੱਪ ਆਫ ਕਾਲਜ



ਸੁਰਯਾ ਆਨੰਦ
ਐਮ. ਡੀ. ਆਨੰਦ ਗਰੁੱਪ ਆਫ ਕਾਲਜ



ਜਗਵਿੰਦਰਪਾਲ ਸਿੰਘ ਜੱਗਾ ਮਜੀਠਾ
ਸੀਨੀਅਰ ਆਪ ਆਗੂ, ਮਜੀਠਾ



ਬਲਬੀਰ ਸਿੰਘ ਬੋਪਾਰਾਏ
ਪ੍ਰਧਾਨ ਕਿਸਾਨ ਵਿੰਗ, ਆਪ ਦਿਹਾਤੀ



ਕੁਲਦੀਪ ਸਿੰਘ ਕਾਹਲੋਂ
ਸ਼ੋਸ਼ਲ ਵਰਕਰ, ਮਜੀਠਾ



ਬਲਕਾਰ ਸਿੰਘ ਦੁਧਾਲਾ
ਸੀ.ਪੀ. ਆਈ ਆਗੂ



ਡਾ. ਅਮਰਦੀਪ ਸਿੰਘ ਗਿੱਲ, ਮਜੀਠਾ
ਖੇਤੀਬਾੜੀ ਵਿਸਤਾਰ ਅਫਸਰ



ਜਸਕਰਨ ਸਿੰਘ ਭੰਗੂ, ਪ੍ਰਧਾਨ
ਆੜ੍ਹਤੀ ਐਸੋਸਿਏਸ਼ਨ, ਮਜੀਠਾ



ਸੁੱਖਚੈਨ ਸਿੰਘ ਭੰਗੂ
ਆੜ੍ਹਤੀ , ਦਾਣਾ ਮੰਡੀ ਮਜੀਠਾ



ਕਾਬਲ ਸਿੰਘ ਗਿੱਲ
ਆੜ੍ਹਤੀ , ਦਾਣਾ ਮੰਡੀ ਮਜੀਠਾ



ਦੀਪਕ ਮਰਵਾਹਾ
ਆੜ੍ਹਤੀ , ਦਾਣਾ ਮੰਡੀ ਮਜੀਠਾ



ਸੁਰਜੀਤ ਸਿੰਘ
ਗੁਰੂ ਗਿਆਨ ਸੰਗੀਤ ਅਕੈਡਮੀ, ਮਜੀਠਾ



ਕੁਲਦੀਪ ਵਰਮਾ, ਚੇਅਰਮੈਨ
ਮੰਦਿਰ ਕਮੇਟੀ ਬਾਬਾ ਲਾਲ ਜੀ



ਕੁਲਵੰਤ ਸਿੰਘ (ਕਿੱਟੂ)
ਐਚ. ਐਸ ਸਟਰਿੰਗ ਸਟੋਰ



ਮਨਦੀਪ ਸਿੰਘ ਭੰਗੂ
ਬੇਗੇਵਾਲ



ਦੀਪਕ ਕੁਮਾਰ
ਬੱਬੇਵਾਲ



ਪ੍ਰਿਥੀਪਾਲ ਸਿੰਘ
ਹਰੀਆਂ



ਜਰਨੈਲ ਸਿੰਘ ਤੱਗੜ
ਕੱਥੂਨੰਗਲ




ਰਜਿੰਦਰ ਸਿੰਘ
ਕੱਥੂਨੰਗਲ



ਬਿਕਰਮਜੀਤ ਸਿੰਘ, ਵਿੱਕੀ
ਚਵਿੰਡਾ ਦੇਵੀ



ਪ੍ਰਮੋਦ ਕੁਮਾਰ ਸ਼ਰਮਾ
ਮੈਕਸਕੌਮ, ਮਜੀਠਾ



ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁੱਭ ਵਿਆਹ ਮੌਕੇ

# ANAND GROUP OF COLLEGES

JETHUWAL, BATALA ROAD, AMRITSAR

ਵੱਲੋਂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਲੱਖ- ਲੱਖ ਵਧਾਈਆਂ

## COLLEGE OF EDUCATION

M.Ed. B.Ed. E.T.T.

## 10+1 & 10+2 (Senior Secondary School)

## COLLEGE OF NURSING

ANM GNM B.Sc. Nursing

Post Basic Nursing

**ADMISSION OPEN**

## CERTIFICATE & DIPLOMA COURSES

- Certificate Course in Operation Theater Attendent
- Certificate Course in Home based Care Helper
- Certificate Course in Emergency cum Ambulance Attendant
- Certificate Course in Hospital and Home based Care Attendant
- Bridge Programme Certificate in Community Health Nursing (BPCCHN)

**M: 98557-08989,98143-09907**